# ਨਾਮਧਾਰੀ ਇਤਿਹਾਸ
## -ਸੰਖੇਪ

ਤਾਰਾ ਸਿੰਘ ਅਨਜਾਣ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਨਾਮਧਾਰੀ ਇਤਿਹਾਸ—ਸੰਖੇਪ

**(2004 ਤੱਕ)**

Namdhari Elibrary NamdhariElibrary@gmail.com

## ਲੇਖਕ ਦੀਆਂ ਹੋਰ ਪ੍ਰਕਾਸ਼ਨਾਵਾਂ

### ਮੌਲਿਕ ਰਚਨਾਵਾਂ

- ❖ ਸਭਹਨ ਕੇ ਸਿਰਮੌਰ (ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਜੀਵਨੀ
- ❖ ਸਾਹਿਬ ਗੁਣੀ ਗਹੇਹਾ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਜੀਵਨੀ
- ❖ ਸ਼ਹੀਦ ਬਾਬਾ ਲਹਿਣਾ ਸਿੰਘ (ਜੀਵਨੀ)
- ❖ ਸੇਵਕ ਸੱਚੇ ਸਾਹ ਕੇ (ਵਿਅਕਤੀ-ਚਿੱਤਰ)
- ❖ ਆਪਣੇ ਰੂ-ਬਰੂ (ਨਿਬੰਧ ਸੰਗ੍ਰਹਿ)
- ❖ ਅਸਾਂ ਕੀ ਖੱਟਿਆ (ਨਿਬੰਧ ਸੰਗ੍ਰਹਿ)
- ❖ ਅੰਧੇਰੈ ਦੀਪਕ ਬਾਲੀਐ (ਨਿਬੰਧ ਸੰਗ੍ਰਹਿ)
- ❖ ਵਾਰ ਸ੍ਰੀ ਭਗਉਤੀ ਜੀ ਕੀ (ਇੱਕ ਅਧਿਐਨ)

### ਸਹਿ-ਸੰਪਾਦਨਾਵਾਂ

- ❖ ਕਥਾ-ਕਹਾਣੀ
- ❖ ਬਡ ਪਰਤਾਪੁ ਸੁਨਿਓ ਪ੍ਰਭੁ ਤੁਮਰੋ
- ❖ ਵਡ ਪਰਤਾਪੁ ਅਚਰਜ-ਰੂਪ
- ❖ ਪਰਤਾਪ ਸਦਾ ਗੁਰ ਕਾ ਘਟਿ ਘਟਿ
- ❖ ਪੰਜਾਬੀ ਪਾਠ ਪੁਸਤਕ ਭਾਗ-੧
- ❖ ਸਾਹਿਤ ਦੀਪਿਕਾ ਭਾਗ-੧ ਅਤੇ ੨
- ❖ ਗਿਆਨ ਰਿਸ਼ਮਾਂ ਭਾਗ ੧ ਤੋਂ ੫

### ਸੰਪਾਦਨਾਵਾਂ

- ❖ ਪੰਜਾਬੀ ਪਾਠ ਪੁਸਤਕ ਭਾਗ-੨
- ❖ ਪੰਜਾਬੀ ਪਾਠ ਪੁਸਤਕ ਭਾਗ-੩
- ❖ ਰਾਮ ਵਿਯੋਗੀਆਂ ਦੇ ਬਾਰਾਂਮਾਹ

### ਅਨੁਵਾਦ

- ❖ ਸਾਡੇ ਲਾਭਦਾਇਕ ਬੂਟੇ

### ਹਿੰਦੀ

- ❖ बाबा लहणा सिंह शहीद

### ਵਿਦੇਸ਼ ਯਾਤਰਾਵਾਂ

- ❖ ਨੇਪਾਲ, ਥਾਈਲੈਂਡ, ਯੂ. ਐਸ. ਏ., ਕਨੇਡਾ, ਯੂ. ਕੇ., ਦੱਖਣੀ ਅਫ਼ਰੀਕਾ, ਕੀਨੀਆ, ਤਨਜ਼ਾਨੀਆ, ਮਯਾਂਮਾਰ

### ਸਨਮਾਨ

| | |
|---|---|
| 1982 | ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ, ਸੇਵਾ ਸਨਮਾਨ |
| 1990 | ਪੰਜਾਬੀ ਅਕਾਦਮੀ ਦਿੱਲੀ ਵਲੋਂ ਪੰਜਾਬੀ ਭਾਸ਼ਾ ਸੇਵਾ ਸਨਮਾਨ |
| 1997 | ਆਚਾਰੀਆ ਸ੍ਰੀ ਪਦਮ ਸਾਗਰ ਸੂਰੀ ਚਤੁਰਮਾਸ ਸਮਿਤੀ ਦਿੱਲੀ |
| 2003 | ਮਾਸਟਰ ਨਿਹਾਲ ਸਿੰਘ ਯਾਦਗਾਰੀ ਸਨਮਾਨ |
| 2004 | ਵੁਲਵਰਹੈਂਪਟਨ ਇੰਟਰਫੇਥ ਗਰੁਪ ਯੂ. ਕੇ. ਵਲੋਂ ਸਨਮਾਨ |

Namdhari Elibrary NamdhariElibrary@gmail.com

# ਨਾਮਧਾਰੀ ਇਤਿਹਾਸ—ਸੰਖੇਪ

## (2004 ਤੱਕ)

ਤਾਰਾ ਸਿੰਘ ਅਨਜਾਣ

**ਨਾਮਧਾਰੀ ਦਰਬਾਰ**

**ਸ੍ਰੀ ਭੈਣੀ ਸਾਹਿਬ (ਪੰਜਾਬ)**

Namdhari Elibrary NamdhariElibrary@gmail.com

NAMDHARI ITIHAS—BRIEF

Upto 2004

**By :**

**Tara Singh Anjan**

© ਨਾਮਧਾਰੀ ਦਰਬਾਰ

ਪਹਿਲੀ ਵਾਰ — ਬਸੰਤ ਪੰਚਮੀ 2005

ਪ੍ਰਕਾਸ਼ਕ :
ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ
ਜ਼ਿਲ੍ਹਾ ਲੁਧਿਆਣਾ (ਪੰਜਾਬ)–141126

*ਟਾਈਪ ਸੈਟਿੰਗ :*
ਕੈਡਕੋਨ,
E-mail : cadcon_inc@yahoo.com

*ਛਾਪਕ :*
ਭਾਰਤੀ ਪ੍ਰਿੰਟਰਜ਼
ਨਵੀਨ ਸ਼ਾਹਦਰਾ, ਦਿੱਲੀ—32

ਮੁੱਲ : 40/- ਰੁਪਏ

Namdhari Elibrary NamdhariElibrary@gmail.com

## *ਸਮਰਪਣ*


ਪੰਥ ਦੇ ਰਹਿਬਰ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਨੂੰ

Namdhari Elibrary NamdhariElibrary@gmail.com

Namdhari Elibrary NamdhariElibrary@gmail.com




ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਜਿੱਤੇ ਰੰਧਾਵੇ ਨਾਲ ਗੋਸ਼ਟ ਕਰਦੇ ਹੋਏ ।

Namdhari Elibrary NamdhariElibrary@gmail.com


Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਬਾਣੀ ਦੀ ਰਚਨਾ ਕਰਦੇ ਹੋਏ ।

Namdhari Elibrary NamdhariElibrary@gmail.com


Namdhari Elibrary NamdhariElibrary@gmail.com




ਸ੍ਰੀ ਸਤਿਗੁਰੂ ਰਾਮ ਸਿੰਘ ਜੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਤਤਕਰਾ


| | | | |
|---|---|---|---|
| 1. | ਗੁਰੂ-ਸਿੱਖ ਪਰੰਪਰਾ | ...... | 9 |
| 2. | ਸੁਤੰਤਰਤਾ ਲਈ ਪਹਿਲ ਕਦਮੀ | ...... | 13 |
| 3. | ਜਥੇਬੰਦੀ ਦੇ ਵਧਦੇ ਕਦਮ | ...... | 17 |
| 4. | ਹਕੂਮਤ ਨੂੰ ਕਾਲ ਵਰਗਾ ਭੈਅ | ...... | 31 |
| 5. | ਸਖ਼ਤੀਆਂ ਦਾ ਝੱਖੜ | ...... | 39 |
| 6. | ਗੁਲਾਮੀ ਦੇ ਅੰਧਕਾਰ ਵਿਰੁੱਧ ਲੋਅ | ...... | 42 |
| 7. | ਸੁਤੰਤਰਤਾ ਲਈ ਸਾਥ-ਸਾਥ | ...... | 49 |
| 8. | ਮੁੜ ਵਸੇਬਾ ਤੇ ਸਮਾਜ ਉਸਾਰੀ | ...... | 58 |
| 9. | ਸੰਗਠਨ ਤੇ ਪ੍ਰਸਾਰ | ...... | 66 |
| 10. | ਉਡਾਣਾਂ ਹੋਰ ਉਚੇਰੀਆਂ | ...... | 74 |
| 11. | ਨਾਮਧਾਰੀ ਸਿਧਾਂਤਾਂ ਦੀ ਪ੍ਰਸੰਗਿਕਤਾ | ...... | 85 |


Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਗੁਰੂ-ਸਿੱਖ ਪਰੰਪਰਾ

ਨਾਮਧਾਰੀ ਸਿੱਖ ਹਨ, ਸਤਿਗੁਰੂ ਦੇ ਸਿੱਖ। ਸਿੱਖ ਤੇ ਗੁਰੂ ਦਾ ਸੰਬੰਧ ਸਿੱਖਣ ਸਿਖਾਉਣ ਜਿੰਨਾਂ ਪੁਰਾਣਾ ਹੈ। ਮਨੁੱਖ ਨੂੰ ਆਦਿ ਕਾਲ ਤੋਂ ਸਿੱਖਣ ਦੀ ਲੋੜ ਰਹੀ ਹੈ ਸੋ ਉਹ ਗਿਆਨ ਪ੍ਰਾਪਤੀ ਲਈ ਗੁਰੂ, ਸਤਿਗੁਰੂ ਦੀ ਸ਼ਰਨ ਵਿੱਚ ਆਉਂਦਾ ਹੈ। ਸਿੱਖ ਸ਼ਬਦ ਵੀ ਸੰਸਕ੍ਰਿਤ, ਪਾਲੀ, ਅਪਭ੍ਰੰਸ਼, ਪ੍ਰਾਕ੍ਰਿਤਕ ਦਾ ਤਦਭਵ ਰੂਪ ਹੈ।

ਸੰਸਾਰ ਵਿੱਚ ਅੱਜ ਸਿੱਖ ਸ਼ਬਦ ਦਾ ਸਿੱਧਾ ਸੰਬੰਧ ਸਿੱਖ ਧਰਮ ਨਾਲ ਜੁੜਦਾ ਹੈ। ਸਿੱਖ ਧਰਮ ਉਹ ਧਰਮ ਹੈ ਜਿਹੜਾ ਗੁਰੂ ਨਾਨਕ ਤੇ ਉਸ ਪਰੰਪਰਾ ਵਿੱਚ ਆਏ ਸਤਿਗੁਰੂ ਸਾਹਿਬਾਨ ਦੀ ਮਾਣ-ਮਰਯਾਦਾ ਦਾ ਧਾਰਨੀ ਹੈ। ਇਨ੍ਹਾਂ ਦਾ ਪੰਜ ਕੁ ਸੌ ਸਾਲ ਦਾ ਸ਼ਾਨਾਂਮੱਤਾ ਇਤਿਹਾਸ ਹੈ। ਇਹਨਾਂ ਦੇ ਧਰਮ ਗ੍ਰੰਥ, ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਹਨ। ਪਹਿਲੇ ਗ੍ਰੰਥ ਦੀ ਸੰਪਾਦਨਾਂ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਕੀਤੀ। ਦੂਜਾ ਗ੍ਰੰਥ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਦੋਹਾਂ ਵਿਚ ਅੰਕਿਤ ਕਾਵਿ ਰਚਨਾ ਨੂੰ ਬਾਣੀ ਕਿਹਾ ਜਾਂਦਾ ਹੈ ਤੇ ਇਹਨਾਂ ਦਾ ਪਾਠ ਬੜੇ ਆਦਰ ਸਤਿਕਾਰ ਨਾਲ, ਸੁੱਚ ਪਵਿਤਰਤਾ ਰੱਖ ਕੇ ਕੀਤਾ ਜਾਂਦਾ ਹੈ। ਨਾਮਧਾਰੀ ਸਿੱਖਾਂ ਨੂੰ ਬਾਣੀ ਨੂੰ ਅਧਾਰ ਮੰਨ ਕੇ ਮਰਯਾਦਾ ਅਨੁਸਾਰ ਚੱਲਣ ਦਾ ਹੁਕਮ ਹੈ।

ਗੁਰਬਾਣੀ ਅਨੁਸਾਰ ਅਕਾਲ ਪੁਰਖ ਸਮੇਂ ਸਮੇਂ ਅਵਤਾਰ ਧਾਰਦਾ ਰਿਹਾ ਹੈ ਅਤੇ ਭੁੱਲੇ ਭਟਕੇ ਮਨੁੱਖਾਂ ਨੂੰ ਸੱਚਾ ਸੁੱਚਾ ਜੀਵਨ ਜੀਵਨ ਜਿਉਣ ਦੀ ਸੁਮੱਤ ਬਖ਼ਸ਼ਦਾ ਰਿਹਾ ਹੈ। ਇਹ ਪਰੰਪਰਾ ਚਹੁੰ ਜੁਗਾਂ, ਸਤਿਜੁਗ, ਤ੍ਰੇਤਾ, ਦੁਆਪਰ, ਕਲਜੁਗ ਤੋਂ ਚਲਦੀ ਆਈ ਹੈ ਤੇ ਚੱਲ ਰਹੀ ਹੈ। ਸਿੱਖ ਗੁਰੂ ਸਾਹਿਬਾਨ ਏਸੇ ਪਰੰਪਰਾ ਵਿੱਚ ਆਏ ਹਨ।

*ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ।।*
*ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ।।*
*ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।।*
*ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ।।*
*ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ।।*
*ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ।।*

*-ਸ੍ਰੀ ਆਦਿ ਗ੍ਰੰਥ ਸਾਹਿਬ*

ਇਸ ਅਧਿਆਤਮਿਕ ਪਰੰਪਰਾ ਦਾ ਨਿਸ਼ਾਨਾ ਮਨੁੱਖ ਨੂੰ ਸਰਬਸ਼ਕਤੀਮਾਨ, ਪਾਰਬ੍ਰਹਮ ਨਾਲ ਜੋੜਨਾ ਹੈ ਨਹੀਂ ਤਾਂ ਦਸਮ ਪਾਤਸ਼ਾਹ ਅਨੁਸਾਰ ਬਹੁਤ ਸਾਰੇ ਪੀਰ ਪੈਗੰਬਰ, ਦੇਵੀ ਦੇਵਤੇ, ਇਸ ਸੰਸਾਰ ਉਤੇ ਆਏ। ਉਹਨਾਂ ਪਾਰਬ੍ਰਹਮ ਦੀ ਲਖਤਾ ਕਰਾਉਣ ਦੀ ਥਾਂ ਆਪਣੀ ਪੂਜਾ ਕਰਾਉਣੀ ਸ਼ੁਰੂ ਕਰ ਦਿੱਤੀ।

ਇਸ ਅਧਿਆਤਮਿਕ ਪਰੰਪਰਾ ਦੇ ਨਾਲ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਨੁਸਾਰ ਉਹਨਾਂ ਦਾ ਅਤੇ ਗੁਰੂ ਨਾਨਕ ਦੇਵ ਜੀ ਦਾ ਪਿਛੋਕੜ ਰਘੁਵੰਸ਼ੀ ਭਗਵਾਨ ਰਾਮ



Namdhari Elibrary NamdhariElibrary@gmail.com

ਨਾਲ ਮਿਲਦਾ ਹੈ।

ਆਪ ਜੀ ਨੇ ਬਿਚਿਤ੍ਰ ਨਾਟਕ ਵਿਚ ਲਿਖਿਆ ਹੈ ਕਿ ਸੂਰਜ ਬੰਸ ਦਾ ਵੱਡਾ ਵਡੇਰਾ ਰਘੂ ਹੋਇਆ ਹੈ। ਉਸ ਦਾ ਪੁਤਰ ਮਹਾਂਧਨੁਰਧਰ ਅਜ ਅਤੇ ਅਜ ਦਾ ਦਸ਼ਰਥ ਜਿਸ ਦੇ ਚਾਰ ਰਾਜਕੁਮਾਰਾਂ ਵਿੱਚੋਂ ਸਭ ਤੋਂ ਵਡੇ ਭਗਵਾਨ ਰਾਮ। ਉਹਨਾਂ ਦੇ ਦੋ ਰਾਜ ਕੁਮਾਰ ਲਵ ਤੇ ਕੁਸ਼ ਸਨ ਜਿਨ੍ਹਾਂ ਨੇ ਲਾਹੌਰ ਤੇ ਕਸੂਰ (ਦੋਵੇਂ ਪਾਕਿਸਤਾਨ ਵਿਚ) ਸ਼ਹਿਰ ਬੱਧੇ। ਉਹਨਾਂ ਤੋਂ ਅਗੇ ਸੋਢੀ ਤੇ ਬੇਦੀ ਹੋਏ। ਸੋਢੀ ਜਿੱਤਾਂ ਪ੍ਰਾਪਤ ਕਰਕੇ ਰਾਜ ਕਰਦੇ ਰਹੇ ਤੇ ਬੇਦੀ ਕਾਂਸ਼ੀ (ਬਨਾਰਸ) ਚਲੇ ਗਏ ਤੇ ਵੇਦਾਂ ਦਾ ਪਾਠ ਕਰਨ ਵਿਚ ਮਾਹਿਰ ਹੋ ਗਏ। ਅਤੇ

*ਤਿਨ ਬੇਦੀਯਨ ਕੇ ਕੁਲ ਬਿਖੇ ਪ੍ਰਗਟੇ ਨਾਨਕ ਰਾਇ।।*
*ਸਭ ਸਿੱਖਨ ਕੋ ਸੁਖ ਦਏ ਜੱਹ ਤੱਹ ਭਏ ਸਹਾਇ।। –ਬਿਚ੍ਰਿਤ ਨਾਟਕ*

ਸੋਢੀ ਨਰੇਸ਼ ਦੇ ਸੱਦੇ ਉਤੇ ਬੇਦੀ ਮਦਰ ਦੇਸ (ਪੰਜਾਬ) ਆਏ ਸਨ। ਉਹਨਾਂ ਨੇ ਸੋਢੀ ਰਾਜੇ ਨੂੰ ਬੜੇ ਵਧੀਆ ਢੰਗ ਨਾਲ ਤਿੰਨਾਂ ਵੇਦਾਂ—ਰਿਗ ਵੇਦ, ਸਾਮ ਵੇਦ, ਯਜੁਰ ਵੇਦ ਦਾ ਪਾਠ ਸੁਣਾਇਆ। ਜਦੋਂ ਚੌਥੇ ਵੇਦ ਅਥਰਵ ਵੇਦ ਦਾ ਪਾਠ ਸੁਣਾਇਆ, ਉਹ ਏਨਾ ਪ੍ਰਭਾਵਿਤ ਹੋਇਆ ਕਿ ਉਹਨਾਂ ਨੂੰ ਰਾਜ ਭਾਗ ਦੇ ਕੇ ਬਨਾਰਸ ਚਲਾ ਗਿਆ। ਬੇਦੀਆਂ ਕਲਜੁਗ ਵਿਚ ਕਲ ਤਾਰਨ ਆਏ ਨਾਨਕ ਦਾ ਆਉਣਾ ਕਹਿ ਕੇ ਕਿਹਾ–

*ਤ੍ਰਿਤਿਯ ਬੇਦ ਸੁਨਬੇ ਤੁਮ ਕੀਆ॥ ਚਤੁਰ ਬੇਦ ਸੁਨਿ ਭੂਅ ਕੋ ਦੀਆ॥*
*ਤੀਨ ਜਨਮ ਹਮਹੂੰ ਜਬ ਧਰਿ ਹੈ॥ ਚੌਥੇ ਜਨਮ ਗੁਰੂ ਤੁਹਿ ਕਰਿ ਹੈ॥*
*--ਬਿਚਿਤ੍ਰ ਨਾਟਕ*

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਕਾਲ (1469 ਈ–1539 ਈ) ਵਿੱਚ ਮਹਿਸੂਸ ਕੀਤਾ ਮਨੁੱਖ ਅਧਿਆਤਮਿਕ ਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਭੁੱਲ ਚੁਕਿਆ ਹੈ। ਰਾਜਾ ਆਪਣੇ ਧਰਮ ਦਾ ਪਾਲਣ ਨਹੀਂ ਕਰਦਾ ਤੇ ਪਰਜਾ ਗਿਆਨ ਬਿਨਾਂ ਅੰਨ੍ਹੀ ਹੈ।ਪਰਜਾ ਵਿੱਚ ਜਾਗ੍ਰਿਤੀ ਲਿਆਉਣ ਵਾਲੇ ਜਾਂ ਸ਼ਾਸਕਾਂ ਦੇ ਜੀ ਹਜ਼ੂਰ ਬਣ ਬੈਠੇ ਹਨ ਜਾਂ ਪਹਾੜਾਂ ਉਤੇ ਤਪ ਕਰਨ ਜਾ ਬੈਠੇ ਹਨ। ਉਹਨਾਂ ਦਾ ਦ੍ਰਿਸ਼ਟੀਕੋਣ ਭਾਂਜਵਾਦੀ ਹੈ। ਬੁਧੀਜੀਵੀਆਂ ਅਤੇ ਬਾਹੂਬਲ ਧਾਰਨੀਆਂ ਦੀ ਸੱਤਾ ਨਾਲ ਸਾਂਝ ਐਸੀ ਹੈ ਕਿ :

*–ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲ ਕੀਆ।।*
*– ਨੀਲ ਬਸਤ੍ਰ ਪਹਿਰਿ ਹੋਵਹਿ ਪਰਵਾਣੁ*
*ਮਲੇਛ ਧਾਨੁ ਲੇ ਪੂਜਹਿ ਪੁਰਾਣੁ।। –ਆਸਾ ਦੀ ਵਾਰ ਮਹਲਾ ੧* ਅਤੇ
*ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ। –ਮਹਲਾ ੧*

ਪੰਡਿਤ ਦਿਸਣ ਨੂੰ ਭਾਰਤੀ ਪਰੰਪਰਾ ਦੇ ਵਾਰਸ ਸਨ ਪਰ ਪੂਜਾ ਪਾਠ ਸਾਮੀ (ਪੱਛਮੀ ਦੇਸਾਂ ਦੇ) ਧਰਮ ਗ੍ਰੰਥਾਂ—ਕਤੇਬਾਂ ਦਾ ਕਰਨ ਲੱਗ ਪਏ ਸਨ। ਉਹ ਚਾਰ ਵੇਦਾਂ ਦੀ ਥਾਂ ਚਾਰ ਕਤੇਬ--ਤੌਰੇਤ, ਜੰਬੂਰ, ਇੰਜੀਲ ਅਤੇ ਕੁਰਾਨ ਪੜ੍ਹਦੇ ਸਨ।

ਗੁਰੂ ਨਾਨਕ ਨੇ ਧਰਤ ਲੋਕਾਈ ਨੂੰ ਸੋਧਣ ਲਈ ਉਦਾਸੀਆਂ ਕੀਤੀਆਂ। ਉਹਨਾਂ ਨੇ ਗੁਰਬਾਣੀ ਦੀ ਰਚਨਾ ਕੀਤੀ। ਉਹਨਾਂ ਭਾਰੀ ਤਪੱਸਿਆ ਕੀਤੀ ਅਤੇ ਨਾਮ ਜਪਣ, ਕੀਰਤਨ ਕਰਨ, ਵੰਡ ਛਕਣ ਦਾ ਉਪਦੇਸ਼ ਦਿੱਤਾ। ਉਹਨਾਂ ਗ੍ਰਿਸਤੀ ਜੀਵਨ ਦੀ ਪ੍ਰਧਾਨਤਾ ਨੂੰ ਉਜਾਗਰ ਕੀਤਾ। ਗੁਰੂ ਨਾਨਕ ਦੇਵ ਜੀ ਨੇ ਅੰਧ ਵਿਸ਼ਵਾਸੀ ਲੋਕਾਂ ਨੂੰ ਗਿਆਨ ਦਿੱਤਾ। ਉਹਨਾਂ ਨੇ ਬੁਧੀਜੀਵੀਆਂ ਨਾਲ ਗੋਸਟਾਂ ਕੀਤੀਆਂ। ਉਹਨਾਂ ਪਰਜਾ ਤੇ ਜ਼ੁਲਮ ਜ਼ਬਰ ਕਰਨ ਵਾਲੀ ਰਾਜਸੀ ਸੱਤਾ ਵਿਰੁੱਧ ਆਵਾਜ਼ ਬੁਲੰਦ ਕੀਤੀ। ਉਹਨਾਂ ਮਨੁੱਖ



Namdhari Elibrary NamdhariElibrary@gmail.com

ਨੂੰ ਆਪਣਾ ਨਿੱਜੀ ਜੀਵਨ ਉੱਚਾ ਸੁੱਚਾ ਰੱਖਣ ਲਈ ਸ਼ੁੱਧ ਪਵਿਤਰ ਖਾਣਾ ਪਾਣ, ਸਾਦੇ ਰਹਿਣ ਦਾ ਉਪਦੇਸ਼ ਕੀਤਾ। ਉਹਨਾਂ ਮਾਸ ਮੱਛੀ ਖਾਣ ਤੋਂ ਵਰਜਿਆ। ਸ਼ਰਾਬ ਤੇ ਹੋਰ ਨਸ਼ੇ ਕਰਨ ਤੋਂ ਮਨ੍ਹਾਂ ਕੀਤਾ। ਪਾਪ ਦੀ ਕਮਾਈ ਨਾ ਕਰਕੇ ਹੱਕ ਹਲਾਲ ਦੀ ਕਮਾਈ ਕਰਨ ਦੀ ਸਿੱਖਿਆ ਦਿੱਤੀ। ਉਹਨਾਂ ਇਸਤਰੀ ਦਾ ਸਮਾਜ ਵਿੱਚ ਮਾਣ ਸਤਿਕਾਰ ਕਰਨ, ਜਾਤ-ਪਾਤ ਤੋਂ ਉੱਚਾ ਉਠਣ, ਗਰੀਬਾਂ ਨੂੰ ਗਲ ਲਾਉਣ ਦੀ ਸਿਖਿਆ ਦਿਤੀ। ਉਹਨਾਂ ਗੁਰੂ ਦੀ ਮਹਾਨਤਾ ਦ੍ਰਿੜਾਈ ਅਤੇ ਅਕਾਲ ਪੁਰਖ ਦੀ ਲਖਤਾ ਲਈ ਬਾਣੀ ਵਿਚ ਲਿਖਿਆ :

*ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ।।*
*ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ।।*

*-ਮਹਲਾ ੧*

ਸਤਿਗੁਰੂ ਦੀ ਕਿਰਪਾ ਸਦਾ ਸਿੱਖਾਂ ਉਤੇ ਬਣੀ ਰਹੇ, ਇਸ ਲੋੜ ਨੂੰ ਧਿਆਨ ਵਿਚ ਰਖਦਿਆਂ ਉਹਨਾਂ ਨੇ :

*ਤਖਤਿ ਬਹੈ ਤਖਤੈ ਕੀ ਲਾਇਕ।। -ਮਹਲਾ ੧*

ਅਨੁਸਾਰ ਭਾਈ ਲਹਿਣੇ ਨੂੰ ਗੁਰਗੱਦੀ ਸੌਂਪ ਕੇ ਸੰਸਾਰ ਯਾਤਰਾ ਪੂਰੀ ਕੀਤੀ। ਉਹਨਾਂ ਨੇ ਅਗੋਂ ਗੁਰਗੱਦੀ ਦੀ ਸੌਂਪਣਾ ਗੁਰੂ ਅਮਰਦਾਸ ਜੀ ਨੂੰ ਕੀਤੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ ਸੰਗਤ ਵਿਚੋਂ ਸਭ ਤੋਂ ਯੋਗ ਸਮਝ ਕੇ ਸਿੱਖੀ ਦੀ ਵਾਗਡੋਰ ਸੰਭਾਲੀ ਅਤੇ ਉਹਨਾਂ ਦਾ ਨਾਂ ਗੁਰੂ ਰਾਮਦਾਸ ਹੋਇਆ। ਇਥੋਂ ਇਹ ਗੱਦੀ ਸੋਢੀ ਪਰਵਾਰ ਵਿਚ ਆਈ।

ਇਸ ਸਮੇਂ ਬਾਬੇ ਕੀ (ਗੁਰੂ ਸਾਹਿਬਾਨ ਦੀ) ਤੇ ਬਾਬਰ ਕੀ ਦੋ ਸਮਾਨਾਂਤਰ ਗੱਦੀਆਂ ਚੱਲ ਰਹੀਆਂ ਸਨ। ਸਤਿਗੁਰੂ ਦੀ ਗੱਦੀ ਅਧਿਆਤਮਿਕ ਉੱਚਤਾ, ਮਨੁੱਖੀ ਕਦਰਾਂ ਕੀਮਤਾਂ ਦੇ ਪ੍ਰਚਾਰ, ਪ੍ਰਸਾਰ, ਸਮਾਜਕ ਸੁਧਾਰ ਤੇ ਸਦਾਚਾਰਕ ਮੁੱਲਾਂ ਨੂੰ ਸਿੱਖਾਂ ਵਿੱਚ ਦ੍ਰਿੜਾਉਂਦੀ ਸੀ। ਮੁਗਲਾਂ ਦੀ ਰਾਜ ਸੱਤਾ, ਰਾਜਨੀਤਕ ਤਾਕਤ ਦਾ ਲੋਹਾ ਮਨਵਾਉਣ ਲਈ ਸੀ। ਭਾਵੇਂ ਅਕਬਰ ਬਾਦਸ਼ਾਹ ਗੁਰੂ ਕੇ ਲੰਗਰ ਵਿੱਚੋਂ ਪ੍ਰਸ਼ਾਦਾ ਛਕ ਗਏ ਦੱਸੇ ਜਾਂਦੇ ਹਨ, ਫਿਰ ਵੀ ਰਾਜ ਸੱਤਾ ਨੂੰ ਧਰਮ ਸੱਤਾ ਰੜਕਦੀ ਸੀ। ਇਹ ਭਾਵਨਾ ਧੁਖਦੀ ਧੁਖਦੀ ਗੁਰੂ ਅਰਜਨ ਦੇਵ ਜੀ ਸਮੇਂ ਬਲ ਪਈ।

ਆਪ ਜੀ ਨੇ ਪੰਜਵੇਂ ਗੁਰੂ ਦੇ ਰੂਪ ਵਿਚ ਗੁਰਗੱਦੀ ਨੂੰ ਸੁਸ਼ੋਭਿਤ ਕਰਨ ਬਾਅਦ ਇਤਿਹਾਸਕ ਯਾਦਗਾਰਾਂ ਬਣਾਈਆਂ ਅਤੇ ਭਾਰਤ ਦੇ ਵੱਖ ਵੱਖ ਮੱਤਾਂ ਦੇ ਹਿੰਦੂ, ਮੁਸਲਮਾਨ, ਸੰਤਾਂ, ਭਗਤਾਂ, ਗੁਰਸਿੱਖਾਂ, ਭੱਟਾਂ ਦੀ ਬਾਣੀ ਨੂੰ ਸਤਿਗੁਰੂ ਸਾਹਿਬਾਨ ਦੀ ਬਾਣੀ ਨਾਲ ਸ਼ਾਮਲ ਕਰਕੇ ਉਸ ਦੀ ਸੰਪਾਦਨਾ ਕਰਕੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਏਸੇ ਨੂੰ ਲਿਖਾਰੀਆਂ ਨੇ ਪੋਥੀ ਸਾਹਿਬ, ਸੂਚੀ ਪ੍ਰਤੀ, ਗ੍ਰੰਥ ਜੀ, ਗ੍ਰੰਥ ਜੀ, ਗ੍ਰੰਥ ਸਾਹਿਬ ਲਿਖਿਆ ਹੈ। ਸ਼ਰਧਾਵਾਨ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿ ਕੇ ਸਤਿਕਾਰ ਕਰਦੇ ਹਨ।

ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਵਧ ਰਹੇ ਸਿੱਖੀ ਦੇ ਪ੍ਰਭਾਵ ਕਾਰਨ ਅਤੇ ਕੱਟੜਪੰਥੀ ਦਰਬਾਰੀਆਂ ਦੇ ਕੰਨ ਭਰਨ ਕਰਕੇ ਸ੍ਰੀ ਸਤਿਗੁਰੂ ਜੀ ਨੂੰ ਗ੍ਰਿਫਤਾਰ ਕੀਤਾ। ਉਸ ਦੇ ਹੁਕਮ ਅਨੁਸਾਰ ਆਪ ਜੀ ਨੂੰ ਤੱਤੀ ਤਵੀ ਤੇ ਬਿਠਾ ਕੇ ਸੀਸ ਉਤੇ ਤੱਤੀ ਰੇਤ ਪਾ ਕੇ ਤਸੀਹੇ ਦਿਤੇ ਗਏ ਤੇ 1606 ਈ ਨੂੰ ਸ਼ਹੀਦ ਕੀਤਾ ਗਿਆ।



Namdhari Elibrary NamdhariElibrary@gmail.com

ਸਿੱਖ ਪੰਥ ਦੇ ਅਗਲੇ ਰਹਿਨੁਮਾ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨੀਆਂ। ਉਹਨਾਂ ਫੌਜਾਂ ਰੱਖੀਆਂ ਤੇ ਜੋਧਿਆਂ ਵਾਲੀ ਜੀਵਨ-ਸ਼ੈਲੀ ਅਪਣਾਈ। ਇਸ ਦਲ ਭੰਜਨ ਗੁਰੂ ਸੂਰਮੇ ਨੇ ਸੂਰਬੀਰਤਾ ਤੇ ਅਧਿਆਤਮਿਕਤਾ ਦਾ ਸੁਮੇਲ ਕੀਤਾ।

ਸਿੱਖ ਪੰਥ ਦੇ ਸੱਤਵੇਂ ਤੇ ਅੱਠਵੇਂ ਰਹਿਬਰ ਗੁਰੂ ਹਰਿ ਰਾਇ ਤੇ ਗੁਰੂ ਹਰਿਕ੍ਰਿਸ਼ਨ ਦਾ ਸਮਾਂ ਕੁਝ ਸਹਿਜ ਪ੍ਰਚਾਰ ਵਿਚ ਲੰਘਿਆ। ਪਰ ਗਰੂ ਤੇਗ ਬਹਾਦਰ ਜੀ ਦੇ ਸਮੇਂ ਫਿਰ ਸਤਿਗੁਰੂ ਜੀ ਦੇ ਸਬਰ ਤੇ ਔਰੰਗਜੇਬ ਦੇ ਜਬਰ ਵਿੱਚ ਟੱਕਰ ਹੋਈ। ਸ੍ਰੀ ਸਤਿਗੁਰੂ ਜੀ ਹਿੰਦੂ ਧਰਮ ਦੀ ਰਾਖੀ ਲਈ ਆਪਣੇ ਕੁਝ ਸਿਖਾਂ ਨਾਲ ਸ਼ਹੀਦੀ ਪ੍ਰਾਪਤ ਕਰ ਗਏ ਅਤੇ :

*ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।।*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ।। —ਬਿਚਿਤ੍ਰ ਨਾਟਕ*

ਗੁਰੂ ਗੋਬਿੰਦ ਸਿੰਘ ਜੀ ਨੇ ਗੱਦੀ ਨੂੰ ਸੁਭਾਇਮਾਨ ਕੀਤਾ। ਉਹਨਾਂ ਆਪਣੇ ਸਮੇਂ ਲੜਾਈਆਂ ਲੜੀਆਂ ਜਿਨ੍ਹਾਂ ਵਿੱਚ ਹਿੰਦੂ, ਮੁਸਲਮਾਨ, ਸਭ ਨੇ ਖੰਡਾ ਉਹਨਾਂ ਨਾਲ ਖਲੋ ਕੇ ਖੜਕਾਇਆ। ਉਹਨਾਂ ਨੇ ਪਾਉਂਟਾ ਸਾਹਿਬ ਬੈਠ ਕੇ ਬਾਣੀ ਰਚੀ ਜਿਹੜੀ ਬ੍ਰਿਜ ਭਾਸ਼ਾ, ਪੰਜਾਬੀ ਜਾਂ ਫਾਰਸੀ ਵਿਚ ਸੀ। ਉਹਨਾਂ ਨੇ ਸਿੱਖਾਂ ਦੀ ਨਿਵੇਕਲੀ ਪਛਾਣ ਬਣਾਉਣ ਲਈ 30 ਮਾਰਚ 1699 ਨੂੰ ਵਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਨਾ ਕੀਤੀ। ਸਤਿਗੁਰੂ ਜੀ ਨੇ ਖਾਲਸੇ ਨੂੰ ਜ਼ੁਲਮ ਜਬਰ ਨਾਲ ਟੱਕਰ ਲੈਣ, ਮਨੁੱਖ ਜਾਤੀ ਵਿਚ ਭੇਦਭਾਵ ਨਾ ਸਮਝਣ ਤੇ ਅਕਾਲ ਪੁਰਖ ਦਾ ਸਿਮਰਨ ਕਰਨ ਦਾ ਉਪਦੇਸ਼ ਦਿਤਾ। ਯੁਧ ਵਿਚ ਅਤੇਆਪਣੇ ਧਰਮ ਉਤੇ ਕਾਇਮ ਰਹਿਣ ਕਰਕੇ ਆਪ ਜੀ ਦੇ ਚਹੁੰ ਸਾਹਿਬਜ਼ਾਦਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਆਪ ਜ਼ਾਲਮ ਸਰਕਾਰ ਦੀਆਂ ਜੜ੍ਹਾਂ ਪੱਟਣ ਲਈ ਨੀਤੀ ਅਨੁਸਾਰ ਪੰਜਾਬ ਤੋਂ ਦੂਰ ਨਾਂਦੇੜ (ਮਹਾਂਰਾਸ਼ਟਰ) ਚਲੇ ਗਏ। ਉਥੋਂ ਵੀ ਆਪ ਨਰ ਨਾਟਕ ਕਰ ਕੇ 1708 ਈ. ਵਿੱਚ ਅਲੋਪ ਹੋ ਗਏ ਤੇ ਬਹੁਤ ਸਮਾਂ ਰਾਜਸਥਾਨ ਤੇ ਪੰਜਾਬ ਆ ਕੇ ਗੁਪਤ ਰਹੇ। ਏਥੇ ਹੀ ਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਸੌਂਪ ਕੇ ਆਪ 1869 ਬਿ. (1812 ਈ) ਨੂੰ ਨਾਭੇ ਵਿਖੇ ਜੋਤੀ ਜੋਤ ਸਮਾ ਗਏ। ਇਸ ਗੁਪਤ ਜੀਵਨ ਬਾਰੇ ਸਿੱਖ ਇਤਿਹਾਸਕਾਰਾਂ, ਕਵੀ ਸੁੱਖਾ ਸਿੰਘ, (ਗੁਰੁ ਬਿਲਾਸ) ਭਾਈ ਸੰਤੋਖ ਸਿੰਘ, (ਗੁਰੁ ਪ੍ਰਤਾਪ ਸੂਰਜ) ਗਿਆਨੀ ਗਿਆਨ ਸਿੰਘ, (ਸ੍ਰੀ ਗੁਰੂ ਗ੍ਰੰਥ ਪ੍ਰਕਾਸ਼) ਮਹੰਤ ਸੁਮੇਰ ਸਿੰਘ, (ਗੁਰੁ ਬਿਲਾਸ) ਕਵੀ ਸੈਨਾਪਤਿ, (ਗੁਰੂ ਸੋਭਾ) ਭਾਈ ਕਾਨ੍ਹ ਸਿੰਘ ਨਾਭਾ (ਇਤਿਹਾਸ ਦੇ ਅਣਲਿਖੇ ਪੱਤਰੇ) ਦੀਆਂ ਲਿਖਤਾਂ ਵਿਚੋਂ ਹਵਾਲੇ ਮਿਲਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ ਗੁਰਗ਼ੱਦੀ ਦੇਣ ਸਮੇਂ ਕਿਹਾ ਕਿ ਅਗਲੇ ਜਾਮੇ ਵਿਚ ਆ ਕੇ ਇਹ ਗੱਦੀ ਲੈ ਲਵਾਂਗੇ ਯਥਾ :

*ਐਪੇ ਗੁਰੁ ਦਸਮ ਦਰਸੈ ਦੋਸ ਕਹੋਯ ਤੰਹਿ ਮੋਰ ਅਵਤਰ ਅੰਸ ਰਾਮ ਸਿੰ ਘ੍ਹੈ ਭ*
*ਯਾਹਿ ਹੇਤ ਤਾਹਿ ਨਾਂਹਿ ਔਰ ਕਾਂਹਿ ਮਾਂਹਿ। ਨਿਜ ਸ਼ਕਤਿ ਰਖਾਈ ਗੁਰ ਵਾਕ ਦਿਢ ਥੇ ਧਰੇ।*

*-ਸ੍ਰੀ ਗੁਰੂ ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ*

ਗੁਰਬਾਣੀ ਵਿਚ ਜਿਸ ਗੁਰੂ ਦੀ ਪਛਾਣ ਦੱਸੀ ਗਈ ਹੈ ਤੇ ਜਿਸ ਦੀ ਸਿਫਤ ਸਲਾਹ ਕੀਤੀ ਗਈ ਹੈ, ਉਹ ਦੇਹਧਾਰੀ ਗੁਰੂ ਹੈ। ਦਸਵੇਂ ਪਾਤਸ਼ਾਹ ਨੇ ਪਹਿਲੇ ਗੁਰੂਆਂ ਵਾਂਗ ਦੇਹਧਾਰੀ ਗੁਰੂ ਬਾਲਕ ਸਿੰਘ ਨੂੰ ਆਪਣਾ ਜਾਨਸ਼ੀਨ ਥਾਪਿਆ। ਨਾਮਧਾਰੀ ਸਿੱਖ ਇਸ ਗੁਰੂ ਸਿੱਖ ਪਰੰਪਰਾ ਦੇ ਧਾਰਨੀ ਹਨ ਅਤੇ ਆਪਣੇ ਸਤਿਗੁਰੂ ਦੇ ਬਲਿਹਾਰੇ ਜਾਂਦੇ ਹਨ। ਉਸਦੇ ਹੁਕਮ ਵਿਚ ਰਹਿਣ ਵਿਚ ਆਪਣੇ ਧੰਨ ਭਾਗ ਸਮਝਦੇ ਹਨ।



Namdhari Elibrary NamdhariElibrary@gmail.com

# ਸੁਤੰਤਰਤਾ ਲਈ ਪਹਿਲ ਕਦਮੀ

ਦਸਵੇਂ ਪਾਤਸ਼ਾਹ ਆਪਣੀ ਰਜ਼ਾ ਤੇ ਰਾਜਨੀਤਕ ਚਾਲ ਅਧੀਨ ਗੁਪਤ ਵਾਸ ਵਿਚ ਚਲੇ ਗਏ। ਉਹ ਬੈਰਾਗੀ ਸਾਧੂ ਮਾਧੋ ਦਾਸ ਵਿੱਚ ਜ਼ੁਲਮ, ਜਬਰ, ਖਿਲਾਫ ਲੜਨ ਲਈ ਨਵੀਂ ਰੂਹ ਫੂਕ ਗਏ। ਬੰਦਾ ਬਹਾਦਰ ਦੇ ਨਾਂ ਨਾਲ ਉਸ ਨੇ ਖੂਬ ਖੰਡਾ ਖੜਕਾਇਆ। ਉਸ ਨੇ ਨਵਾਬ ਸਰਹਿੰਦ ਤੋਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦਾ ਬਦਲਾ ਲਿਆ ਤੇ ਉਸਨੂੰ ਮਾਰ ਮੁਕਾਇਆ। ਉਸਨੇ ਪੰਜਾਬ ਵਿਚ ਸਿੱਖ ਰਾਜ ਦੀ ਨੀਂਹ ਰੱਖੀ ਤੇ ਗੁਰੂ ਨਾਨਕ ਦੇ ਨਾਂ ਦਾ ਸਿੱਕਾ ਚਲਾਇਆ, ਪਰ ਮੁਗਲ ਬਾਦਸ਼ਾਹ ਫਰੁਖ਼ਸੀਅਰ ਨੇ ਭਾਰੀ ਫੌਜ ਭੇਜੀ ਜਿਸ ਨੇ ਬੰਦੇ ਤੇ ਸਿਖ ਫੌਜ ਦਾ ਪਿਛਾ ਕਰਕੇ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਅੱਠ ਮਹੀਨੇ ਘੇਰਾ ਘੱਤ ਕੇ ਭੁੱਖੇ 740 ਸਾਥੀਆਂ ਸਹਿਤ ਸੰਗਲਾਂ ਵਿਚ ਜਕੜਿਆ ਅਤੇ ਦਿੱਲੀ ਲੈ ਗਏ ਅਤੇ ਸਭ ਨੂੰ ਤਸੀਹੇ ਦੇ ਕੇ 1716 ਈ. ਵਿਚ ਸ਼ਹੀਦ ਕੀਤਾ ਗਿਆ।

ਉਸ ਪਿਛੋਂ ਵੀ ਕਦੀ ਲਾਹੌਰ ਦਾ ਸੂਬੇਦਾਰ ਜ਼ਕਰੀਆ ਖਾਨ ਸਿੱਖਾਂ ਦੇ ਸਿਰਾਂ ਦਾ ਵੈਰੀ ਬਣਿਆ, ਕਦੀ ਅਹਿਮਦ ਸ਼ਾਹ ਅਬਦਾਲੀ ਤੇ ਨਾਦਰ ਸ਼ਾਹ ਅਫਗਾਨ ਹਮਲਾਵਰਾਂ ਨੇ ਪੰਜਾਬ ਨੂੰ ਰੌਂਦਿਆ ਅਤੇ ਉਹਨਾਂ ਨਾਲ ਗੁਰੀਲਾ ਲੜਾਈ ਕਰਨ ਵਾਲੇ ਸਿੱਖਾਂ ਨੂੰ ਨੇਸਤੋ-ਨਾਬੂਦ ਕਰਨਾ ਚਾਹਿਆ। ਸਿਖ ਜੰਗਲਾਂ ਵਿਚ ਘੋੜਿਆਂ ਦੀਆਂ ਕਾਠੀਆਂ ਉਤੇ ਰਹਿਣ ਲੱਗੇ ਤਾਂ ਕਿ ਮੁਸੀਬਤ ਆਉਣ ਤੇ ਬਚਾਅ ਹੋ ਸਕੇ। ਏਸੇ ਸਮੇਂ ਵਿਚ ਵੱਡੇ ਘੱਲੂਘਾਰੇ ਵੀ ਹੋਏ। ਪੰਜਾਬ ਅਫਗਾਨ ਹਮਲਾਵਰਾਂ ਕਾਰਨ ਕਮਜ਼ੋਰ ਹੁੰਦਾ ਗਿਆ। ਪ੍ਰਾਂਤ ਵਿਚ ਅਰਾਜਕਤਾ ਵਧਦੀ ਗਈ। ਮੁਗਲਾਂ ਦੀ ਤਾਕਤ ਘਟਦੀ ਗਈ। ਜ਼ੁਲਮ ਜਬਰ ਦਾ ਮੁਕਾਬਲਾ ਕਰਦੇ ਸਿੱਖ ਸੰਗਠਿਤ ਹੁੰਦੇ ਗਏ ਤੇ ਹੋਰ ਵੱਧ ਹਥਿਆਰਬੰਦ ਹੁੰਦੇ ਗਏ। ਪਹਿਲਾਂ ਉਹ 12 ਮਿਸਲਾਂ ਦੇ ਰੂਪ ਵਿਚ ਉਭਰੇ। 1799 ਈ. ਤੋਂ ਸਿੱਖ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦਾ ਰੂਪ ਧਾਰਨ ਕਰ ਲਿਆ। ਮਹਾਰਾਜੇ ਦੀ ਫੌਜ ਵਿਚ ਹੀ ਨਾਮਧਾਰੀ ਸਿੱਖਾਂ ਦੇ ਰਹਿਬਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ 1837 ਈ. ਵਿਚ ਭਰਤੀ ਹੋਏ। ਆਪ ਕੰਵਰ ਨੌਨਿਹਾਲ ਸਿੰਘ ਦੀ ਪਲਟਨ ਵਿਚ ਸਨ।

ਸਿੱਖਾਂ ਦੀ ਪੰਜਾਬ ਵਿਚ ਰਾਜਨੀਤਕ ਤਾਕਤ ਵਧਦੀ ਜਾਣ ਨਾਲ ਉਹਨਾਂ ਅੰਦਰ ਸਦਾਚਾਰਕ ਨਿਘਾਰ ਆਉਣਾ ਸ਼ੁਰੂ ਹੋ ਗਿਆ। ਸਿੱਖੀ ਸਰੂਪ ਤਾਂ ਕਿਸੇ ਹੱਦ ਤਕ ਕਾਇਮ ਸੀ ਪਰ ਸਿੱਖ ਰਹਿਤ ਮਰਯਾਦਾ ਦਾ ਚੇਤਾ ਭੁਲਦੇ ਜਾ ਰਹੇ ਸਨ। ਕੋਈ ਉਹਨਾਂ ਨੂੰ ਨਾਮ ਬਾਣੀ ਵੱਲ ਲਾਉਣ ਵਾਲਾ ਨਹੀਂ ਸੀ। ਕੋਈ ਗੁਰਮੁਖੀ ਨਹੀਂ ਸੀ ਪੜ੍ਹਾਉਂਦਾ ਜਿਸ ਕਰਕੇ ਜਿਨ੍ਹਾਂ ਘਰ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਬੀੜਾਂ ਸਨ, ਉਹਨਾਂ ਤੋਂ ਵੀ ਕੋਈ ਪਾਠ ਨਹੀਂ ਸੀ ਕਰਦਾ। ਸੋ ਉਹਨਾਂ ਨੂੰ ਆਲਿਆਂ ਅਲਮਾਰੀਆਂ ਵਿਚ ਬੰਦ ਕਰ ਦਿਤਾ ਸੀ। ਜਿਥੋਂ ਕਾਗਜ ਨੂੰ ਜਾਂ ਸਿਉਂਕ ਖਾ ਰਹੀ ਸੀ ਜਾਂ ਚੂਹੇ। ਮਹੰਤ, ਪੁਜਾਰੀ, ਸੋਢੀ, ਬੇਦੀ, ਬਾਵੇ ਆਪਣੀ ਪੂਜਾ ਹੀ ਕਰਵਾਉਂਦੇ ਸਨ। ਕੋਈ ਸਧਾਰਨ ਸਿੱਖ ਨੂੰ ਵੀ ਸੁਮੱਤ ਨਹੀਂ ਸੀ ਦਿੰਦਾ। ਧਰਮ ਦੇ ਕੇਂਦਰਾਂ ਵਿਚ ਨਸ਼ਈ,



Namdhari Elibrary NamdhariElibrary@gmail.com

ਵਿਸ਼ਈ, ਵਿਭਚਾਰੀ, ਪਾਖੰਡੀ ਆਗੂ ਲੋਕਾਂ ਨੂੰ ਗੁੰਮਰਾਹ ਹੀ ਕਰਦੇ ਸਨ। ਗਿਆਨੀ ਗਿਆਨ ਸਿੰਘ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਇਸ ਬਾਰੇ ਲਿਖਿਆ ਹੈ

*ਜਾਗ ਜਿਨ ਕੇ ਬਡੇਰੇ ਬਾਣੀ ਪੜਤੇ ਸਵੇਰੇ*
*ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ*
*ਤਿਨ ਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਬਿਖਿਆਤੀ*
*ਪਾਇ ਹੈਂ ਨਾ ਭਾਤੀ ਮੂਸ ਖਾਤ ਗ੍ਰੰਥ ਜੇ ਪਰੇ।*
*..... ...... ......*
*..... ...... ...... .....*
*ਔਰੈਂ ਰੀਤ ਔਰੈਂ ਮੀਤ ਔਰੈਂ ਪਰਤੀਤ ਪ੍ਰੀਤਿ*
*ਖਾਨ ਪਹਿਰਾਨ ਗਯਾਨੰ ਮਾਨ ਔਰੈਂ ਜਨ ਕੈ।*
*ਡਾਰੇ ਦਸਤਾਰੇ ਸਾਫੇ ਭਾਰੇ ਹੈ ਸੰਭਾਰੇ ਅਛੈ*
*ਕਛੈ ਤਜ ਗਏ ਧੋਤੀ ਸੁਖੁ ਸੰਗ ਤਨ ਕੈ। —ਸ੍ਰੀ ਗੁਰੂ ਗ੍ਰੰਥ ਪ੍ਰਕਾਸ਼*

ਉਹ ਮਾਸ ਸ਼ਰਾਬ ਖਾਣ ਪੀਣ ਲੱਗੇ। ਅਫੀਮ, ਭੰਗ, ਪੋਸਤ ਖਾਣ ਲੱਗੇ। ਉਹਨਾਂ ਕੇਸਾਂ ਦੀ ਬੇਅਦਬੀ ਕੀਤੀ, ਚੋਰੀ ਯਾਰੀ ਕਰਨ ਲੱਗੇ। ਪਰ ਸਤਿਗੁਰੂ ਬਾਲਕ ਸਿੰਘ ਜੀ ਨੇ ਕੁਝ ਸਿੱਖੀ ਨੂੰ ਆਪਣੇ ਉਪਦੇਸ਼ਾਂ ਤੇ ਨਾਮ ਬਾਣੀ ਦੇ ਪ੍ਰਤਾਪ ਨਾਲ ਬਚਾ ਲਿਆ ਸੀ। ਉਹ ਹਜ਼ਰੋਂ ਦੇ ਇਲਾਕੇ ਵਿਚ ਸਿੱਖਾਂ ਨੂੰ ਨਾਮ ਦਾਨ ਦੇ ਰਹੇ ਸਨ। ਉਹਨਾਂ ਨੂੰ ਦਸਵੇਂ ਪਾਤਸ਼ਾਹ ਦਾ ਗੁਰਗੱਦੀ ਦੇਣ ਸਮੇਂ ਹੁਕਮ ਹੋਇਆ ਸੀ ਕਿ ਤੁਸੀਂ ਬਹੁਤ ਗੁਪਤ ਵਿਚਰਨਾ। ਬਾਰ੍ਹਵੇਂ ਜਾਮੇ ਵਿਚ ਆ ਕੇ ਮੈਂ ਸਿੱਖੀ ਨੂੰ ਮੁੜ ਨਵਾਂ ਰੂਪ ਦਿਆਂਗਾ।

ਮਹਾਰਾਜਾ ਰਣਜੀਤ ਸਿੰਘ ਦੇ 1839 ਈ. ਵਿਚ ਅੱਖਾਂ ਮੀਟਣ ਬਾਅਦ ਸਿੱਖ ਰਾਜ ਦਾ ਸਿੰਘਾਸਨ ਡੋਲ ਗਿਆ। ਡੋਗਰਿਆਂ ਦੀ ਗਦਾਰੀ ਕਾਰਨ ਤੇ ਉਹਨਾਂ ਦੇ ਪੰਜਾਬ ਦਾ ਮਹਾਰਾਜਾ ਬਣਨ ਦੀ ਭੁੱਖ ਕਾਰਨ ਇਕ ਤੋਂ ਬਾਅਦ ਇਕ ਮਹਾਰਾਜੇ, ਮਹਾਰਾਣੀ, ਰਾਜਕੁਮਾਰ ਤੇ ਅਮੀਰ ਵਜ਼ੀਰ ਖਤਮ ਕੀਤੇ ਜਾਂਦੇ ਰਹੇ। ਇਹਨਾਂ ਵਿਚ ਚੇਤ ਸਿੰਘ ਬਾਜਵਾ, ਮਹਾਰਾਜਾ ਖੜਕ ਸਿੰਘ, ਨੌਨਿਹਾਲ ਸਿੰਘ, ਮਹਾਰਾਣੀ ਚੰਦ ਕੌਰ, ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ, ਕੰਵਰ ਪਿਸ਼ੌਰਾ ਸਿੰਘ, ਕੰਵਰ ਤਾਰਾ ਸਿੰਘ, ਕੰਵਰ ਕਸ਼ਮੀਰਾ ਸਿੰਘ ਤੇ ਖੁਦ ਰਾਜਾ ਧਿਆਨ ਸਿੰਘ, ਉਸਦਾ ਭਰਾ ਸੁਚੇਤ ਸਿੰਘ, ਪੁਤਰ ਹੀਰਾ ਸਿੰਘ, ਸੰਧਾਵਾਲੀਏ ਸਰਦਾਰ ਆਦਿ ਮੌਤ ਦੇ ਘਾਟ ਉਤਾਰ ਦਿਤੇ ਗਏ। ਰਾਜ ਵਿਚ ਅਰਾਜਕਤਾ ਫੈਲ ਗਈ। ਆਪਸੀ ਫੁੱਟ, ਬੁਰਛਾਗਰਦੀ ਵਧਦੀ ਗਈ। ਪ੍ਰਾਪਤ ਅੰਕੜਿਆਂ ਅਨੁਸਾਰ ਕੁੱਲ 36 ਮਹਾਰਾਜੇ, ਰਾਜੇ, ਪ੍ਰਧਾਨ ਮੰਤਰੀ ਜਾਂ ਮਹਾਰਾਣੀ ਆਦਿ ਕਤਲ ਹੋਏ। ਤੇ ਅਖੀਰ 1849 ਵਿਚ ਸਿੱਖ ਰਾਜ ਨੂੰ ਅੰਗਰੇਜ਼ ਰੂਪੀ ਰਾਖੇ ਮਗਰਮੱਛ ਨੇ ਹੜੱਪ ਲਿਆ। ਦਲੀਪ ਸਿੰਘ ਨਾਬਾਲਿਗ ਨਾਂ ਦਾ ਮਹਾਰਾਜਾ ਰਿਹਾ। ਏਸੇ ਸਮੇਂ ਵਿਚ 1841 ਈ. ਵਿਚ ਫੌਜ ਸਰਕਾਰੀ ਖਜਾਨਾ ਲੈਣ ਲਈ ਪਿਸ਼ਾਵਰ ਵੱਲ ਗਈ। ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਵੀ ਸਨ। ਪਰ ਉਥੋਂ ਦੀ ਫੌਜ ਅਟਕ ਦਰਿਆ ਕੰਢੇ ਖਜ਼ਾਨਾ ਲੈ ਕੇ ਆ ਗਈ। ਇਲਾਕੇ ਦੇ ਲੋਕਾਂ ਦਾ ਬਹੁਤ ਨੁਕਸਾਨ ਹੋਣੋ ਬਚਿਆ। ਜਿਸ ਨੂੰ ਉਹ ਸਤਿਗੁਰੂ ਬਾਲਕ ਸਿੰਘ ਜੀ ਦੀ ਕਿਰਪਾ ਮੰਨਦੇ ਸਨ।

ਇਥੋਂ ਹੀ ਸਤਿਗੁਰੂ ਰਾਮ ਸਿੰਘ ਜੀ ਤੇ ਹੋਰ 25 ਕੁ ਫੌਜੀ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਹਜ਼ਰੋਂ ਪੁੱਜੇ। ਆਪ ਜੀ ਨੇ ਜਦ ਨੇਤਰ ਭਰ ਕੇ



Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਵਲ ਕ੍ਰਿਪਾ ਦ੍ਰਿਸ਼ਟੀ ਕੀਤੀ ਤਾਂ ਦਿਬ-ਦ੍ਰਿਸ਼ਟੀ ਨਾਲ ਉਹਨਾਂ ਨੂੰ ਬਾਰ੍ਹਵੇਂ ਬਪ ਦੇ ਰੂਪ ਵਿਚ ਪਛਾਣ ਲਿਆ। ਆਪ ਨੇ ਇਹ ਬਚਨ ਕਰਦਿਆਂ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜ ਪੈਸੇ ਤੇ ਨਾਰੀਅਲ ਦੇ ਕੇ ਗੁਰਗੱਦੀ ਦੇਂਦਿਆਂ ਬਚਨ ਕੀਤਾ ਕਿ ਠਾਕਰ ਜੀ ਆਪਣੀ ਅਮਾਨਤ ਸੰਭਾਲੋ, ਪੰਥ ਦੀ ਦਸ਼ਾ ਸੁਧਾਰੋ, ਨਾਮ ਬਾਣੀ ਦਾ ਛੱਟਾ ਦਿਓ।

ਸ੍ਰੀ ਸਤਿਗੁਰੂ ਜੀ ਫੌਜ ਨਾਲ ਲਾਹੌਰ ਵਾਪਸ ਆ ਗਏ। ਸਿੱਖ ਰਾਜ ਦੀ ਬੁਰਛਾਗਰਦੀ ਤੇ ਭਰਾ ਮਾਰੂ ਨੀਤੀ ਨੇ ਆਪ ਜੀ ਨੂੰ ਬੇਚੈਨ ਕੀਤਾ। ਆਪ 1845 ਈ. ਵਿਚ ਫੌਜੀ ਜ਼ਿੰਦਗੀ ਨੂੰ ਅਲਵਿਦਾ ਕਹਿ ਕੇ ਸ੍ਰੀ ਭੈਣੀ ਸਾਹਿਬ ਆ ਗਏ ਤੇ ਸਿਮਰਨ ਤੇ ਚਿੰਤਨ ਕਰਨ ਲੱਗੇ। ਇਸ ਸਮੇਂ ਆਪ ਦੀ ਆਰਬਲਾ 29 ਕੁ ਵਰ੍ਹਿਆਂ ਦੀ ਸੀ। (ਪ੍ਰਕਾਸ਼ 1816 ਈ. ਬਸੰਤ ਪੰਚਮੀ ਵਾਲੇ ਦਿਨ) ਪਿਤਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ।)

ਆਪ ਆਪਣੇ ਮਾਤਾ ਪਿਤਾ, ਪਤਨੀ ਮਾਤਾ ਜੱਸਾਂ, ਧੀਆਂ ਬੀਬੀ ਨੰਦਾਂ ਤੇ ਦਇਆ ਕੌਰ ਅਤੇ ਭਰਾ ਬੁੱਧ ਸਿੰਘ ਦੇ ਪਰਵਾਰ ਸਹਿਤ ਸ੍ਰੀ ਭੈਣੀ ਸਾਹਿਬ ਇਕੱਠੇ ਰਹਿਣ ਲੱਗੇ। ਆਪ ਨੇ ਸੁੱਚੀ ਕਿਰਤ ਕਰਨ ਲਈ ਹੱਟੀ ਪਾ ਲਈ। ਆਪ ਅੰਮ੍ਰਿਤ ਵੇਲੇ ਸਣੇ ਕੇਸੀਂ ਇਸ਼ਨਾਨ ਕਰਕੇ, ਪਿੰਡੋਂ ਬਾਹਰ ਅਕਾਲ ਬੁੰਗੇ ਦੇ ਸਥਾਨ ਉੱਤੇ ਚਲੇ ਜਾਂਦੇ ਤੇ ਘੰਟਿਆਂ ਬੱਧੀ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ।

ਦੇਸ਼ ਭਗਤੀ ਆਪ ਦੀ ਸੋਚ ਨੂੰ ਸਿੱਖ ਰਾਜ ਦੇ ਖਾਤਮੇ ਦੇ ਕਾਰਨ ਲੱਭਣ ਲਈ ਟੁੰਬਦੀ। ਕਿਉਂਕਿ 1799 ਈ. ਵਿਚ ਹੀ ਸਿੱਖ ਰਾਜ ਬਣਿਆ ਸੀ ਅਤੇ ਇਸੇ ਸਾਲ ਹੀ ਬੰਗਾਲ ਤੋਂ ਅੰਗਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਨੇ ਆਪਣਾ ਰਾਜ ਸ਼ੁਰੂ ਕੀਤਾ ਸੀ। ਉਹ ਆਏ ਤਾਂ ਵਪਾਰੀ ਬਣ ਕੇ ਸਨ ਪਰ ਬਣ ਬੈਠੇ ਰਾਜ ਅਧਿਕਾਰੀ। ਅੰਗਰੇਜ਼ਾਂ ਦਾ ਪਹਿਲਾ ਸਮੁੰਦਰੀ ਜਹਾਜ 1608 ਈ. ਵਿਚ ਭਾਰਤ ਦੇ ਪੱਛਮ ਵਿਚ ਸੂਰਤ ਦੀ ਬੰਦਰਗਾਹ ਵਿਚ ਲੱਗਾ ਸੀ। ਏਥੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਦਰਬਾਰ ਵਿੱਚ ਭੇਜੇ ਦੂਤ ਸਰ ਟਾਮਸ ਰੋ ਦੇ ਰਸੂਖ ਨਾਲ ਬਾਦਸ਼ਾਹ ਤੋਂ ਪੁਛ ਕੇ 4 ਕੁ ਸਾਲ ਪਿਛੋਂ ਕੋਠੀ ਬਣਾ ਲਈ। ਆਉਣ ਵਾਲੇ ਸਮਿਆਂ ਵਿਚ ਬਾਦਸ਼ਾਹ ਤੋਂ ਇਜ਼ਾਜ਼ਤ ਲੈ ਕੇ ਕੰਪਨੀ ਬੰਗਾਲ ਵਿਚ ਵਪਾਰ ਕਰਨ ਲੱਗੀ, ਤੇ ਹੈਦਰਾਬਾਦ ਬੰਬਈ ਵੱਲ ਪੈਰ ਪਸਾਰਨ ਤੇ ਆਪਣਾ ਸਿੱਕਾ ਚਲਾਉਣ ਲੱਗੀ।

ਬੜੀ ਸਿਆਣਪ, ਚਲਾਕੀ ਤੇ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਉਹਨਾਂ ਮੁਗਲ ਰਾਜ ਕਮਜ਼ੋਰ ਹੁੰਦਾ ਵੇਖ ਕੇ ਇਥੋਂ ਦੀਆਂ ਰਿਆਸਤਾਂ ਤੇ ਕਬਜ਼ਾ ਕਰਨਾ ਸ਼ੁਰੂ ਕੀਤਾ। ਕੋਈ ਉਹਨਾਂ ਦੀ ਫੌਜੀ ਤਾਕਤ ਦਾ ਮੁਕਾਬਲਾ ਵੀ ਨਾ ਕਰ ਸਕਿਆ। ਉਹਨਾਂ ਪੰਜਾਬ ਨੂੰ ਵੀ ਹੜੱਪਣਾ ਚਾਹਿਆ ਪਰ ਮਜਬੂਰੀ ਵੱਸ 1809 ਈ. ਵਿਚ ਮਹਾਰਾਜਾ ਰਣਜੀਤ ਸਿੰਘ ਨਾਲ ਸਮਝੌਤਾ ਕੀਤਾ ਪਰ ਬਾਅਦ ਵਿਚ ਉਹ ਤੋੜ ਦਿਤਾ ਅਤੇ 1849 ਈ. ਨੂੰ ਪੰਜਾਬ ਤੇ ਕਬਜ਼ਾ ਕਰ ਲਿਆ। ਸਿੱਖਾਂ ਤੋਂ ਹਥਿਆਰ ਸੁਟਾ ਦਿਤੇ। ਵੱਡੇ ਲੋਕਾਂ ਨੂੰ ਜਗੀਰਾਂ ਦੇ ਕੇ ਜੀਅ ਹਜ਼ੂਰ ਬਣਾ ਲਿਆ।

ਉਹਨਾਂ 1834 ਈ. ਵਿਚ ਲੁਧਿਆਣੇ ਈਸਾਈ ਮਿਸ਼ਨਰੀ ਵੀ ਖੋਲ੍ਹੀ ਤੇ ਏਥੋਂ ਦੇ ਭੋਲੇ ਭਾਲੇ ਅੰਧਵਿਸ਼ਵਾਸੀ ਲੋਕਾਂ ਨੂੰ ਇਸਾਈ ਬਣਾਉਣ ਲਗੇ।

ਸਤਿਗੁਰੂ ਰਾਮ ਸਿੰਘ ਜੀ ਦੇ ਅਨੁਭਵ ਤੇ ਚਿੰਤਨ ਵਿਚ ਅੰਗਰੇਜ਼ਾਂ ਦੀ ਚਲਾਕੀ ਦੀ



Namdhari Elibrary NamdhariElibrary@gmail.com

ਸਮਝ ਆ ਚੁਕੀ ਸੀ। ਉਹਨਾਂ ਨੂੰ ਪਤਾ ਸੀ ਕਿ ਹਥਿਆਰਬੰਦ ਲੜਾਈ ਨਹੀਂ ਸੀ ਲੜੀ ਜਾ ਸਕਦੀ। ਪਰ ਉਹ ਹੱਥ ਤੇ ਹਥ ਧਰ ਕੇ ਤਮਾਸ਼ਾ ਵੀ ਨਹੀਂ ਸਨ ਵੇਖ ਸਕਦੇ। ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਮਰਯਾਦਾ ਨੂੰ ਫਿਰ ਸੁਰਜੀਤ ਕੀਤਾ। 12 ਅਪ੍ਰੈਲ 1857 ਈ. ਨੂੰ ਨਾਮਧਾਰੀ ਪੰਥ ਦੀ ਸਾਜਣਾ, ਪੰਜ ਪਿਆਰਿਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਕੀਤੀ। ਉਹਨਾਂ ਨੇ ਸਿੱਖਾਂ ਨੂੰ ਅੰਮ੍ਰਿਤ ਵੇਲੇ ਉਠ ਕੇ, ਸਣੇ ਕੇਸੀਂ ਇਸ਼ਨਾਨ ਕਰਕੇ ਭਜਨ ਕਰਨ ਤੇ ਬਾਣੀ ਪੜ੍ਹਨ ਦਾ ਹੁਕਮ ਦਿਤਾ। ਉਹਨਾਂ ਨੇ ਇਸਤਰੀ ਜਾਤੀ ਦੇ ਭਲੇ ਲਈ ਸਮਾਜ ਵਿਚ ਫੈਲੇ ਕੁਰੀਤੀਆਂ ਦੇ ਜਾਲ—ਕੁੜੀਆਂ ਮਾਰਨ, ਵੇਚਣ, ਵੱਟਾ ਕਰਨ ਤੇ ਦਾਜ ਦਹੇਜ ਦੀ ਮਨਾਹੀ ਕੀਤੀ ਤੇ ਵਿਧਵਾ ਵਿਆਹ ਦੀ ਇਜਾਜ਼ਤ ਦਿਤੀ।

ਰਾਜਸੀ ਪ੍ਰੋਗਰਾਮ ਅਧੀਨ ਉਹਨਾਂ ਅੰਗਰੇਜ਼ੀ ਸਹੂਲਤਾਂ ਤੇ ਵਸਤਾਂ ਦਾ ਬਾਈਕਾਟ ਕੀਤਾ। ਆਪ ਨੇ ਵਿਦੇਸ਼ੀ ਕੱਪੜੇ, ਕਚਹਿਰੀਆਂ, ਡਾਕ ਪ੍ਰਬੰਧ, ਵਿੱਦਿਅਕ ਪ੍ਰਣਾਲੀ, ਨੌਕਰੀਆਂ ਦਾ ਪੂਰਨ ਬਾਈਕਾਟ ਕਰਨ ਦਾ ਹੁਕਮ ਕੀਤਾ ਤੇ ਸਰਕਾਰ ਨਾਲ ਨਾ-ਮਿਲਵਰਤਨ ਰਖ ਕੇ ਸੁਦੇਸ਼ੀ ਦੇ ਰਾਹ ਪਾਇਆ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਲਿਖਿਆ ਹੈ :

"ਸਤਿਗੁਰੂ ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ ਵਪਾਰੀ ਮਾਲ ਅਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ।"

ਸੁਤੰਤਰਤਾ ਲਈ ਆਪ ਜੀ ਦੀ ਪਹਿਲ ਕਦਮੀ ਨੇ ਫੇਰ ਅਣਖੀ ਦੇਸ਼ ਭਗਤਾਂ ਨੂੰ ਸੰਗਠਿਤ ਕੀਤਾ ਅਤੇ ਉਹਨਾਂ ਅੰਦਰ ਨਵੀਂ ਰੂਹ ਫੂਕੀ।



Namdhari Elibrary NamdhariElibrary@gmail.com

# ਜਥੇਬੰਦੀ ਦੇ ਵਧਦੇ ਕਦਮ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ 1857 ਨੂੰ ਨਾਮਧਾਰੀ ਪੰਥ ਦੀ ਸਾਜਣਾ ਸ੍ਰੀ ਭੈਣੀ ਸਾਹਿਬ, ਪੰਜਾਬ ਵਿਚ ਕੀਤੀ। ਏਸੇ ਸਾਲ 10 ਮਈ ਨੂੰ ਮੇਰਠ ਫੌਜ ਵਿੱਚ ਅੰਗਰੇਜ਼ ਸਰਕਾਰ ਵਿਰੁਧ ਵਿਦਰੋਹ ਸ਼ੁਰੂ ਹੋ ਗਿਆ। ਇਹ ਵਿਦਰੋਹ ਸਿੰਧ ਗੰਗਾ ਦੇ ਮੈਦਾਨ, ਰਾਜਪੂਤਾਨਾ, ਕੇਂਦਰੀ ਭਾਰਤ ਤੇ ਬੰਗਾਲ ਤੱਕ ਜੰਗਲ ਦੀ ਅੱਗ ਵਾਂਗ ਫੈਲ ਗਿਆ। ਇਸ ਦੇ ਕਾਰਨ ਕਾਰਤੂਸਾਂ ਵਿੱਚ ਚਰਬੀ ਦੀ ਵਰਤੋਂ, ਕੁਝ ਰਿਆਸਤਾਂ ਦੇ ਮੁਖੀਆਂ ਨੂੰ ਉਹਨਾਂ ਦੇ ਸ਼ਾਹੀ ਹੱਕਾਂ ਤੋਂ ਮਹਿਰੂਮ ਕਰਨਾ ਤੇ ਕੰਪਨੀ ਸਰਕਾਰ ਤੇ ਇਸਾਈ ਧਰਮ ਖਿਲਾਫ ਨਫ਼ਰਤ ਸੀ। ਸ਼ੁਰੂ ਵਿੱਚ ਜਿੱਤਾਂ ਦੇ ਮੂੰਹ ਚੁੰਮੇ, ਦਿੱਲੀ ਦੇ ਤਖ਼ਤ ਤੇ ਫਿਰ ਬਹਾਦਰ ਸ਼ਾਹ ਜ਼ਫਰ ਹੁਕਮ ਹਾਸਲ ਕਰ ਬੈਠਾ ਪਰ ਅੰਗਰੇਜ਼ ਨੇ ਇਸ ਬਗਾਵਤ ਨੂੰ ਦਬਾ ਲਿਆ। ਤਾਂਤਿਆ ਟੋਪੇ, ਨਾਨਾ ਫਰਨਵੀਸ, ਰਾਣੀ ਝਾਂਸੀ ਸਭ ਹਾਰ ਗਏ। ਕਈਆਂ ਨੂੰ ਮਾਰ ਦਿੱਤਾ ਗਿਆ ਤੇ ਬਹਾਦਰ ਸ਼ਾਹ ਨੂੰ ਰੰਗੂਨ (ਬਰਮ੍ਹਾ) ਵਿਚ ਨਜ਼ਰਬੰਦ ਕੀਤਾ ਗਿਆ।

ਇਸ ਨੂੰ ਭਾਰਤੀ ਇਤਿਹਾਸਕਾਰਾਂ ਨੇ ਪਹਿਲਾ ਸੁਤੰਤਰਤਾ ਸੰਗਰਾਮ ਕਿਹਾ। ਇਸ ਦੀ ਹਾਰ ਦਾ ਕਾਰਨ ਪੰਜਾਬ ਤੇ ਕਈ ਹੋਰ ਥਾਵਾਂ ਦੀਆਂ ਫੌਜਾਂ ਤੇ ਰਿਆਸਤਾਂ ਦਾ ਅੰਗਰੇਜ਼ ਪ੍ਰਤੀ ਵਫਾਦਾਰ ਰਹਿਣਾ ਤੇ ਸੰਗਠਨ ਦੀ ਕਮੀ ਸੀ। ਇਸ ਤੋਂ ਬਾਅਦ ਹਿੰਦੁਸਤਾਨ ਦਾ ਸ਼ਾਸਨ ਸਿੱਧਾ ਬਰਤਾਨਵੀ ਰਾਜ ਅਧੀਨ ਕਰ ਦਿਤਾ ਗਿਆ। ਕੰਪਨੀ ਦਾ ਸ਼ਾਸਨ ਖਤਮ ਹੋ ਗਿਆ।

ਸ੍ਰੀ ਸਤਿਗੁਰੂ ਜੀ ਆਪ ਵੀ ਫ਼ੌਜ ਵਿਚ ਰਹੇ ਸਨ। ਉਹਨਾਂ ਨੇ ਰਾਜਨੀਤਕ ਪੱਖੋਂ ਨਵੇਂ ਸੰਦਰਭ ਵਿਚ ਵੀ ਚਿੰਤਨ ਕੀਤਾ ਤੇ ਆਪਣੀ ਨਾ-ਮਿਲਵਰਤਣ, ਸੁਦੇਸ਼ੀ ਦੀ ਰਾਜਨੀਤਕ ਚਾਲ ਨਾਲ ਜਨ ਸਧਾਰਨ ਨੂੰ ਜੋੜਨ ਲਈ ਦੌਰੇ ਸ਼ੁਰੂ ਕੀਤੇ। ਆਪ ਨੇ ਇਹ ਵੀ ਭਾਂਪ ਲਿਆ ਸੀ ਕਿ ਦੇਸ਼ ਵਾਸੀਆਂ ਦਾ ਮਨੋਬਲ ਨਹੀਂ ਰਿਹਾ। ਆਤਮਿਕ ਤੌਰ ਉਤੇ ਉਹ ਕਮਜ਼ੋਰ ਹੋ ਚੁਕੇ ਸਨ। ਪੰਜਾਬ ਤਾਂ ਨਿੱਘਰ ਚੁਕਾ ਹੈ। ਆਪ ਨੇ ਪ੍ਰਚਾਰ ਦੌਰੇ ਸ਼ੁਰੂ ਕੀਤੇ। ਜਿਥੇ ਜਾਂਦੇ, ਨਾਮ ਸਿਮਰਨ ਕਰਨ, ਬਾਣੀ ਪੜ੍ਹਨ, ਇਸਤਰੀ ਦਾ ਆਦਰ ਕਰਨ, ਸੁੱਚ ਸੋਧ ਰੱਖਣ ਤੇ ਸ੍ਵੈ-ਨਿਰਭਰ ਹੋਣ ਦਾ ਉਪਦੇਸ਼ ਦਿੰਦੇ। ਸਿੱਖਾਂ ਨੂੰ ਸਤਿਗੁਰੂ ਗੋਬਿੰਦ ਸਿੰਘ ਦੇ ਦਿਤੇ ਸਿੱਖੀ ਸਰੂਪ ਤੇ ਰਹਿਤ ਮਰਯਾਦਾ ਦੇ ਧਾਰਨੀ ਬਣਵਾਉਂਦੇ। ਨਾਮ ਜਪਣ ਲਈ ਉਹਨਾਂ ਨੂੰ ਮਾਲਾ ਦਿੰਦੇ। ਉਹ ਪਿੰਡੋ ਪਿੰਡ ਜਾਂਦੇ। ਉਹਨਾਂ ਨਾਲ ਕੀਰਤਨ ਕਰਨ ਵਾਲੇ ਜਥੇ ਹੁੰਦੇ।

ਆਪਦੀ ਸੋ ਸੁਣ ਕੇ ਨਾਮ ਦੇ ਅਭਿਲਾਖੀ ਸ੍ਰੀ ਭੈਣੀ ਸਾਹਿਬ ਨੂੰ ਆਉਂਦੇ—ਇਹ ਵੇਖਣ ਜਾਨਣ ਲਈ ਕਿ ਨਵਾਂ ਗੁਰੂ ਕੀ ਕਹਿੰਦਾ ਹੈ। ਸਤਿਗੁਰੂ ਜੀ ਤੋਂ ਪ੍ਰਭਾਵਿਤ ਹੋ ਕੇ ਆਪ ਦੇ ਚਰਨ ਸੇਵਕ ਬਣ ਜਾਂਦੇ। ਇਹਨਾਂ ਵਿਚ ਬਿਸ਼ਨਪੁਰੇ ਦਾ ਜਿਮੀਂਦਾਰ



Namdhari Elibrary NamdhariElibrary@gmail.com

ਸ. ਮੰਗਲ ਸਿੰਘ ਵੀ ਸੀ। ਜਿਸ ਨੇ ਆਪਣੀ ਬੜੀ ਕੀਮਤੀ ਚੀਨੀ ਘੋੜੀ ਮੱਥਾ ਟੇਕੀ। ਜਿਸ ਉਤੇ ਸਵਾਰੀ ਕਰਨ ਕਰਕੇ ਸ੍ਰੀ ਸਤਿਗੁਰੂ ਜੀ ਨੂੰ ਚੀਨੀ ਵਾਲਾ ਪਾਤਸ਼ਾਹ ਕਹਿ ਕੇ ਸਤਿਕਾਰਿਆ ਜਾਣ ਲੱਗਾ।

ਏਥੇ ਬਾਬਾ ਜਵਾਹਰ ਸਿੰਘ ਨਿਰਮਲੇ ਸਾਧੂ ਆਏ, ਬੰਗਾਲੀ ਪੁਰ ਦੇ ਉਦਾਸੀ ਸਾਧੂ ਸਾਹਿਬ ਸਿੰਘ ਆਏ, ਮਦੀਹਰ ਦੇ ਵਿਦਵੇਾਨ ਰਾਇ ਸਿੰਘ ਆਏ ਤੇ ਏਥੋਂ ਦੇ ਹੋ ਗਏ।

ਆਪਨੇ 1858 ਈ. ਵਿਹ ਜਲੰਧਰ ਜ਼ਿਲ੍ਹੇ ਦੇ ਮੁਠੱਡਾ ਪਿੰਡ ਤੋਂ ਦੌਰਾ ਸ਼ੁਰੂ ਕੀਤਾ ਤੇ ਪਿੰਡਾਂ ਦੇ ਪਿੰਡ ਨਾਮਧਾਰੀ ਬਣਾਏ। ਉਹ ਸ਼ਰਾਬੀ ਕਬਾਬੀ ਤੋਂ ਸੰਤ ਬਣ ਗਏ। ਆਪ ਨੇ ਕਈ ਥਾਈਂ ਕਬਰਾਂ, ਦੇਵੀ ਦੇ ਥਾਨਾਂ ਬਾਰੇ ਦੱਸਿਆ ਕਿ ਏਥੇ ਕੋਈ ਗੁਗਾ ਪੀਰ, ਹੈਦਰ ਸ਼ੇਖ, ਦੇਵੀ ਨਹੀਂ, ਇਹ ਪੀਰਖਾਨੇ, ਖਾਨਗਾਹ, ਮਕਬਰੇ ਦੇਵੀ ਦੇ ਥਾਨ ਅੰਧ ਵਿਸ਼ਵਾਸ ਪੈਦਾ ਕਰਦੇ ਹਨ। ਇਹਨਾਂ ਦੀ ਪੂਜਾ ਦੀ ਲੋੜ ਨਹੀਂ। ਲੋਕਾਂ ਘਰੀਂ ਜਾ ਕੇ ਐਸੀਆਂ ਥਾਵਾਂ ਢਾਹੀਆਂ।

ਸ੍ਰੀ ਸਤਿਗੁਰੂ ਜੀ ਸਿਖਾਂ ਸੇਵਕਾਂ ਨਾਲ 1861 ਈ. ਵਿੱਚ ਹਰਦੁਆਰ ਗਏ, ਅਰਧ ਕੁੰਭੀ ਦੇ ਮੇਲੇ ਤੇ। ਉਥੇ ਵੀ ਅੰਧ ਵਿਸ਼ਵਾਸ ਰਾਹੀਂ ਲੋਕ ਪ੍ਰਲੋਕ ਸੁਧਾਰਨ ਦਾ ਆਪ ਨੇ ਖੰਡਨ ਕੀਤਾ ਤੇ ਕਿਹਾ ਕਿ ਲੋੜਵੰਦ ਗਰੀਬ ਦੀ ਮਦਦ ਕਰੋ। ਉਹਨਾਂ ਨੇ ਉਥੇ ਡੇਰਿਆਂ ਦੇ ਪਾਖੰਡੀ ਮਹੰਤਾਂ, ਨਾਂਗੇ ਸਾਧਾਂ, ਨਿਰਮਲੇ ਵਿਦਵਾਨਾਂ, ਵੇਦਾਂਤੀਆਂ, ਲੋਕਾਂ ਨੂੰ ਸਿੱਧੇ ਰਾਹੇ ਪਾਉਣ ਲਈ ਸੁਮਤ ਦਿੱਤੀ। ਗਿਆਨ ਚਰਚਾ ਵਿੱਚ ਆਤਮਿਕ ਗਿਆਨ ਦੀ ਲਖਤਾ ਕਰਵਾਈ ਤੇ ਸਿੱਖ ਬਣਾਇਆ।

ਏਥੇ ਸੰਗਤ ਤੋਂ ਅੱਗ ਲੱਗੀ ਭਾਰੀ ਗੇਲੀ ਨੂੰ ਚੁਕ ਨਾ ਸਕਣ ਕਾਰਨ ਇਕ ਪਾਸਿਓਂ ਆਪ ਤੇ ਦੂਜੇ ਪਾਸਿਓਂ ਭਰਾ ਬੁੱਧ ਸਿੰਘ ਤੋਂ ਚੁਕਾ ਕੇ ਗੰਗਾ ਵਿਚ ਸੁੱਟ ਕੇ ਬਲਦੀ ਅੱਗ ਬੁਝਾਈ। ਏਥੇ ਹੀ ਮਾਈ ਸਾਹਿਬ ਕੌਰ ਵੇਦਾਂਤਣ ਨੂੰ ਪੁੱਤਰ ਸਣੇ ਬਲਦੀ ਚਿਤਾ ਵਿੱਚ ਬਿਠਾ ਕੇ ਨਾਮ ਦੀ ਸ਼ਕਤੀ ਨਾਲ ਸੇਕ ਨਾ ਲੱਗਣ ਦਿਤਾ। ਆਪ ਨੇ 1862 ਈ. ਦੀ ਦਿਵਾਲੀ ਅੰਮ੍ਰਿਤਸਰ ਮਨਾਈ। ਸਿੱਖੀ ਪ੍ਰਚਾਰ ਕੀਤਾ ਤੇ ਮਾਝੇ ਦਾ ਦੌਰਾ ਕੀਤਾ। ਉਥੋਂ ਆਪ ਹਜ਼ਰੋਂ ਵਲ ਜਾਣ ਲੱਗੇ ਤਾਂ ਝਨਾਂ ਕੰਢੇ ਆਪ ਨੂੰ ਖਬਰ ਮਿਲੀ ਕਿ ਗੁਰੂ ਬਾਲਕ ਸਿੰਘ ਜੀ 6 ਦਸੰਬਰ 1862 ਈ. ਨੂੰ ਜੋਤੀ ਜੋਤ ਸਮਾ ਗਏ ਹਨ, ਆਪ ਹਜ਼ਰੋਂ ਜਾਣ ਦੀ ਥਾਂ ਸ਼ਾਹਬਾਦਪੁਰ, ਵਜੀਰਾਬਾਦ, ਸਿਆਲਕੋਟ, ਨੁਸ਼ਹਿਰਾ ਆਦਿ ਇਲਾਕਿਆਂ ਵਿਚ ਸਿਖੀ ਪ੍ਰਚਾਰ ਕਰਦੇ ਰਹੇ।

ਇਸ ਸਮੇਂ ਤਕ ਆਪ ਜੀ ਦੀ ਵਧਦੀ ਪ੍ਰਭੁਤਾ ਦਾ ਸਰਕਾਰ ਨੂੰ ਵੀ ਪਤਾ ਲਗ ਚੁੱਕਾ ਸੀ। ਪੰਜਾਬ ਦੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰ, ਡਿਸਟ੍ਰਿਕਟ ਸੁਪਰਿੰਟੈਂਡੈਂਟ ਪੁਲਿਸ, ਰਾਜ ਦੇ ਇੰਸਪੈਕਟਰ ਜਨਰਲ ਪੁਲਿਸ ਤਕ ਰਿਪੋਰਟਾਂ ਪਹੁੰਚਾ ਰਹੇ ਸਨ ਤੇ ਉਥੋਂ ਅਗੇ ਜਾ ਰਹੀਆਂ ਸਨ। ਇਸ ਬਾਰੇ ਪਹਿਲੀ ਰਿਪੋਰਟ 15 ਅ੍ਰਪੈਲ 1863 ਈ. ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵਲੋਂ ਸੀ।

ਅਟਕ ਜ਼ਿਲ੍ਹੇ ਦੀ 12 ਜੂਨ 1863 ਦੀ ਰਿਪੋਰਟ ਅਨੁਸਾਰ ਛੇ ਮਹੀਨੇ ਪਹਿਲਾਂ ਸਤਿਗੁਰੂ ਬਾਲਕ ਸਿੰਘ ਦੇ ਜੋਤੀ ਜੋਤ ਸਮਾਉਣ ਪਿਛੋਂ ਨਵੇਂ ਫਿਰਕੇ ਦੇ ਸਿੱਖਾਂ ਗੁਰੂ ਰਾਮ ਸਿੰਘ ਨੂੰ ਸੂਬਾ ਸੰਮਤੀ ਨਾਲ ਗੁਰੂ ਬਾਲਕ ਸਿੰਘ ਦਾ ਜਾਂ-ਨਸ਼ੀਨ ਮੰਨ ਲਿਆ ਹੈ। ਸਿਆਲਕੋਟ ਦੇ ਡੀ. ਸੀ. ਨੇ ਲਿਖਿਆ ਏਥੇ ਉਸ ਦੇ ਪੰਜ ਹਜ਼ਾਰ ਸਿਖ ਹਨ, ਜੋ ਹੋਰ



Namdhari Elibrary NamdhariElibrary@gmail.com

ਕਿਸੇ ਨੂੰ ਹਾਕਮ ਨਹੀਂ ਮੰਨਦੇ। ਜਲੰਧਰ ਦੇ ਡੀ. ਸੀ. ਅਨੁਸਾਰ ਨਾਮਧਾਰੀ ਸਿੱਖ ਦੇਹਧਾਰੀ ਗੁਰੂ ਦੇ ਉਪਾਸ਼ਕ ਹਨ। ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਪ੍ਰੇਰਨਾ ਲੈਂਦੇ ਹਨ। ਸਿੱਧੀ ਪੱਗ ਬੰਨ੍ਹਦੇ ਤੇ ਗਲ ਵਿਚ ਉੱਨ ਦੀ ਮਾਲਾ ਰਖਦੇ ਹਨ। ਸੋ ਰਿਪੋਰਟਾਂ ਅਨੁਸਾਰ ਸਰਕਾਰ ਜਿਥੇ ਜਾਣਕਾਰੀ ਰੱਖ ਰਹੀ ਸੀ, ਉਥੇ ਨਿਗਰਾਨੀ ਵੀ।

ਸ੍ਰੀ ਸਤਿਗੁਰੂ ਜੀ ਦੇ ਦੌਰਿਆਂ ਤੇ ਪ੍ਰਚਾਰ ਦਾ ਅਸਰ ਵਧਦਾ ਗਿਆ। 1863 ਈ. ਵਿਚ ਜੇਠ ਦੀ ਪੂਰਨਮਾਸ਼ੀ ਵਾਲੇ ਦਿਨ 1 ਜੂਨ ਨੂੰ ਆਪ ਨੇ ਇਸਤਰੀਆਂ ਦੇ ਭਲੇ ਲਈ ਇਕ ਹੋਰ ਕ੍ਰਾਂਤੀਕਾਰੀ ਕਦਮ ਚੁਕਿਆ। ਆਪ ਨੇ ਪਿੰਡ ਸਿਆੜ੍ਹ (ਜ਼ਿਲ੍ਹਾ ਲੁਧਿਆਣਾ) ਦਰਸ਼ਨ ਦਿਤੇ ਤੇ ਮਾਈਆਂ ਨੂੰ ਅੰਮ੍ਰਿਤ ਛਕਾ ਕੇ ਸੁਚ ਸੋਧ ਰਹਿਤ ਮਰਯਾਦਾ ਦੇ ਧਾਰਨੀ ਕੀਤਾ। ਇਤਿਹਾਸ ਵਿੱਚ ਇਸਤਰੀਆਂ ਨੂੰ ਪਹਿਲੀ ਵਾਰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ ਗਿਆ ਸੀ। ਕਿਉਂਕਿ ਦਸਵੇਂ ਪਾਤਸ਼ਾਹ ਨੇ ਕੇਵਲ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਸੀ। ਏਥੇ ਹੀ ਹੋਰ ਪੱਖਾਂ ਤੋਂ ਬਿਨਾਂ ਕੁੜੀਆਂ ਮਾਰਨ, ਵੇਚਣ, ਵੱਟਾ ਕਰਨ ਤੇ ਬਾਲ ਵਿਵਾਹ ਨਾ ਕਰਨ ਤੇ ਦਾਜ ਦਹੇਜ ਦੀ ਮਨਾਹੀ ਦਾ ਉਪਦੇਸ਼ ਦਿਤਾ ਗਿਆ। ਵਿਧਵਾ ਵਿਆਹ ਦੀ ਇਜਾਜ਼ਤ ਦਿਤੀ ਗਈ। ਮੜੀ ਮਸਾਣ ਪੂਜਣ, ਧਾਗੇ ਤਵੀਤ ਪਾਉਣ ਤੇ ਘੁੰਡ ਕੱਢਣ ਤੋਂ ਵਰਜਿਆ ਗਿਆ। ਸਭ ਨੇ ਸਤਿ ਬਚਨ ਕਿਹਾ।

## ਅਨੰਦ ਮਰਯਾਦਾ ਦਾ ਆਰੰਭ

ਸਤਿਗੁਰੂ ਜੀ ਪੁਰਾਣੀ ਵਿਆਹ ਦੀ ਗੁੰਝਲਦਾਰ ਖਰਚੀਲੀ ਰਸਮ ਤੋਂ ਤੇ ਲਾਗੀਆਂ ਪੰਡਤਾਂ ਤੋਂ ਲੋਕਾਂ ਦਾ ਛੁਟਕਾਰਾ ਕਰਵਾਉਣ ਲਈ ਅਨੰਦ ਮਰਯਾਦਾ ਸ਼ੁਰੂ ਕਰਨ ਦਾ ਪ੍ਰੋਗਰਾਮ ਮਿਥਿਆ। ਇਹ ਅਨੰਦ ਮਰਯਾਦਾ 3 ਜੂਨ 1863 ਈ. ਨੂੰ ਪਿੰਡ ਖੋਟੇ ਜ਼ਿਲਾ ਫਿਰੋਜਪੁਰ ਤੋਂ ਆਰੰਭ ਕੀਤੀ ਗਈ। ਏਥੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਸਾ ਦੀ ਵਾਰ ਦੇ ਕੀਰਤਨ ਪਿਛੋਂ ਵੇਦੀ ਵਿਚ ਹਵਨ ਕੁੰਡ ਦੁਆਲੇ 6 ਜੋੜਿਆਂ ਦੇ ਸਣੇਕੇਸੀ ਇਸ਼ਨਾਨ ਕਰਵਾ ਕੇ, ਅੰਮ੍ਰਿਤ ਛਕਾ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚੋਂ ਲਾਵਾਂ ਦਾ ਪਾਠ ਕਰਕੇ ਫੇਰੇ ਕੀਤੇ ਗਏ। ਇਹ ਅਨੰਦ ਕਾਰਜ ਅੰਤਰ ਜਾਤੀ ਤੇ ਦਾਜ ਦਹੇਜ ਰਹਿਤ ਸਿੱਖ ਪੰਥ ਵਿਚ ਪਹਿਲੇ ਅਨੰਦ ਕਾਰਜ ਸਨ। ਇਹਨਾਂ ਨੂੰ ਅਧਾਰ ਮੰਨ ਕੇ 22 ਅਕਤੂਬਰ 1909 ਨੂੰ ਭਾਰਤ ਸਰਕਾਰ ਨੇ ਅਨੰਦ ਮੈਰਿਜ ਐਕਟ ਪਾਸ ਕੀਤਾ।

ਪੰਡਤਾਂ ਲਾਗੀਆਂ ਦਾ ਵਸ ਤਾਂ ਨਾ ਚਲਿਆ ਪਰ ਉਹਨਾਂ ਨੇ ਪਿੰਡ ਦੇ ਚੌਂਕੀਦਾਰ ਰਾਹੀਂ ਬਾਘੇ ਪੁਰਾਣੇ ਥਾਣੇ ਰਿਪੋਰਟ ਦਰਜ ਕਰਾਈ ਕਿ ਸਤਿਗੁਰੂ ਜੀ ਨਾਲ 500 ਸਿੱਖ ਹਨ। ਉਹ ਬਾਗੀਆਨਾ ਪ੍ਰਚਾਰ ਕਰਦੇ ਹਨ। ਸਰਕਾਰੀ ਮਸ਼ੀਨਰੀ ਹਰਕਤ ਵਿਚ ਆ ਗਈ। ਆਪ ਜੀ ਨੂੰ ਥਾਣਿਓਂ ਥਾਣੀਂ ਸ੍ਰੀ ਭੈਣੀ ਸਾਹਿਬ ਪਹੁੰਚਾ ਕੇ ਪਿੰਡ ਵਿਚ ਨਜ਼ਰਬੰਦ ਕੀਤਾ ਗਿਆ। ਲੁਧਿਆਣੇ ਦੇ ਡੀ. ਸੀ. ਨੇ 6 ਜੁਲਾਈ 1863 ਈ. ਨੂੰ ਸਕੱਤਰ ਪੰਜਾਬ ਨੂੰ ਇਸ ਦੀ ਜਾਣਕਾਰੀ ਦਿਤੀ। ਸਰਕਾਰ ਕੋਲ ਇਹ ਵੀ ਰਿਪੋਰਟ ਪਹੁੰਚ ਚੁਕੀ ਸੀ ਕਿ 40000 ਕੂਕੇ (ਨਾਮਧਾਰੀ) 1863 ਈ. ਨੂੰ ਦਿਵਾਲੀ ਉਤੇ ਅੰਮ੍ਰਿਤਸਰ ਪਹੁੰਚਣਗੇ ਤੇ ਸਰਕਾਰ ਖਿਲਾਫ਼ ਬਗਾਵਤ ਕਰਨਗੇ।

## ਸੂਬਿਆਂ ਦੀ ਸਥਾਪਨਾ

ਸ੍ਰੀ ਸਤਿਗੁਰੂ ਜੀ ਨੇ ਇਸ ਸਮੇਂ ਸਿਮਰਨ, ਚਿੰਤਨ ਤੇ ਧੀਰਜ ਦਾ ਰੂਪ ਬਣ ਕੇ



Namdhari Elibrary NamdhariElibrary@gmail.com

ਅਗਲੇਰੀ ਵਿਉਂਤਬੰਦੀ ਕੀਤੀ। ਇਕ ਤਾਂ ਆਪ ਜੀ ਨੇ ਸਿਖੀ ਰਹਿਤ ਮਰਯਾਦਾ ਸੰਬੰਧੀ ਰਹਿਤਨਾਮਾ ਲਿਖਿਆ। ਦੂਜਾ ਜਥੇਬੰਦਕ ਪ੍ਰਚਾਰ ਲਈ ਪੰਜ ਸੂਬੇ-ਬਾਬਾ ਜਵਾਹਰ ਸਿੰਘ, ਕਾਹਨ ਸਿੰਘ ਨਿਹੰਗ, ਸਾਹਿਬ ਸਿੰਘ, ਲੱਖਾ ਸਿੰਘ ਤੇ ਸੁਧ ਸਿੰਘ ਥਾਪੇ। ਇਹ ਆਪ ਜੀ ਦੇ ਆਦੇਸ਼ ਅਨੁਸਾਰ ਨਾਮਧਾਰੀ ਪੰਥ ਦਾ ਪ੍ਰਚਾਰ ਕਰਨ ਲਗ ਪਏ। ਸਰਕਾਰ ਨੂੰ ਉਹਨਾਂ ਦੇ ਪ੍ਰਚਾਰ ਨਾਲ ਵੀ ਲੋਕਾਂ ਵਿਚ ਬਰਤਨਾਵੀ ਹਕੂਮਤ ਵਿਰੁਧ ਮਾਹੌਲ ਪ੍ਰਫੁਲਤ ਹੁੰਦਾ ਨਜ਼ਰ ਆਇਆ। ਸੋ ਉਹਨਾਂ ਪੰਜਾਂ ਸੂਬਿਆਂ ਨੂੰ ਵੀ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿਤਾ ਗਿਆ। ਸ੍ਰੀ ਸਤਿਗੁਰੂ ਜੀ ਨੇ 17 ਹੋਰ ਸੂਬੇ ਥਾਪੇ। ਇਹਨਾਂ ਦੀ ਸ਼ਖਸੀਅਤ ਵੀ ਪ੍ਰਭਾਵਸ਼ਾਲੀ ਸੀ। ਮਨ, ਬਚਨ ਤੇ ਕਰਮ ਤੋਂ ਸਤਿਗੁਰੂ ਦੀ ਮਰਯਾਦਾ ਅਨੁਸਾਰ ਸੱਚੇ ਸੁੱਚੇ ਸਨ। ਜ਼ੁਬਾਨ ਵਿਚ ਰਸ ਸੀ, ਮਿਕਨਾਤੀਸੀ ਸ਼ਕਤੀ ਸੀ। ਇਹਨਾਂ ਦਾ ਪਿਛੋਕੜ ਤਜ਼ਰਬਿਆਂ ਭਰਿਆ ਸੀ। ਕੋਈ ਸ੍ਰੀ ਸਤਿਗੁਰੂ ਜੀ ਨਾਲ ਖਾਲਸਾ ਫੌਜ ਵਿਚ ਰਿਹਾ ਸੀ, ਕੋਈ ਹੋਰ ਫੌਜੀ, ਕੋਈ ਵੇਦਾਂਤੀ ਸਾਧੂ ਸੀ, ਕੋਈ ਉਦਾਸੀ, ਕੋਈ ਨਿਰਮਲਾ, ਕੋਈ ਸ਼ੇਰ ਦਿਲ ਰੈਜਮੈਂਟ ਵਿਚ ਰਿਹਾ ਸੀ, ਕੋਈ ਸਤਿਗੁਰੂ ਬਾਲਕ ਸਿੰਘ ਦੇ ਸਮੇਂ ਤੋਂ ਮਰਯਾਦਾਧਾਰੀ ਸਿਖ ਸੀ। ਕੋਈ ਰਿਆਸਤਾਂ ਵਿਚੋਂ ਸੀ, ਕੋਈ ਬਾਕੀ ਪੰਜਾਬ ਵਿਚੋਂ, ਕੋਈ ਬਹੁਤ ਵਿਦਵਾਨ ਸੀ, ਕੋਈ 1857 ਦੇ ਸੁਤੰਤਰਤਾ ਸੰਗ੍ਰਾਮ ਦਾ ਘੁਲਾਟੀਆ, ਕੋਈ ਕਿਤੇ ਨੌਕਰ, ਕੋਈ ਸਰਦਾ ਪੁੱਜਦਾ ਜਿਮੀਂਦਾਰ।

ਸੂਬਾ ਸਾਹਿਬ ਸਿੰਘ ਜ਼ੁੰਮੇ ਡਾਕ, ਵਪਾਰ ਤੇ ਪ੍ਰਦੇਸਾਂ ਨਾਲ ਸੰਬੰਧ ਬਣਾਉਣਾ ਸੀ। ਹੋਰ ਸੂਬਿਆਂ ਲਈ ਪ੍ਰਚਾਰ ਖੇਤਰ ਨਿਸਚਿਤ ਕੀਤੇ ਗਏ ਸਨ। ਇਕ ਬੀਬੀ ਹੁਕਮੀ ਨੂੰ ਇਸਤਰੀਆਂ ਵਿਚ ਜਾਗ੍ਰਿਤੀ ਲਿਆਉਣ ਲਈ ਸੂਬਾ ਨਿਯੁਕਤ ਕੀਤਾ ਗਿਆ ਸੀ। ਇਹ ਸੂਬੇ ਸ੍ਰੀ ਸਤਿਗੁਰੂ ਜੀ ਦੇ ਨੁਮਾਇੰਦੇ ਸਨ। ਪਰ ਅੰਗਰੇਜ਼ ਹਾਕਮਾਂ ਨੇ ਕੁਝ ਨੂੰ ਸ੍ਰੀ ਭੈਣੀ ਸਾਹਿਬ ਤੇ ਕੁਝ ਨੂੰ ਉਹਨਾਂ ਦੇ ਪਿੰਡਾਂ ਵਿੱਚ ਨਜ਼ਰਬੰਦ ਕਰ ਦਿੱਤਾ।

ਅੰਬਾਲਾ ਸਰਕਲ ਦਾ ਕਮਿਸ਼ਨਰ ਸਰਕਾਰੀ ਤਾਕਤ ਦਾ ਹਵਾਲਾ ਦਿੰਦਿਆਂ ਖੁਦ ਆ ਕੇ ਸ੍ਰੀ ਸਤਿਗੁਰੂ ਜੀ ਨੂੰ ਕਹਿਣ ਲੱਗਾ ਕਿ ਅਸਾਂ ਤੁਹਾਡੇ ਸੂਬੇ ਵੀ ਨਜ਼ਰਬੰਦ ਕਰ ਦਿਤੇ ਹਨ, ਹੁਣ ਤੁਸੀਂ ਕੀ ਕਰੋਗੇ ? ਸ੍ਰੀ ਸਤਿਗੁਰੂ ਜੀ ਨੇ ਬੜੇ ਠਰ੍ਹੰਮੇ ਪਰ ਦ੍ਰਿੜਤਾ ਨਾਲ ਕਿਹਾ "ਹੁਣ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।" ਕਮਿਸ਼ਨਰ ਕੰਨ ਵਲ੍ਹੇਟ ਕੇ ਚਲਾ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਹੋਈਆਂ ਸਖ਼ਤੀਆਂ, ਨਜ਼ਰਬੰਦੀਆਂ ਦੇ ਬਾਵਜੂਦ ਕੂਕੇ ਸੁਗੰਧ ਸਮੀਰ ਵਾਂਗ ਮਹਿਕ ਰਹੇ ਸਨ। ਹਾਕਮਾਂ ਦੇ ਇੱਕ ਅੰਦਾਜ਼ੇ ਅਨੁਸਾਰ 1866 ਈ. ਤਕ ਨਾਮਧਾਰੀ ਸਿੱਖਾਂ ਦੀ ਗਿਣਤੀ ਤਿੰਨ ਲੱਖ ਤਕ ਹੋ ਚੁੱਕੀ ਸੀ। 2 ਫਰਵਰੀ 1867 ਈ. ਨੂੰ ਪੰਜਾਬ ਸਰਕਾਰ ਦੇ ਸਕੱਤਰ ਨੇ, ਭਾਰਤ ਸਰਕਾਰ ਦੇ ਵਿਦੇਸ਼ ਸਕੱਤਰ ਨੂੰ, ਨਾਮਧਾਰੀ ਪੰਥ ਦੇ ਵਧਣ ਫੁਲਣ ਦੀ ਜ਼ਿਲ੍ਹਿਆਂ ਤੋਂ ਆਈ ਰਿਪੋਰਟ ਭੇਜੀ ਤੇ 14 ਜ਼ਿਲ੍ਹਿਆਂ ਜਾਂ ਰਿਆਸਤਾਂ ਦੇ 252 ਨਾਮਧਾਰੀ ਆਗੂਆਂ ਦੀ ਸੂਚੀ ਨੱਥੀ ਕੀਤੀ। ਪਰ ਸਰਕਾਰ ਨੂੰ ਸ੍ਰੀ ਸਤਿਗੁਰੂ ਜੀ ਨੂੰ ਹੱਥ ਪਾਉਣ ਲਈ ਠੋਸ ਆਧਾਰ ਨਹੀਂ ਸੀ ਲੱਭ ਰਿਹਾ। ਸ੍ਰੀ ਸਤਿਗੁਰੂ ਜੀ ਦੇ ਅਗਲੇਰੇ ਦੌਰਿਆਂ ਦੀ ਭਿਣਕ ਸਰਕਾਰ ਨੂੰ ਪਈ ਤਾਂ ਉਹਨਾਂ 1866 ਦੇ ਅਖੀਰ ਨਜ਼ਰਬੰਦੀ ਵਿਚ ਢਿਲ ਦੇ ਦਿਤੀ।

ਸ੍ਰੀ ਸਤਿਗੁਰੂ ਜੀ ਨੇ ਮਿੱਥੇ ਪ੍ਰੋਗਰਾਮ ਅਨੁਸਾਰ 6 ਫਰਵਰੀ 1867 ਈ. ਨੂੰ ਇਹ ਦੱਸਣ ਲਈ ਸੂਬਾ ਲੱਖਾ ਸਿੰਘ ਨੂੰ ਭੇਜਿਆ ਕਿ ਅਸੀਂ ਹੋਲੇ ਉਤੇ ਅਨੰਦਪੁਰ ਜਾ ਰਹੇ



Namdhari Elibrary NamdhariElibrary@gmail.com

ਹਾਂ। ਜੇ ਤੁਸਾਂ ਨਾ ਜਾਣ ਦਿਤਾ ਤੇ ਵਡੀ ਗਿਣਤੀ ਵਿਚ ਸੰਗਤ ਏਥੇ ਆ ਗਈ ਤਾਂ ਸਰਕਾਰ ਦੀ ਜ਼ੁੰਮੇਵਾਰੀ ਹੋਵੇਗੀ। ਡੀ. ਸੀ., ਕਮਿਸ਼ਨਰ, ਡੀ. ਐਸ. ਪੀ. ਆਦਿ ਖੁਦ ਜਾਇਜ਼ਾ ਲੈਣ ਲਈ ਭੈਣੀ ਸਾਹਿਬ ਆਏ ਤੇ ਹਾਂ ਕਰਨ ਲਈ ਮਜਬੂਰ ਹੋਏ। ਪੰਜਾਬੀਆਂ (ਨਾਮਧਾਰੀ ਸਿੱਖਾਂ) ਦੀ ਨਜ਼ਰ ਪੁਰਾਣੀ ਸਿੱਖ ਸਲਤਨਤ ਨੂੰ ਬਹਾਲ ਕਰਨ ਕਾਰਨ ਸਰਕਾਰੀ ਕਾਨੂੰਨਾਂ ਖਿਲਾਫ ਕੂਕਣ ਦੀ ਗੱਲ ਉਰਦੂ ਦੇ ਅਖਬਾਰ ਰਹਿਨੁਮਾ-ਏ-ਪੰਜਾਬ ਨੇ 18 ਫਰਵਰੀ 1866 ਦੇ ਪਰਚੇ ਵਿਚ ਲਿਖੀ।

ਸ੍ਰੀ ਸਤਿਗੁਰੂ ਜੀ ਸੂਬਿਆਂ, ਸਿਖਾਂ, ਸੇਵਕਾਂ ਸਹਿਤ 19 ਮਾਰਚ 1867 ਨੂੰ ਹੋਲੇ ਮਹੱਲੇ ਸਮੇਂ ਅਨੰਦਪੁਰ ਪੁਜੇ। ਉਹਨਾਂ ਡੀ. ਸੀ. ਹੁਸ਼ਿਆਰਪੁਰ ਨੂੰ ਆਪਣੇ ਆਉਣ ਦਾ ਕਾਰਨ ਇਸ ਸਿੱਖ ਤੀਰਥ ਉਤੇ ਸ਼ਰਧਾ ਭਾਵਨਾ ਪ੍ਰਗਟ ਕਰਨਾ ਦਸਿਆ ਤੇ ਦਰਸ਼ਨ ਕੀਤੇ। ਗੁਰਦੁਆਰੇ ਦੇ ਮਹੰਤਾਂ ਨੂੰ ਮਾਸ, ਸ਼ਰਾਬ, ਝੂਠ, ਵਿਭਚਾਰ, ਦੁਰਾਚਾਰ ਛਡ ਕੇ ਗੁਰ-ਮਰਯਾਦਾ ਨੂੰ ਅਪਣਾਉਣ ਲਈ ਕਿਹਾ। ਸਰਕਾਰੀ ਰਿਕਾਰਡ ਨੇ ਏਥੇ ਪੁੱਜੇ ਨਾਮਧਾਰੀ ਸਿੱਖਾਂ ਦੀ ਗਿਣਤੀ ਪੰਜ ਹਜ਼ਾਰ ਤੋਂ 10 ਹਜ਼ਾਰ ਦੱਸੀ ਅਤੇ ਸ੍ਰੀ ਸਤਿਗੁਰੂ ਜੀ ਦੀ ਰਹਿਨੁਮਾਈ ਵਿਚ ਇਹਨਾਂ ਦੇ ਅਨੁਸ਼ਾਸਨ ਦੀ ਪ੍ਰਸੰਸਾ ਕੀਤੀ। ਏਥੇ ਨਵੇਂ ਨਾਮਧਾਰੀ ਸਿੰਘ ਸਜੇ।

ਏਸੇ ਸਾਲ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਾਧ ਸੰਗਤ ਦਿਵਾਲੀ ਉਤੇ ਅੰਮ੍ਰਿਤਸਰ ਪਹੁੰਚੀ। ਏਥੇ ਦਸਮ ਪਾਤਸ਼ਾਹ ਦੀ ਰਚਿਤ ਸੌ ਸਾਖੀ ਦੇ ਭਵਿਖਤ ਵਾਕਾਂ ਅਨੁਸਾਰ ਚਰਚਾ ਸੀ ਕਿ ਇਹ ਨਾਮਧਾਰੀ ਮੇਲਾ ਬਰਤਾਨਵੀ ਹਕੂਮਤ ਲਈ ਭਾਰੀ ਖਤਰਾ ਸੀ। ਏਥੇ ਨਾਮਧਾਰੀ ਸਿੱਖਾਂ ਦਾ ਇਕੱਠ 20 ਹਜ਼ਾਰ ਤੋਂ ਵਧ ਸੀ ਪਰ ਸਲੀਕੇਦਾਰ। ਹੋਰ ਲੋਕ ਵੀ ਸਤਿਗੁਰੂ ਜੀ ਦੀ ਸੋਭਾ ਸੁਣਕੇ ਦਰਸ਼ਨ ਕਰਨ ਆਏ ਤੇ ਕਈ ਇਹਨਾਂ ਦੇ ਚਰਨ ਸੇਵਕ ਬਣ ਗਏ। ਜਿਸ ਦਾ ਕਾਰਨ ਸੀ ਏਥੇ ਨਾਮਧਾਰੀ ਵਿਚਾਰਧਾਰਾ ਦਾ ਖੁਲ੍ਹ ਕੇ ਕੀਤਾ ਪ੍ਰਚਾਰ ਜੋ ਕਿ ਪਾਖੰਡਵਾਦ ਰਹਿਤ ਸੀ। ਸ੍ਰੀ ਸਤਿਗੁਰੂ ਜੀ ਸਿੱਖਾਂ ਨਾਲ ਹਰਿਮੰਦਰ ਸਾਹਿਬ ਤੇ ਹੋਰ ਗੁਰਦੁਆਰਿਆਂ ਵਿਚ ਮੱਥਾ ਟੇਕਣ ਗਏ। ਕੇਵਲ ਅਕਾਲ ਬੁੰਗਾ (ਤਖ਼ਤ) ਦੇ ਪੁਜਾਰੀ ਤੇ ਨਿਹੰਗਾਂ ਮੱਥੇ ਵੱਟ ਪਾਏ ਕਿ ਕਿਤੇ ਕਬਜ਼ਾ ਨਾ ਕਰ ਲੈਣ। ਬਾਕੀਆਂ ਨੇ ਸਣੇ ਹਰਿਮੰਦਰ ਸਾਹਿਬ ਜੀਉ ਆਇਆਂ ਨੂੰ ਕਿਹਾ। ਇਸ ਦਾ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਬੁਰਾ ਮਨਾਇਆ, ਉਹਨੇ ਅੰਗਰੇਜ਼ ਪ੍ਰਤੀ ਵਫਾਦਾਰੀ ਵੀ ਪਾਲਣੀ ਸੀ।

ਏਥੇ ਸਰਕਾਰੀ ਰਿਪੋਰਟ ਵਿਚ ਖਦਸ਼ਾ ਪ੍ਰਗਟ ਕੀਤਾ ਗਿਆ ਕਿ ਆਪ ਜੀ ਦਾ ਉਤਰਾਧਿਕਾਰੀ ਸੂਬਾ ਸਾਹਿਬ ਸਿੰਘ ਹੋ ਸਕਦਾ ਹੈ।

ਸ੍ਰੀ ਸਤਿਗੁਰੂ ਜੀ ਨੇ ਆਪਣੇ ਦੌਰੇ ਫਿਰ ਸ਼ੁਰੂ ਕੀਤੇ ਤੇ ਮਾਲਵੇ ਨੂੰ ਸਿਖੀ ਰਹਿਤ ਮਰਯਾਦਾ ਵਿਚ ਲਿਆਂਦਾ। 1868 ਈ. ਦੀ ਮਾਘੀ ਆਪ ਨੇ ਮੁਕਤਸਰ ਮੇਲਾ ਕੀਤਾ। ਗੁਰਦੁਆਰੇ ਦੇ ਪੁਜਾਰੀਆਂ ਗੁਰਦੁਆਰੇ ਮੱਥਾ ਨਾ ਟੇਕਣ ਦਿਤਾ ਤੇ ਤਨਖਾਹ ਲੁਆਉਣ ਲਈ ਕਿਹਾ। ਲੋਕ ਉਹਨਾਂ ਪੁਜਾਰੀਆਂ ਦੇ ਰਵੱਈਏ ਤੋਂ ਪ੍ਰੇਸ਼ਾਨ ਤਾਂ ਸਨ ਪਰ ਮਨ ਮਸੋਸ ਕੇ ਰਹਿ ਗਏ।

ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਪੰਥ ਜੋਬਨ ਤੇ ਲੈ ਆਂਦਾ ਸੀ। ਸਰਕਾਰੀ ਅਫਸਰ ਇਹਨਾਂ ਦੀ ਚੜ੍ਹਦੀ ਕਲਾ ਨੂੰ ਰਿਪੋਰਟਾਂ ਵਿਚ ਲੁਕਾ ਨਹੀਂ ਸਨ ਸਕੇ। 27 ਅਕਤੂਬਰ



Namdhari Elibrary NamdhariElibrary@gmail.com

1867 ਵਿਚ ਸਿਆਲਕੋਟ ਦੇ ਅਧਿਕਾਰੀ ਲਿਖਿਆ ਕਿ ਸਾਲ 1866 ਵਿੱਚ 80 ਹਜ਼ਾਰ ਮਾਲਾ ਵੰਡੀਆਂ ਗਈਆਂ ਭਾਵ ਏਨੇ ਕੂਕੇ ਬਣੇ। ਗੁਜਰਾਂਵਾਲੇ ਕੂਕਿਆਂ ਦੀ ਗਿਣਤੀ 5 ਹਜ਼ਾਰ ਦੱਸੀ ਗਈ।

ਸਰਕਾਰੀ ਦਸਤਾਵੇਜ਼ਾਂ ਵਿਚ 1867 ਈ. ਵਿਚ ਕੂਕਾ ਪੋਸਟਲ ਸਰਵਿਸ ਵਿਸ਼ੇ ਵਿੱਚ ਕੂਕਾ ਡਾਕ ਪ੍ਰਬੰਧ ਬਾਰੇ ਵੀ ਲਿਖਿਆ ਹੈ ਕਿ ਇਸ ਦਾ ਪ੍ਰਬੰਧ ਸਹੀ ਹੈ। ਚਿੱਠੀਆਂ ਗੁਪਤ ਰਹਿੰਦੀਆਂ ਹਨ, ਛੇਤੀਂ ਪਹੁੰਚਦੀਆਂ ਹਨ, ਹਰ ਕੋਈ ਚਿਠੀ ਮਿਲਣ ਉਤੇ ਜ਼ੁੰਮੇਵਾਰੀ ਨਾਲ ਚਿਠੀ ਥਾਂ ਸਿਰ ਪਹੁੰਚਾਉਣ ਨੂੰ ਪਹਿਲ ਦਿੰਦਾ ਹੈ।

ਸ੍ਰੀ ਸਤਿਗੁਰੂ ਜੀ ਦੇ ਸਿੱਖ ਸੰਗਤ ਵਿਚ ਮਾਣ ਸਤਿਕਾਰ ਬਾਰੇ ਆਈ.ਜੀ. ਪੰਜਾਬ ਪੁਲਿਸ 1869 ਈ ਵਿੱਚ ਲਿਖਦਾ ਹੈ ਕਿ ਸਿੱਖਾਂ ਵਲੋਂ ਗੁਰੂ ਨੂੰ ਸਧਾਰਨ ਮਨੁੱਖ ਨਹੀਂ, ਅਕਾਲ ਪੁਰਖ ਦਾ ਰੂਪ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਾ ਸਰੂਪ ਮੰਨਿਆ ਜਾਂਦਾ ਹੈ। ਸਿੱਖ ਆਪ ਨੂੰ ਸ੍ਰੀ ਸਤਿਗੁਰੂ ਸੱਚਾ ਪਾਤਸ਼ਾਹ ਮੰਨ ਕੇ ਸੀਸ ਨਿਵਾਉਂਦੇ ਸਨ।

ਪੰਥ ਨੂੰ ਚੜ੍ਹਦੀ ਕਲਾ ਵਲ ਜਾਂਦਾ ਵੇਖ ਕੇ ਸਖ਼ਤੀਆਂ ਵਧਾ ਦਿਤੀਆਂ ਗਈਆਂ। ਤੰਗ ਕੀਤਾ ਜਾਣ ਲੱਗਾ। ਫਰਵਰੀ 1869 ਵਿਚ ਹੀ ਜ਼ਿਲ੍ਹਾ ਹਿਸਾਰ ਦੇ ਕੂਕੇ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ ਪੰਜ ਕੁ ਹਜ਼ਾਰ ਮਾਇਆ ਇਕੱਠੀ ਕਰਕੇ ਭੇਟਾ ਕਰਨ ਲਈ ਚੱਲ ਪਏ। ਥਰਾਜਵਾਲੇ ਕੋਲ ਡਿਪਟੀ ਇੰਸਪੈਕਟਰ ਨਾਲ ਬੋਲ ਬੁਲਾਰਾ ਹੋਣ ਕਰਕੇ ਹੋਰ ਪੁਲਿਸ ਦਸਤੇ ਨੇ ਆ ਕੇ ਉਹਨਾਂ ਨੂੰ ਫੜ ਕੇ ਮਾਇਆ ਖੋਹ ਕੇ 65 ਮੀਲ ਤੋਰ ਕੇ ਮੁਕਤਸਰ ਲੈ ਗਏ ਤੇ ਬਗਾਵਤ ਦਾ ਕੇਸ ਚਲਾ ਕੇ ਮਸਤਾਨ ਸਿੰਘ ਤੇ ਹੋਰ ਆਗੂਆਂ ਨੂੰ ਸਜ਼ਾਵਾਂ ਦਿਤੀਆਂ ਤੇ ਜੁਰਮਾਨੇ ਕੀਤੇ।

## ਵਿਦੇਸ਼ਾਂ ਨਾਲ ਸੰਬੰਧ—ਕਸ਼ਮੀਰ

ਪੰਜਾਬ ਵਿਚ ਸਿਖੀ ਦੀਆਂ ਜੜ੍ਹਾਂ ਮਜਬੂਤ ਕਰਕੇ ਤੇ ਸਰਕਾਰ ਦੇ ਵਿਰੁੱਧ ਲੋਕ ਮਨਾਂ ਵਿਚ ਭਾਵਨਾ ਪੈਦਾ ਕਰਕੇ ਨਾਮਧਾਰੀ ਸਿੱਖਾਂ ਪੰਜਾਬ ਤੋਂ ਬਾਹਰ ਆਪਣੇ ਸੰਬੰਧ ਬਣਾਉਣੇ ਸ਼ੁਰੂ ਕੀਤੇ। 1869 ਈ. ਵਿਚ ਸ੍ਰੀ ਸਤਿਗੁਰੂ ਜੀ ਦੇ ਸਿਆਲਕੋਟ ਤੇ ਗੁਜਰਾਂਵਾਲੇ ਦੇ ਜ਼ਿਲ੍ਹਿਆਂ ਦੇ ਦੌਰਿਆਂ ਸਮੇਂ ਆਪ ਜੀ ਨੇ ਹੀਰਾ ਸਿੰਘ ਲੰਮ੍ਹ ਸਢੌਰਾ ਤੇ ਤਾਰਾ ਸਿੰਘ ਕਿਲਾ ਰਾਏਪੁਰ ਨਾਲ 28 ਸਿੱਖ ਕਸ਼ਮੀਰ ਦੇ ਮਹਾਰਾਜੇ ਕੋਲ ਭੇਜੇ। ਮਹਾਰਾਜਾ ਰਣਬੀਰ ਸਿੰਘ ਨੇ ਆਪਣੇ ਗੁਰੂ ਵੇਦਾਂਤੀ ਦੀ ਰਾਏ ਨਾਲ ਉਹਨਾਂ ਨੂੰ ਫੌਜ ਵਿਚ ਭਰਤੀ ਕਰ ਲਿਆ। ਉਹਨਾਂ ਦੀ ਇਮਾਨਦਾਰੀ, ਭਰੋਸੇ ਤੇ ਕੰਮ ਦੀ ਲਗਨ ਕਰਕੇ ਕੁਝ ਹੋਰ ਨਾਮਧਾਰੀ ਫੌਜੀ ਭਰਤੀ ਕਰਕੇ ਵੱਖਰੀ ਪਲਟਨ ਬਣਾ ਲਈ ਗਈ ਤੇ ਗਿਲਗਿਤ ਸਰਹੱਦ ਤੇ ਤਾਇਨਾਤ ਕੀਤਾ। ਤਨਖਾਹ ਬਾਕੀ ਫੌਜੀਆਂ ਤੋਂ ਇਕ ਰੁਪਇਆ ਵਧ ਮਿਲਦੀ ਸੀ। ਇਹਨਾਂ ਸਿੱਖਾਂ ਨੂੰ ਆਪਣੇ ਬਾਣੇ ਵਿਚ ਰਹਿਣ ਦੀ ਇਜਾਜ਼ਤ ਸੀ।

ਮਹਾਰਾਜੇ ਦਾ ਮੁਖ ਮੰਤਰੀ ਦੀਵਾਨ ਕਿਰਪਾ ਰਾਮ ਅੰਗਰੇਜ਼ ਦਾ ਵਫਾਦਾਰ ਸੀ। ਉਹ ਉਹਨਾਂ ਨੂੰ ਇਸ ਬਾਰੇ ਰਿਪੋਰਟਾਂ ਦਿੰਦਾ। ਉਸੇ ਦੀ ਰਿਪੋਰਟ ਕਾਰਨ ਪੰਜਾਬ ਸਰਕਾਰ ਨੇ ਡੀ. ਆਈ ਜੀ. ਰਾਹੀਂ ਛਾਣਬੀਣ ਕਰਾਈ। ਨਾਮਧਾਰੀ ਸਿੱਖਾਂ ਦੀ ਵਫਾਦਾਰੀ ਤੇ ਵੇਦਾਂਤੀ ਤੇ ਮਹਾਰਾਜੇ ਦੀ ਸ਼ਰਧਾ ਕਾਰਨ ਦੀਵਾਨ ਦੀ ਦਾਲ ਨਾ ਗਲੀ। ਪਰ ਉਹ ਲੱਗਾ ਰਿਹਾ ਤੇ 1871 ਈ. ਵਿੱਚ ਕੂਕਿਆਂ ਦੀਆਂ ਦੇਸ ਭਗਤਕ ਤੇ ਗਊ ਰੱਖਿਅਕ ਕਾਰਵਾਈਆਂ ਬਾਰੇ ਮਹਾਰਾਜੇ ਦੇ ਕੰਨ ਭਰ ਕੇ ਦੀਵਾਨ ਨੇ ਪਲਟਨ ਤੁੜਵਾ ਦਿਤੀ ਸੀ।



Namdhari Elibrary NamdhariElibrary@gmail.com

## ਨੇਪਾਲ

ਨੇਪਾਲ ਦਾ ਪ੍ਰਧਾਨ ਮੰਤਰੀ ਜੰਗ ਬਹਾਦਰ ਅੰਗਰੇਜ਼ਾਂ ਦੀ ਭਾਰਤ ਨੂੰ ਹੜੱਪਣ ਦੀ ਨੀਤੀ ਸਮਝਦਾ ਸੀ ਤੇ ਏਥੋਂ ਦੇ ਹੋਰ ਦੇਸ਼ ਭਗਤਾਂ ਨਾਲ ਹਮਦਰਦੀ ਰਖਦਾ ਸੀ। ਏਸੇ ਕਰਕੇ ਉਸਨੇ ਪੰਜਾਬ ਦੀ ਮਹਾਰਾਣੀ ਜਿੰਦਾਂ, 1857 ਈ. ਦੇ ਘੁਲਾਟੀਏ ਆਗੂਆਂ ਨਾਨਾ ਫਰਨਵੀਸ, ਨਵਾਬ ਅਬਦੁਲ ਮਜੀਦ ਖਾਂ, ਬਾਬੂ ਕੋਇਰ ਸਿੰਘ, ਬਾਬੂ ਬੰਧੂ ਸਿੰਘ ਆਦਿ ਨੂੰ ਸ਼ਰਨ ਦਿਤੀ ਸੀ।

1870 ਈ. ਵਿਚ ਸ੍ਰੀ ਸਤਿਗੁਰੂ ਜੀ ਦਾ ਗ੍ਰੰਥਗੜ ਦਾ ਦੇਸ਼ ਭਗਤ ਸਿੱਖ ਬਾਬਾ ਕਿਸ਼ਨ ਸਿੰਘ ਉਥੋਂ ਦੇ ਇੱਕ ਪੰਜਾਬੀ ਹਵਾਲਦਾਰ ਨੰਦ ਰਾਮ ਦੇ ਨੇੜੇ ਹੋ ਗਿਆ। ਉਹ ਸਾਂਝ ਵਧਾਉਂਦਾ ਪ੍ਰਧਾਨ ਮੰਤਰੀ ਨੂੰ ਵੀ ਮਿਲਿਆ। ਉਹਨਾਂ ਨੇ ਉਸ ਨੂੰ ਨਾਮਧਾਰੀ ਪੰਥ ਦੀ ਚੜ੍ਹਦੀ ਕਲਾ ਤੇ ਅੰਗਰੇਜ਼ਾਂ ਵਿਰੁਧ ਸੰਗਠਨ ਬਾਰੇ ਦਸਿਆ। ਜੰਗ ਬਹਾਦਰ ਪ੍ਰਧਾਨ ਮੰਤਰੀ ਨੇ ਕਿਸੇ ਆਗੂ ਨੂੰ ਮਿਲਣ ਦੀ ਲੋੜ ਸਮਝੀ ਤਾਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ ਨਿਹੰਗ ਆਪ ਜੀ ਵਲੋਂ ਉਸ ਨੂੰ ਮਿਲੇ ਤੇ ਵਿਸਤਾਰ ਨਾਲ ਸਤਿਗੁਰੂ ਜੀ ਦੇ ਝੰਡੇ ਹੇਠ ਲੱਖਾਂ ਕੂਕਿਆਂ ਦੀ ਮਰਯਾਦਾ ਭਾਵਨਾ ਤੇ ਨਾ-ਮਿਲਵਰਤਨ ਤੇ ਸੁਦੇਸ਼ੀ ਦੀ ਨੀਤੀ ਬਾਰੇ ਦਸਿਆ। ਉਹਨਾਂ ਨੇ ਸ੍ਰੀ ਸਤਿਗੁਰੂ ਜੀ ਵਲੋਂ ਦੋ ਵਧੀਆ ਦੁਧਾਰੂ ਮੱਝਾਂ, ਦੋ ਕੀਮਤੀ ਖੱਚਰਾਂ ਆਦਿ ਭੇਟ ਕੀਤੀਆਂ। ਉਹਨਾਂ ਨੇ ਸਿਖ ਰਾਜ ਦੀਆਂ ਪੁਰਾਣੀਆਂ ਸਾਂਝਾਂ ਤਾਜ਼ੀਆਂ ਕੀਤੀਆਂ (ਕਿਉਂਕਿ ਜੰਗ ਬਹਾਦਰ ਤੇ ਨਿਹੰਗ ਦੋਵੇਂ ਖਾਲਸਾ ਦਰਬਾਰ ਵਿਚ ਨੌਕਰ ਰਹੇ ਸਨ) ਉਸ ਨੇ ਸ੍ਰੀ ਸਤਿਗੁਰੂ ਜੀ ਨੂੰ ਸੁਗਾਤ ਵਜੋਂ ਕਸਤੂਰੀ ਦੇ 108 ਮਣਕਿਆਂ ਦੀ ਮਾਲਾ, ਤਿਬਤੀ ਘੋੜਾ, ਦੋ ਰਤਨ ਜੜਤ ਖੋਖਰੀਆਂ, ਕੀਮਤੀ ਦੁਸ਼ਾਲਾ, ਹੋਰ ਕਪੜਾ, 500 ਰੁਪਈਏ ਤੇ ਖਿੱਲਤ ਆਦਿ ਭੇਜੀ। ਬਾਬਾ ਕਿਸ਼ਨ ਸਿੰਘ ਉਥੇ ਹੀ ਰਹੇ।

ਪ੍ਰਧਾਨ ਮੰਤਰੀ ਨੇ ਇਕ ਵਾਰ ਸਹਿਜੇ ਹੀ ਨੇਪਾਲ ਦੇ ਰੈਜੀਡੈਂਟ ਕਰਨਲ ਆਰ. ਸੀ. ਲਾਰੰਸ ਨਾਲ ਨਾਮਧਾਰੀ ਸਿੱਖਾਂ ਦੇ ਉਚੇ ਸੁਚੇ ਕਿਰਦਾਰ ਦੀ ਸਿਫਤ ਕੀਤੀ। ਉਸ ਦੇ ਕੰਨ ਖੜ੍ਹੇ ਹੋ ਗਏ। ਉਸ ਨੇ ਆਪਣੇ ਤਰੀਕੇ ਨਾਲ ਜਾਣਕਾਰੀ ਲੈ ਕੇ ਵਧਾ ਚੜ੍ਹਾ ਕੇ ਰਿਪੋਰਟ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਨੂੰ ਭੇਜੀ। ਇਸਨੂੰ ਪੜ੍ਹ ਕੇ ਸਰਕਾਰ ਚੁਕੰਨੀ ਹੋ ਗਈ ਤੇ ਇਕ ਟਿਪਣੀ ਕੀਤੀ ਕਿ ਕਸ਼ਮੀਰ ਜਾਂ ਨੇਪਾਲ ਨਾਲ ਸੰਬੰਧ ਗੁਰੂ ਜਾਂ ਧਾਰਮਿਕ ਰਹਿਨੁਮਾ ਦੇ ਘੇਰੇ ਤੋਂ ਬਾਹਰ ਦਾ ਕੰਮ ਹੈ। ਭਾਵ ਰਾਜਨੀਤਕ ਖੇਤਰ।

## ਅਫਗ਼ਾਨਿਸਤਾਨ-ਰੂਸ

1867 ਵਿਚ ਸ਼ੇਰ ਅਲੀ ਦੁਬਾਰਾ ਅਫਗਾਨਿਸਤਾਨ ਦਾ ਅਮੀਰ ਬਣਿਆ। ਉਹ ਅੰਗਰੇਜ਼ਾਂ ਦੇ ਨਾਲ ਹੋਏ ਪਿਛਲੇ ਸਮੇਂ ਵਿਚ ਜੰਗਾਂ ਯੁਧਾਂ ਕਾਰਨ ਉਹਨਾਂ ਪ੍ਰਤੀ ਨਫਰਤ ਕਰਦਾ ਸੀ। ਇਸੇ ਕਰਕੇ ਭਾਰਤੀ ਦੇਸ਼ ਭਗਤਾਂ ਨਾਲ ਹਮਦਰਦੀ ਰਖਦਾ ਸੀ। ਬਾਬਾ ਬਿਸ਼ਨ ਸਿੰਘ ਫਾਰਸੀ, ਪਸ਼ਤੋ ਦਾ ਵਿਦਵਾਨ ਸੀ। ਸੋ ਉਸ ਅਮੀਰ ਨੂੰ ਮਿਲਕੇ ਨਾਮਧਾਰੀ ਪੰਥ ਬਾਰੇ ਲੋੜੀਂਦੀ ਜਾਣਕਾਰੀ ਦਿਤੀ। ਉਸ ਦੀ ਅੰਗਰੇਜ਼ ਵਿਰੋਧੀ ਇਸ ਜਮਾਤ ਵਿਚ ਦਿਲਚਸਪੀ ਵਧੀ ਤੇ ਉਸ ਨੇ ਆਪਣੇ ਪੁਤਰਾਂ ਯਾਕੂਬ ਖਾਂ ਤੇ ਅਬਦੁਲਾ ਖਾਂ ਨੂੰ ਭਾਰਤ ਭੇਜਿਆ। ਉਹ ਸ੍ਰੀ ਭੈਣੀ ਸਾਹਿਬ ਵੀ ਆਏ ਤੇ ਸਤਿਗੁਰੂ ਰਾਮ ਸਿੰਘ ਜੀ ਤੋਂ ਪ੍ਰਭਾਵਿਤ ਹੋ ਕੇ ਗਏ। ਅੰਗਰੇਜ਼ਾਂ ਦੇ ਸੂਹੀਏ ਨੇ ਇਸ ਬਾਰੇ ਰਿਪੋਰਟ ਭੇਜੀ। ਪਰ ਦੋਹਾਂ



Namdhari Elibrary NamdhariElibrary@gmail.com

ਵਿਚ ਹੋਈ ਗੱਲਬਾਤ ਬਾਰੇ ਕੁਝ ਨਾ ਲਿਖ ਸਕਿਆ।

ਬਾਬਾ ਬਿਸ਼ਨ ਸਿੰਘ ਤੋਂ ਇਲਾਵਾ ਬਾਬਾ ਗੁਰਚਰਨ ਸਿੰਘ ਵੀ ਵਿਦੇਸ਼ੀ ਮਿਸ਼ਨ ਵਿਚ ਸਰਗਰਮ ਸੀ। ਉਹ ਸਮਰਕੰਦ ਰਾਹੀਂ ਰੂਸ ਜਾ ਪੁਜਾ। ਸ੍ਰੀ ਸਤਿਗੁਰੂ ਜੀ ਦੇ ਰੰਗੂਨ ਨਜ਼ਰਬੰਦ ਕੀਤੇ ਜਾਣ ਸਮੇਂ, ਉਹ ਉਹਨਾਂ ਸੰਬੰਧਾਂ ਨੂੰ ਹੋਰ ਪਕੇਰਾ ਕਰਦਾ ਰਿਹਾ।

## ਅਜ਼ਾਦੀ ਲਈ ਸ਼ਹਾਦਤਾਂ-ਅੰਮ੍ਰਿਤਸਰ

ਸ੍ਰੀ ਸਤਿਗੁਰੂ ਜੀ ਨੇ ਦੇਸ਼ ਦਾ ਦਰਦ ਰੱਖਣ ਵਾਲਿਆਂ ਨੂੰ ਇਕੱਠਾ ਕਰਨ ਦਾ ਪ੍ਰੋਗਰਾਮ ਮਿਥਿਆ ਸੀ। ਇਸ ਵਿੱਚ ਕੂਕੇ ਸਿੱਖ ਹੀ ਨਹੀਂ, ਕੂਕੇ ਹਿੰਦੂ ਤੇ ਕੂਕੇ ਮੁਸਲਮਾਨ ਵੀ ਆਪਣੇ ਆਪ ਨੂੰ ਸ਼ਾਮਲ ਕਰਨਾ ਪੁਨੀਤ ਕਾਰਜ ਸਮਝਦੇ ਸਨ। ਅੰਗਰੇਜ਼ ਪਾੜੋ ਤੇ ਰਾਜ ਕਰੋ ਦੀ ਨੀਤੀ ਅਪਣਾ ਰਿਹਾ ਸੀ। ਧਾਰਮਿਕ ਪੱਖੋਂ ਪਾੜਨ ਲਈ ਉਸਨੇ 3 ਮਈ 1849 ਈ. ਨੂੰ ਪੰਜਾਬ ਵਿੱਚ ਗਊ ਹੱਤਿਆ ਦੀ ਖੁਲ੍ਹ ਦੇ ਦਿਤੀ। ਉਹ ਵੀ ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਲਾਗੇ ਘੰਟਾ ਘਰ ਵਾਲੀ ਥਾਂ ਤੇ। ਮੁਸਲਮਾਨਾਂ ਲਈ ਗਊਕਸ਼ੀ, ਗਊ ਮਾਸ ਖਾਣ, ਵੇਚਣ ਤੋਂ ਪ੍ਰਹੇਜ਼ ਨਹੀਂ ਸੀ। ਹਿੰਦੂ ਸਿੱਖ ਇਸ ਨੂੰ ਨਫ਼ਰਤ ਕਰਦੇ ਸਨ ਸੋ ਆਪਸ ਵਿੱਚ ਕੁੜੱਤਣ ਪੈਦਾ ਹੋਣ ਲਗੀ। ਸਮਾਜਕ ਤੇ ਵਪਾਰਕ ਸੰਬੰਧ ਵੀ ਵਿਗੜਨ ਲਗੇ। ਹਿੰਦੂ ਮੁਸਲਿਮ ਫਸਾਦ ਵੀ ਹੋਏ। 1849 ਤੋਂ ਵਧਦੀ ਵਧਦੀ ਸਥਿਤੀ ਪੂਰੀ ਤਰ੍ਹਾਂ ਖਿਚਾਅਪੂਰਨ ਹੋ ਗਈ। ਸਿੱਖਾਂ ਦੇ ਧਾਰਮਿਕ ਕੇਂਦਰ ਤੇ ਧਾਰਮਿਕ ਸਥਾਨ ਹਰਿਮੰਦਰ ਸਾਹਿਬ ਦੀ ਪਰਕਰਮਾਂ ਵਿੱਚ ਭਾਈ ਦੇਵਾ ਸਿੰਘ ਨੇ 1871 ਈ ਨੂੰ ਪੰਛੀਆਂ ਦੀ ਠੂੰਗੀ ਗਊ ਦੀ ਹੱਡੀ ਵੇਖੀ। ਉਸ ਨੇ ਉਹ ਹੱਡੀ ਹਰਿਮੰਦਰ ਸਾਹਿਬ ਵਿੱਚ ਸ੍ਰੀ ਆਦਿ ਗ੍ਰੰਥ ਸਾਹਿਬ ਅੱਗੇ ਲਿਆ ਰੱਖੀ ਤਾਂ ਕਿ ਸਿਖਾਂ ਦੀ ਅਣਖ ਨੂੰ ਹਲੂਣਿਆ ਜਾ ਸਕੇ। ਇਸ ਤਰ੍ਹਾਂ ਦਾ ਅਸਰ ਤਾਂ ਨਾ ਹੋਇਆ ਉਲਟਾ ਸਰਕਾਰ ਨੇ ਅਮਨ ਭੰਗ ਕਰਨ ਲਈ ਉਹਨਾਂ ਨੂੰ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਹਾਲਾਤ ਹੋਰ ਵਿਗੜਦੇ ਵੇਖਕੇ ਅੰਮ੍ਰਿਤਸਰ ਡਵੀਜ਼ਨ ਦੇ ਕਮਿਸ਼ਨਰ ਨੇ ਨਗਰ ਪਾਲਿਕਾ ਦੇ ਮੈਂਬਰਾਂ ਦੀ ਮੀਟਿੰਗ 22 ਮਈ 1871 ਈ. ਨੂੰ ਸੱਦੀ ਤਾਂਕਿ ਬੁਚੜਖਾਨੇ ਕਾਇਮ ਰਖਣ ਜਾਂ ਬੰਦ ਕਰਨ ਬਾਰੇ ਫੈਸਲਾ ਹੋ ਸਕੇ ਤੇ ਅਮਨ ਚੈਨ ਹੋਏ। ਭਾਵੇਂ ਹਿੰਦੂ ਮੁਸਲਮਾਨ ਸਿੱਖਾਂ ਦੀ ਰਾਏ ਸੀ ਕਿ ਘਟੋ ਘਟ ਇੱਕ ਸਾਲ ਲਈ ਬੰਦ ਹੋਣ ਫਿਰ ਵੀ ਕਮਿਸ਼ਨ ਨੇ ਧਾਰਮਿਕ ਅਜ਼ਾਦੀ ਦੇ ਨਾਂ ਉਤੇ ਮਤਾ ਕਾਇਮ ਰੱਖਣ ਦਾ ਪਾਸ ਕਰਵਾ ਲਿਆ। 3 ਜੂਨ 1871 ਨੂੰ ਹੋਰ ਪਤਵੰਤੇ ਬੰਦੇ ਸੱਦਕੇ ਇਸ ਉਤੇ ਮੋਹਰ ਲੁਆ ਲਈ। ਇਸ ਨਾਲ ਮੁਸਲਮਾਨਾਂ ਦੀ ਚੜ੍ਹ ਮਚ ਗਈ।

ਸਿੱਖਾਂ ਨੂੰ ਬੁਚੜਖਾਨਾ ਤੇ ਸ਼ਹਿਰ ਵਿੱਚ ਸ਼ਰੇਆਮ ਗਊ ਮਾਸ ਦੀ ਵਿਕਰੀ ਉਹਨਾਂ ਦੀ ਧਾਰਮਿਕ ਪਵਿਤਰਤਾ ਭੰਗ ਕਰਨਾ ਲੱਗਾ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੀ ਅਣਖ ਤਾਂ ਜਾਗ ਚੁੱਕੀ ਸੀ। ਉਹ ਸਮਝਦੇ ਸਨ ਕਿ ਬੁਚੜਖਾਨੇ ਸਰਕਾਰ ਨੇ ਲਾਏ ਹਨ। ਉਹ ਸਰਕਾਰ ਦੀ ਬੁਚੜਖਾਨੇ ਖੋਲ੍ਹਣ ਦੀ ਨੀਤੀ ਨੂੰ ਢਾਹ ਲਾਉਣ, ਇਹਨਾਂ ਨੂੰ ਬੰਦ ਕਰਵਾਉਣ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਸਨ। ਉਹਨਾਂ ਦਾ ਨਿਸ਼ਾਨਾ ਅੰਗਰੇਜ਼ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣਾ ਸੀ।ਦਸ ਸਿੰਘਾਂ ਨੇ ਮਤਾ ਪਕਾ ਕੇ 14-15 ਜੂਨ 1871 ਦੀ ਰਾਤ ਨੂੰ ਬੁਚੜਖਾਨੇ ਉਤੇ ਹਮਲਾ ਬੋਲਿਆ। ਗਊਆਂ ਦੇ ਰੱਸੇ ਵੱਢੇ ਜਿਹੜੇ ਬੁਚੜ ਮੁਕਾਬਲਾ ਕਰਨ ਆਏ ਉਹਨਾਂ ਦੇ ਆਹੂ ਲਾਹੇ ਤੇ ਭਗਤਾਂ ਵਾਲੇ ਦਰਵਾਜੇ ਕੋਲ ਬੀੜ ਵਿੱਚ ਗਊਆਂ ਛਡ ਕੇ, ਲਹੂ ਲਿਬੜੇ ਕਪੜੇ ਬਦਲ ਕੇ ਵੱਖ ਵੱਖ ਰਾਹੀਂ ਪਏ।



Namdhari Elibrary NamdhariElibrary@gmail.com

ਇਸ ਲੜਾਈ ਵਿੱਚ 4 ਬੁਚੜ ਮਾਰੇ ਗਏ 3 ਜਖਮੀ ਹੋਏ। ਸਰਕਾਰ ਨੇ ਪੂਰੀ ਵਾਹ ਲਾਈ ਪਰ ਸਿੰਘਾਂ ਨੂੰ ਫੜ ਨਾ ਸਕੀ। ਉਸ ਨੇ ਆਪਣਾ ਦਬਦਬਾ ਕਾਇਮ ਰਖਣ ਲਈ 12 ਨਿਰਦੋਸ਼ਾਂ ਨੂੰ ਕਾਤਲ ਸਿੱਧ ਕਰਕੇ 25 ਜੁਲਾਈ ਨੂੰ ਮੈਜਿਸਟ੍ਰੇਟ ਨੇ ਫੈਸਲਾ ਸੁਣਾ ਕੇ ਡੀ. ਸੀ. ਦੀ ਸਹੀ ਪੁਆ ਕੇ ਮਿਸਲ ਸੈਸ਼ਨ ਜਜ ਕੋਲ ਭੇਜੀ।

ਇਹਨਾਂ ਸਿੰਘਾਂ ਵਿੱਚੋਂ ਇਕ ਦਿਨ ਬਾਬਾ ਲਹਿਣਾ ਸਿੰਘ ਤੇ ਸੰਤ ਬੀਹਲਾ ਸਿੰਘ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਸ੍ਰੀ ਭੈਣੀ ਸਾਹਿਬ ਬੈਠੇ ਹੋਏ ਸਨ। ਉਹਨਾਂ ਦੇ ਪੁੱਛਣ ਤੇ ਆਪ ਜੀ ਨੂੰ ਦਸਿਆ ਕਿ ਇਹ ਕਾਰਜ ਉਹਨਾਂ ਕੀਤਾ ਹੈ। ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਕਚਹਿਰੀ ਵਿੱਚ ਜਾ ਕੇ ਆਪਣਾ ਦੋਸ਼ ਮੰਨੋ ਤੇ ਬੇਦੋਸ਼ਿਆਂ ਨੂੰ ਫਾਹੇ ਲਗਣ ਤੋਂ ਬਚਾਓ।

ਉਹਨਾਂ ਨੇ ਪੰਜ ਸਾਥੀ ਹੋਰ ਭਾਲ ਲਏ। ਸੱਤਾਂ ਨੇ ਜਾ ਕੇ ਧਰਮ, ਗਊ-ਗਰੀਬ ਤੇ ਸਰਕਾਰ ਦੀ ਕੁਟਲ ਨੀਤੀ ਖਿਲਾਫ਼ ਚੁੱਕੇ ਆਪਣੇ ਕਦਮ ਨੂੰ ਕਬੂਲ ਕੀਤਾ। ਮਿਸਲ ਪੂਰੀ ਕਰਨ ਲਈ ਗੁਲਾਬ ਸਿੰਘ ਨਾਂ ਦਾ ਸਰਕਾਰੀ ਗੁਆਹ ਲੁਧਿਆਣਿਓਂ ਸੱਦਿਆ ਅਤੇ 11 ਸਤੰਬਰ 1871 ਤੱਕ ਕਾਰਵਾਈ ਪੂਰੀ ਕਰ ਕੇ ਲਹਿਣਾ ਸਿੰਘ ਪੁੱਤਰ ਮੁਸੱਦਾ ਸਿੰਘ, ਫਤਿਹ ਸਿੰਘ ਭਾਟੜਾ, ਹਾਕਮ ਸਿੰਘ ਪਟਵਾਰੀ ਤੇ ਬੀਹਲਾ ਸਿੰਘ ਨੂੰ ਫ਼ਾਂਸੀ, ਲਹਿਣਾ ਸਿੰਘ ਸਪੁੱਤਰ ਬਲਾਕਾ ਸਿੰਘ ਤੇ ਲਾਲ ਸਿੰਘ ਨੂੰ ਕਾਲੇ ਪਾਣੀ ਦੀ ਸਜ਼ਾ ਤੇ ਮਿਹਰ ਸਿੰਘ, ਝੰਡਾ ਸਿੰਘ, ਭਗਵਾਨ ਸਿੰਘ ਨੂੰ ਭਗੌੜਾ ਕਰਾਰ ਦਿੱਤਾ ਗਿਆ। ਫਾਂਸੀ ਦੇ ਸਮੇਂ ਸ਼ਹੀਦਾਂ ਨੇ ਸਰੋਵਰ ਵਿੱਚ ਸਣੇ ਕੇਸੀਂ ਇਸ਼ਨਾਨ ਕਰਕੇ, ਕੀਰਤਨ ਕਰਕੇ, ਰਾਮ ਬਾਗ ਕੋਲ ਬੋਹੜ ਨਾਲ ਆਪ ਮਿਥੇ ਦਿਨ 15 ਸਤੰਬਰ ਨੂੰ ਰੱਸੇ ਗਲੀਂ ਪਾਏ। ਝੰਡਾ ਸਿੰਘ ਠੱਟਾ ਨੂੰ 11 ਅਗਸਤ 1873 ਈ. ਨੂੰ ਫੜ ਕੇ ਅਗਲੇ ਦਿਨ ਫਾਂਸੀ ਦੀ ਸਜ਼ਾ ਦਿਤੀ ਗਈ। ਇੰਜ ਇਹ ਸਿੰਘ ਬਰਤਾਨਵੀ ਨੀਤੀ ਖਿਲਾਫ ਤੇ ਦੇਸ ਦੀ ਆਜ਼ਾਦੀ ਲਈ ਕੁਰਬਾਨੀ ਦੇ ਗਏ।

ਸਰਕਾਰ ਨੇ ਇੱਕ ਬੁਚੜਖਾਨਾ ਸ਼ਿਮਲੇ ਖੁਲਵਾਇਆ। ਉਥੇ ਕਤਲ ਲਈ ਗਊਆਂ ਅੰਬਾਲੇ ਤੋਂ ਭੇਜੀਆਂ ਜਾਂਦੀਆਂ ਸਨ। ਅਤਰ ਸਿੰਘ ਹਜ਼ੂਰੀਆ, ਅਤਰ ਸਿੰਘ ਕੋਠੇ ਕਾ, ਕਾਨ੍ਹ ਸਿੰਘ ਕਮਾਲਪੁਰ ਕਾ, ਧੌਂਕਲ ਸਿੰਘ ਰਾਏਪੁਰ ਤੇ ਥੰਮਣ ਸਿੰਘ ਦੁਘਰੀ ਬੁਚੜਖਾਨਾ ਬੰਦ ਕਰਵਾਉਣ ਲਈ ਮਤਾ ਪਕਾ ਕੇ ਚਲ ਪਏ। ਉਹਨਾਂ ਨੇ ਤਲਵਾਰਾਂ ਦਾ ਪ੍ਰਬੰਧ ਵੀ ਕਰ ਲਿਆ। ਪਰ ਮੁਰਿੰਡੇ ਲਾਗੇ ਬਾਗਾਂ ਵਾਲੇ ਪੁੱਜੇ ਤਾਂ ਭਾਰੀ ਮੀਂਹ ਪੈਣ ਕਰਕੇ ਦਰਿਆ ਵਿੱਚ ਹੜ੍ਹ ਵਾਲੀ ਸਥਿਤੀ ਹੋਣ ਕਰਕੇ ਵਾਪਸ ਮੁੜਨ ਲੱਗੇ। ਚੌਕੀਦਾਰ ਕਰਮ ਬਖਸ਼ ਘੇਰ ਕੇ ਥਾਣੇ ਲੈ ਜਾਣ ਲੱਗਾ ਤਾਂ ਉਸ ਨੂੰ ਜਾਨ ਤੋਂ ਹੱਥ ਧੋਣੇ ਪਏ। ਸਿੰਘਾਂ ਮਗਰ ਵਾਹਰ ਪਈ ਪਰ ਇਸ ਡਰ ਤੋਂ ਕਿ ਸਾਨੂੰ ਵੀ ਨਾ ਵੱਢ ਦੇਣ ਵਾਪਸ ਮੁੜੇ। ਸਿੰਘ ਪੌਣ ਰੂਪ ਹੋ ਗਏ। ਇਹ ਘਟਨਾ 5 ਜੁਲਾਈ 1871 ਈ. ਨੂੰ ਵਾਪਰੀ। ਭਾਵੇਂ ਇਸ ਬਾਰੇ ਮੁਰਿੰਡਾ ਕੇਸ ਵਿਚ ਕੁਝ ਕਾਰਵਾਈ ਕੀਤੀ ਗਈ ਪਰ ਸਰਕਾਰ ਸਾਫ ਨਾਮਧਾਰੀ ਸਿੰਘਾਂ ਵਿੱਚ ਉਹਨਾਂ ਖਿਲਾਫ ਭਾਵਨਾ ਵੱਧ ਰਹੀ ਵੇਖ ਰਹੀ ਸੀ—ਸੁਤੰਤਰਤਾ ਦੀ ਭਾਵਨਾ।

## ਰਾਏਕੋਟ

ਰਾਏਕੋਟ ਦਾ ਬੁੱਚੜਖਾਨਾ ਜਾਣਕੇ ਉਸ ਥਾਂ ਖੋਲ੍ਹਿਆ ਗਿਆ ਸੀ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਬਿਸਰਾਮ ਕੀਤਾ ਸੀ। ਏਥੇ ਟਾਹਲੀਆਣਾ ਗੁਰਦੁਆਰਾ ਬਣਾਇਆ ਗਿਆ ਨਾਲ ਇੱਕ ਛੱਪੜ ਵੀ ਸੀ। ਇਸ ਗੁਰਦੁਆਰੇ ਉਤੇ ਬੈਠ ਕੇ ਪੰਛੀ ਮਾਸ ਚੂੰਡਦੇ ਸਨ। ਇੱਕ ਰਾਤ ਨਾਮਧਾਰੀ ਸਿੰਘ ਰਾਏਕੋਟ ਹੀ ਸੁਥਰਿਆਂ ਦੇ ਡੇਰੇ ਰੁਕੇ ਤਾਂ ਉਹਨਾਂ ਨੂੰ



Namdhari Elibrary NamdhariElibrary@gmail.com

ਦਸਿਆ ਗਿਆ ਕਿ ਸਰਕਾਰ ਦੀ ਸ਼ਹਿ ਤੇ ਕਸਾਈਆਂ ਦੀ ਚੜ੍ਹ ਮੱਚੀ ਹੋਈ ਹੈ। ਸਾਡੀ ਮਹਯਾਦਾ ਭੰਗ ਹੁੰਦੀ ਹੈ। ਇਹ ਸਿੰਘ ਤਾਜ ਪੁਰ ਗਏ : ਕੁਝ ਮਤਾ ਪਕਾਇਆ ਤੇ 15 ਜੁਲਾਈ 1871 ਨੂੰ ਰਾਤੀਂ ਬੁੱਚੜਖਾਨੇ ਅੰਦਰ ਵੜ ਕੇ ਗਊਆਂ ਦੇ ਰੱਸੇ ਵੱਢੇ। ਉਹਨਾਂ ਨਾਲ ਆਢਾ ਲਾਉਣ ਆਏ ਇਕ ਮਰਦ ਤੇ ਇਕ ਔਰਤ ਮਾਰੇ ਗਏ ਤੇ 7 ਜ਼ਖ਼ਮੀ ਹੋਏ। ਬੁਚੜਖਾਨੇ ਦਾ ਮਾਲਕ ਰਾਂਝਾ ਤੇ 2 ਹੋਰ ਹਮਲਾ ਹੋਣਾ ਮਹਿਸੂਸ ਕਰਕੇ ਭੱਜ ਗਏ।

ਰਾਤ ਬਰਸਾਤ ਹੋਈ ਸੀ ਤੇ ਹਨੇਰੀ ਵੀ ਸੀ, ਸੋ ਸਿੰਘ ਹਰਨ ਹੋ ਗਏ। ਨੇੜਲੇ ਥਾਣੇ ਵਾਲਿਆਂ ਸਿੰਘਾਂ ਨੂੰ ਭਾਲਣ ਦੀ ਕੋਸ਼ਿਸ਼ ਕੀਤੀ ਪਰ ਹਨੇਰੀ ਤੇ ਝੱਖੜ ਚਲ ਰਿਹਾ ਸੀ। ਚਿਕੜ ਤੇ ਖੋਭਾ ਸੀ ਸੋ ਹੱਥ ਝਾੜ ਕੇ ਮੁੜ ਆਏ।

ਅਗਲੇ ਦਿਨ 16 ਜੁਲਾਈ ਨੂੰ ਡੀ.ਸੀ. ਨੂੰ ਪਤਾ ਲੱਗਾ ਤਾਂ ਉਹ ਡੀ. ਐਸ. ਪੀ. ਨੂੰ ਲੈ ਕੇ ਮੌਕਾ-ਏ-ਵਾਰਦਾਤ ਤੇ ਪੁੱਜਾ। ਉਸਦੀ ਸੋਚ ਵਿੱਚ ਤਾਂ ਉਹਨਾਂ ਦੀ ਹਿੰਦੂ ਸਿੱਖਾਂ ਦਾ ਧਰਮ ਭਰਿਸ਼ਟ ਕਰਨ ਤੇ ਪਾੜਨ ਦੀ ਨੀਤੀ ਦੀ ਅਸਫ਼ਲਤਾ ਫਿਰ ਰਹੀ ਸੀ। ਬੁਚੜਾਂ ਨੇ ਇਹ ਕੰਮ ਬੰਦ ਕਰ ਦੇਣਾ ਸੀ। ਅੰਗਰੇਜ਼ ਹਾਕਮ ਖਿਲਾਫ ਐਸੀਆਂ ਕਾਰਵਾਈਆਂ ਆਜ਼ਾਦੀ ਦੀ ਲੜਾਈ ਹੀ ਸਨ ਕੇਵਲ ਗਊ ਬਧ ਰੋਕਣ ਲਈ ਹਮਲਾ ਨਹੀਂ। ਉਸ ਦੇ ਹੁਕਮ ਨਾਲ ਤਤਕਾਲ ਕਾਰਵਾਈ ਹੋਈ। ਖੋਜੀਆਂ ਨੇ ਪੈੜਾਂ ਦਾ ਪਿਛਾ ਕੀਤਾ ਤੇ 8 ਵਿਅਕਤੀਆਂ ਦੇ ਖੁਰੇ ਨਾਭਾ ਰਿਆਸਤ ਵਿੱਚ ਜਾਂਦੇ ਲੱਭੇ। ਫਿਰ ਦੋ ਇਕ ਪਾਸੇ ਤੇ 6 ਛੀਨੀਵਾਲ ਰਿਆਸਤ ਪਟਿਆਲਾ ਜਾਂਦੇ ਲੱਗੇ। ਮਹਿੰਦਰ ਸਿੰਘ ਮਹਾਰਾਜਾ ਪਟਿਆਲਾ ਨੂੰ ਦੋਸ਼ੀਆਂ ਨੂੰ ਫੜਾਉਣ ਲਈ ਕਿਹਾ ਤਾਂ ਉਸਨੇ ਫੜਾਉਣ ਦੀ ਸੂਹ ਦੇਣ ਵਾਲੇ ਨੂੰ 250 ਰੁਪਈਏ ਇਨਾਮ ਦਾ ਐਲਾਨ ਕੀਤਾ। ਕਈਆਂ ਨੇ ਰੜਕ, ਲਾਲਚ ਤੇ ਦੁਸ਼ਮਨੀ ਕਾਰਨ ਗ਼ਲਤ-ਮਲਤ ਨਾਂ ਦਿਤੇ। ਹਰਨਾਮ ਸਿੰਘ ਨੇ ਕਿਹਾ ਕਿ ਕਤਲ ਗੁਰੂ ਰਾਮ ਸਿੰਘ ਨੇ ਕਰਵਾਏ ਹਨ। ਏਸੇ ਤਰ੍ਹਾਂ ਦਾ ਬਿਆਨ ਸੁੰਦਰ ਸਿੰਘ ਨੇ ਵੀ ਈਰਖਾ ਤੇ ਲਾਲਚ ਕਾਰਨ ਦਿਤਾ ਪਰ ਤਫਤੀਸ਼ ਕਰ ਰਹੇ ਡੀ. ਐਸ. ਪੀ. ਕੈਪਟਨ ਹਾਰਸ ਫੋਰਡ ਨੇ ਡੀ. ਸੀ. ਕਾਵਨ ਨੂੰ ਲਿਖਿਆ ਕਿ ਇਹ ਬਿਆਨ ਝੂਠੇ ਤੇ ਬੇਬੁਨਿਆਦ ਹਨ। ਸ੍ਰੀ ਸਤਿਗੁਰੂ ਜੀ ਨੇ ਕੂਕਿਆਂ ਨੂੰ ਕੋਈ ਵੀ ਕਤਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ।

ਛੀਨੀਵਾਲ ਦਾ ਦਲ ਸਿੰਘ ਇਸ ਕਾਰਜ ਵਿੱਚ ਨਾਲ ਸੀ। ਉਹ ਇਕ ਹਜ਼ਾਰ ਰੁਪਈਏ ਦੇ ਇਨਾਮ ਜੋ ਪਟਿਆਲੇ ਦੇ ਇਨਾਮ ਤੋਂ ਵਖਰਾ ਸੀ, ਦੇ ਲਾਲਚ ਕਾਰਨ ਤੇ ਸ਼ਾਇਦ ਡਰ ਕਾਰਨ ਸਰਕਾਰੀ ਗਵਾਹ ਬਣ ਗਿਆ। ਉਸ ਦੇ ਦੱਸਿਆਂ ਗੁਲਾਬ ਸਿੰਘ ਚੂਹੜਚੱਕ ਤੋਂ ਅਤੇ ਮੰਗਲ ਸਿੰਘ, ਗੁਰਮੁਖ ਸਿੰਘ ਤੇ ਮਸਤਾਨ ਸਿੰਘ ਤਿੰਨੇ ਉਹਨਾਂ ਦੇ ਪਿੰਡ ਪਿੱਥੋ ਤੋਂ ਫੜ ਲਏ ਗਏ।

ਬਸੀਆਂ ਵਿੱਚ ਅਦਾਲਤ ਲਾਈ ਗਈ। ਦਲ ਸਿੰਘ, ਉਸਦੀ ਪਤਨੀ ਰਾਮੋ ਤੇ ਕਾਨ੍ਹਾਂ ਗੁਆਹ ਬਣੇ ਤੇ ਹੇਠਲੀ ਅਦਾਲਤ ਤੋਂ ਬਾਅਦ ਸੈਸ਼ਨ ਕੋਰਟ ਦੇ ਜੱਜ ਜੇ. ਡਬਲਿਊ. ਮੈਕਨਬ ਨੇ 27 ਜੁਲਾਈ 1871 ਨੂੰ ਮੌਤ ਦੀ ਸਜ਼ਾ ਸੁਣਾਈ। ਇੱਕ ਅਗਸਤ ਨੂੰ ਚੀਫ ਕੋਰਟ ਨੇ ਵੀ ਸਜ਼ਾ ਬਹਾਲ ਰੱਖੀ।

ਗੁਲਾਬ ਸਿੰਘ ਨੂੰ ਸਰਕਾਰ ਨੇ ਅੰਮ੍ਰਿਤਸਰ ਦੇ ਬੁਚੜਖਾਨੇ ਉਤੇ ਹਮਲੇ ਦੇ ਕੇਸ ਵਿੱਚ ਮੌਕੇ ਦੇ ਗਵਾਹ ਵਜੋਂ ਵਰਤਣਾ ਸੀ, ਸੋ ਮੌਤ ਦੀ ਸਜ਼ਾ ਸੁਣਾ ਕੇ ਵੀ ਉਸਨੂੰ ਛੱਡ ਦਿਤਾ ਗਿਆ।



Namdhari Elibrary NamdhariElibrary@gmail.com

ਤਿੰਨਾਂ ਸਿੰਘਾਂ ਨੂੰ ਅੰਗਰੇਜ਼ ਸਰਕਾਰ ਖਿਲਾਫ਼ ਉਕਸਾਉਣ ਦਾ ਦੋਸ਼ ਲਾ ਕੇ ਸੂਬਾ ਗਿਆਨੀ ਰਤਨ ਸਿੰਘ ਤੇ ਰਤਨ ਸਿੰਘ ਨਾਈਵਾਲਾ ਨੂੰ ਲੁਧਿਆਣੇ ਜੇਲ੍ਹ ਵਿੱਚ ਡੱਕ ਦਿਤਾ ਗਿਆ।

ਰਾਏਕੋਟ ਫ਼ਾਂਸੀ ਗੱਡੀ ਗਈ। ਤਿੰਨਾਂ ਸਿੰਘਾਂ ਗੁਰਮੁਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਨੇ 5 ਅਗਸਤ ਨੂੰ ਫਾਂਸੀ ਦੇ ਰੱਸਿਆਂ ਨੂੰ ਚੁੰਮਿਆਂ ਤੇ ਸ਼ਹਾਦਤ ਪ੍ਰਾਪਤ ਕੀਤੀ।

## ਲੁਧਿਆਣਾ

ਸੂਬਾ ਗਿਆਨੀ ਰਤਨ ਸਿੰਘ ਅਤੇ ਰਤਨ ਸਿੰਘ ਨਾਈਵਾਲਾ ਉਤੇ 21 ਸਤੰਬਰ 1871 ਈ. ਨੂੰ ਮੁਕੱਦਮਾ ਚਲਾਇਆ ਗਿਆ। ਦਲ ਸਿੰਘ ਤੇ ਰਾਮ ਕੌਰ ਤੋਂ ਬਿਨਾਂ ਨਵਾਂ ਗਵਾਹ ਗੁਲਾਬ ਸਿੰਘ ਸੀ। 26 ਅਕਤੂਬਰ ਨੂੰ ਉਹਨਾਂ ਨੂੰ ਸੈਸ਼ਨ ਜੱਜ ਨੇ ਮੌਤ ਦੀ ਸਜ਼ਾ ਸੁਣਾਈ। ਫੈਸਲਾ ਮੋਹਰ ਲੁਆਉਣ ਲਈ ਚੀਫ਼ ਕੋਰਟ ਦੇ ਤਿੰਨ ਜੱਜਾਂ ਕੋਲ ਗਿਆ। ਜੱਜ ਬੋਲੀਨੋਸ ਨੇ ਮੌਤ ਦੀ ਸਜ਼ਾ ਨੂੰ ਸ਼ੱਕੀ ਗਵਾਹੀਆਂ ਦੇ ਆਧਾਰ ਉੱਤੇ ਕਾਲੇ ਪਾਣੀ ਵਿੱਚ ਬਦਲ ਦਿਤਾ ਪਰ ਜੱਜ ਕੈਂਪਬੈਲ ਨੇ 14 ਨਵੰਬਰ ਨੂੰ ਮੌਤ ਦੀ ਸਜ਼ਾ ਬਹਾਲ ਰੱਖੀ ਅਤੇ ਤੀਜੇ ਜੱਜ ਲਿੰਡਸੇ ਨੇ ਵੀ 23 ਨਵੰਬਰ ਨੂੰ ਇਸ ਉਤੇ ਮੋਹਰ ਲਾ ਦਿਤੀ।

26 ਨਵੰਬਰ 1871 ਈ. ਨੂੰ ਦੋਵੇਂ ਨਾਮਧਾਰੀ ਹੀਰੇ ਲੁਧਿਆਣਾ ਜੇਲ੍ਹ ਦੇ ਬਾਹਰ ਫਾਂਸੀ ਦੇ ਰੱਸੇ ਤੇ ਝੂਲ ਗਏ ਪਰ ਫੇਰ ਜਨਮ ਲੈਕੇ ਅੰਗਰੇਜ਼ਾਂ ਦੀ ਬੇਨਿਆਈਂ ਤੇ ਵਿਦੇਸ਼ੀ ਹਕੂਮਤ ਖਿਲਾਫ ਸੁਤੰਤਰਤਾ ਲਈ ਜੂਝਣ ਦਾ ਸੰਦੇਸ਼ ਦੇ ਗਏ।

ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਦੀ ਹਰਚਾ ਸੀ। ਉਹਨਾਂ ਨੇ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਚਹਿਰੀ ਵਿੱਚ ਜਾ ਕੇ ਸੱਚ ਬੋਲਿਆ ਸੀ ਭਾਵੇਂ ਸੀਸ ਦੇ ਦਿਤੇ ਸਨ। ਅੰਗਰੇਜ਼ ਨੂੰ ਇਸ ਦੇ ਉਲਟ ਅਰਥ ਦਿਸਦੇ ਸਨ। ਉਹ ਸਮਝਦੇ ਸਨ ਕਿ ਇਹ ਹੁਕਮ ਮੰਨਣ ਵਾਲੇ ਉਹਨਾਂ ਨੂੰ ਹਾਕਮ ਨਹੀਂ ਮੰਨਦੇ ਸਨ, ਉਸਦਾ ਹੁਕਮ ਮੰਨਦੇ ਸਨ ਤੇ ਉਹ ਸਤਿਗੁਰੂ ਸੱਚੇ ਪਾਤਸ਼ਾਹ ਸੀ। ਉਸ ਦੇ ਸਿੱਖ ਖਾਸ ਬਾਣੇ ਤੇ ਮਰਯਾਦਾ ਵਿੱਚ ਸਨ। ਉਹਨਾਂ ਦੇ ਵਿਦੇਸ਼ਾਂ ਨਾਲ ਸੰਬੰਧ ਵਧ ਰਹੇ ਸਨ। ਉਹ ਅੰਗਰੇਜ਼ ਸਰਕਾਰ ਦੇ ਕੱਟੜ ਵੈਰੀ ਸਨ। ਉਹ ਉਹਨਾਂ ਨਾਲ ਪੂਰਾ ਨਾਮਿਲਵਰਤਨ ਕਰਕੇ ਸੁਦੇਸ਼ੀ ਅਪਣਾਈ ਬੈਠੇ ਸਨ। ਉਹਨਾਂ ਵਿੱਚ ਜੁਝਾਰੂਆਂ ਦੇ ਗੁਣ ਵੀ ਸਨ।

ਜ਼ਿਲ੍ਹਿਆਂ ਤੋਂ ਸਰਕਲਾਂ ਤੇ ਸਰਕਲਾਂ ਤੋਂ ਪੰਜਾਬ ਸਰਕਾਰ ਤੇ ਓਥੋਂ ਭਾਰਤ ਸਰਕਾਰ ਤੇ ਇਸ ਦੇ ਇੰਗਲੈਂਡ ਵਿਚਲੇ ਦਫਤਰਾਂ ਨੂੰ ਰਿਪੋਰਟਾਂ ਜਾ ਰਹੀਆਂ ਹਨ "ਮੈਂ ਆਪਣੀਆਂ ਪਹਿਲੀਆਂ ਦਸਤਾਵੇਜ਼ਾਂ ਵਿੱਚ ਵੇਖਦਾ ਹਾਂ ਕਿ (ਗੁਰੂ) ਰਾਮ ਸਿੰਘ ਨੂੰ ਗੁਰੂ ਨਾਨਕ ਦਾ ਗੱਦੀ ਨਸ਼ੀਨ ਜਾਂ ਉਸਦਾ ਪ੍ਰਤੱਖ ਰੂਪ, ਸੰਤ ਸਮਝਿਆ ਹੋਇਆ ਸੀ। ਹੁਣ ਉਹ (ਗੁਰੂ) ਗੋਬਿੰਦ ਸਿੰਘ ਸੂਰਬੀਰ ਦਾ ਪ੍ਰਤੀਨਿਧ ਹੈ।"

"(ਗੁਰੂ) ਰਾਮ ਸਿੰਘ ਕੋਲ ਸਾਧੂ-ਫਕੀਰ ਹੋਣ ਦਾ ਕੋਈ ਹੱਕ ਨਹੀਂ ਉਹ ਤੁਹਾਡੇ ਕੋਲ ਅੱਧੀ ਦਰਜਨ ਘੋੜਸਵਾਰਾਂ ਨਾਲ ਆਉਂਦਾ ਹੈ। ਵੀਹਾਂ ਪੈਦਲ ਬੰਦੇ ਉਸਦੇ ਮਗਰ ਹੁੰਦੇ ਹਨ। ਉਹ ਤੁਹਾਡੇ ਕਮਰੇ ਵਿੱਚ ਇਕ ਸ਼ਹਿਜ਼ਾਦੇ ਵਾਂਗ ਦਰਬਾਰੀਆਂ ਵਿੱਚ ਘਿਰਿਆ ਆਉਂਦਾ ਹੈ। 5 ਨਵੰਬਰ 1871-ਜੇ. ਡਬਲਯੂ ਮੈਕਨਬ, ਕਮਿਸ਼ਨਰ ਅੰਬਾਲਾ।



Namdhari Elibrary NamdhariElibrary@gmail.com

"ਜਦ ਮੈਂ ਪਹਿਲਾ ਉਸ ਬਾਰੇ (ਗੁਰੂ) ਬਾਲਕ ਰਾਮ (ਸਿੰਘ) ਹਜ਼ਰੋਂ ਵਾਲੇ ਦੇ ਗੱਦੀ ਨਸ਼ੀਨ ਹੋਣ ਬਾਬਤ ਸੁਣਿਆ ਤਾਂ ਉਹ ਰਾਮ ਸਿੰਘ ਮਹੰਤ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਬਾਅਦ ਵਿੱਚ ਗੁਰੂ ਰਾਮ ਸਿੰਘ ਫਿਰ ਜਿਵੇਂ ਸਤਿਗੁਰੂ ਰਾਮ ਸਿੰਘ ਤੇ ਹੁਣ ਸਤਿਗੁਰੂ ਬਾਦਸ਼ਾਹ ਵਾਕਰ।" —20 ਨਵੰਬਰ 1871 ਡੀ. ਆਈ. ਜੀ. ਪੁਲਿਸ ਅੰਬਾਲਾ।

ਸਤਿਗੁਰੂ ਜੀ ਦੇ ਦੌਰੇ ਤੇ ਬਚਨ ਲੰਮੀ ਲੜਾਈ ਲਈ ਤਨ ਮਨ ਵਾਰਨ ਵਾਲੇ ਸੱਚੇ-ਸੁੱਚੇ ਸਿੱਖਾਂ ਵਿੱਚ ਵਾਧਾ ਕਰ ਰਹੇ ਸਨ। 1871 ਈ. ਤੱਕ ਦੱਸ ਲਖ ਦੇ ਕਰੀਬ ਉਹਨਾਂ ਦੇ ਸੱਚੇ ਸ਼ਰਧਾਵਾਨ ਬਣ ਚੁਕੇ ਸਨ ਜਾਂ ਉਹਨਾਂ ਦੇ ਪ੍ਰੋਗਰਾਮ ਦੇ ਕਾਇਲ ਸਨ। ਉਦੋਂ ਹੀ ਇੱਕ ਹੋਰ ਘਟਨਾ ਨੇ ਦਿਵਾਨੇ ਮਸਤਾਨੇ 150-200 ਨਾਮਧਾਰੀ ਸਿੱਖਾਂ ਨੂੰ ਗੁੱਸਾ ਦਿਵਾ ਦਿਤਾ ਅਤੇ ਉਹਨਾਂ ਮਲਰੇਕੋਟਲੇ ਉੱਤੇ ਹਮਲਾ ਬੋਲ ਦਿੱਤਾ।

## ਮਲੇਰਕੋਟਲਾ

ਸਿੱਖ, ਮਲੇਰਕੋਟਲੇ ਰਿਆਸਤ ਦੇ ਮੁਸਲਮਾਨਾਂ ਤੋਂ ਇਸ ਕਰਕੇ ਪ੍ਰੇਸ਼ਾਨ ਸਨ ਕਿ ਉਹ ਗਊ ਹੱਤਿਆ ਕਰਨੋਂ ਨਹੀਂ ਸਨ ਹਟਦੇ। ਫਰਵਾਹੀ ਦੇ ਨੰਬਰਦਾਰ ਗੁਰਮੁਖ ਸਿੰਘ ਸਾਹਵੇਂ ਕੋਤਵਾਲ ਦੇ ਹੁਕਮ ਨਾਲ ਬੁਢੇ ਬਲਦ ਨੂੰ ਜ਼ਿਬ੍ਹਾ ਕਰਨ ਨੇ ਬਲਦੀ ਤੇ ਤੇਲ ਦਾ ਕੰਮ ਕੀਤਾ।

ਗੁਰਮੁਖ ਸਿੰਘ ਨੇ ਇੱਕ ਬੁਢੇ ਬਲਦ ਉੱਤੇ ਮੂਲੀਆਂ ਲੱਦੀ ਬੈਠੇ ਕਰੂੰਜੜੇ ਨੂੰ ਕਿਹਾ ਕਿ ਉਹ ਉਸ ਬੇਜ਼ਬਾਨ ਤੇ ਤਰਸ ਕਰੇ ਤੇ ਉੱਤਰ ਕੇ ਤੁਰੇ। ਕਰੂੰਜੜਾ ਵੱਖੀਓਂ ਬੋਲਿਆ, ਮਾਮਲਾ ਮਲੇਰਕੋਟਲੇ ਦੇ ਕੋਤਵਾਲ ਕੋਲ ਗਿਆ ਤੇ ਉਸ ਨੇ ਉਸ ਸਾਹਵੇਂ ਬਲਦ ਜ਼ਿਬ੍ਹਾ ਕਰਵਾ ਕੇ ਕਰੂੰਜੜੇ ਨੂੰ ਉਸ ਦਾ ਮੁੱਲ ਦੇ ਦਿੱਤਾ।

ਗੁਰਮੁਖ ਸਿੰਘ ਭਰਿਆ ਪੀਤਾ ਸ੍ਰੀ ਭੈਣੀ ਸਾਹਿਬ ਪੁੱਜਾ। ਮਾਤਾ ਜੱਸਾਂ ਜੀ (ਸ੍ਰੀ ਸਤਿਗੁਰੂ ਜੀ ਦੇ ਮਹਿਲ) ਨਵੰਬਰ 1871 ਵਿੱਚ ਚੜ੍ਹਾਈ ਕਰ ਗਏ ਸਨ। ਸ੍ਰੀ ਭੈਣੀ ਸਾਹਿਬ 13 ਜਨਵਰੀ 1872 ਈ. ਨੂੰ ਉਹਨਾਂ ਦੀ ਯਾਦ ਵਿੱਚ ਹੋਏ ਮੇਲੇ ਦਾ ਭੋਗ ਪਿਆ। ਏਥੇ ਬਹੁਤ ਸੰਗਤ ਇਕੱਠੀ ਹੋਈ। 500 ਮਣ ਅਨਾਜ ਪੱਕਾ ਤੇ ਦਾਲਾ ਬਣਿਆ, ਉਹ ਸੰਗਤ ਵਿੱਚ ਵਰਤਾਇਆ ਗਿਆ।

ਸੰਗਤ ਘਰ ਨੂੰ ਜਾ ਰਹੀ ਸੀ ਕਿ ਸੌ ਕੁ ਮਸਤਾਨੇ ਸਿੱਖਾਂ ਦੇ ਜਥੇ ਸਾਹਵੇਂ ਨੰਬਰਦਾਰ ਨੇ ਮਲੇਰਕੋਟਲੇ ਦੀ ਵਾਰਤਾ ਸੁਣਾਈ। ਸਿੱਖ ਆਪਿਓਂ ਬਾਹਰ ਹੋ ਗਏ। ਜਥਾ ਰਾਮਸਰ ਵਲੋਂ ਅਕਾਲ ਬੁੰਗੇ ਵੱਲ ਚਲਾ ਗਿਆ। ਉਥੇ ਮਾਈ ਇੰਦ ਕੌਰ ਹੰਡਿਆਏ ਵਾਲੀ ਤੇ ਖੇਮ ਕੌਰ ਦਿੜ੍ਹ ਪੁਰੇ ਦੀ ਵੀ ਸੀ। ਇੰਦ ਕੌਰ ਨੇ ਪੱਲੂ ਫੇਰਿਆ ਤੇ ਕਿਹਾ ਆਓ ਜਿਸ ਧਰਮ ਜਹਾਜ਼ ਤੇ ਸਵਾਰ ਹੋਣਾ ਹੈ। ਏਥੇ 250 ਮਸਤਾਨੇ ਸਿੰਘ ਇਕੱਠੇ ਹੋ ਗਏ। ਉਹਨਾਂ ਨੂੰ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਦਾ ਰਵੱਈਆ ਕਠੋਰ ਹੋ ਗਿਆ। ਉਹ ਮਰਨ ਮਾਰਨ ਲਈ ਤਿਆਰ ਹੋ ਗਏ।

ਉਥੇ ਹੀ ਸਾਹਨੇਵਾਲ ਦਾ ਥਾਣੇਦਾਰ 5 ਸਿਪਾਹੀਆਂ ਨਾਲ ਮੇਲੇ ਦੀ ਨਿਗਰਾਨੀ ਲਈ ਆਇਆ ਹੋਇਆ ਸੀ। ਉਸਨੇ ਸ੍ਰੀ ਸਤਿਗੁਰੂ ਜੀ ਨੂੰ ਉਹਨਾਂ ਨੂੰ ਰੋਕਣ ਲਈ ਕਿਹਾ। ਆਪ ਜੀ ਨੇ ਸੂਬਾ ਲੱਖਾ ਸਿੰਘ ਨੂੰ ਭੇਜਿਆ ਪਰ ਉਸ ਦੀ ਇੱਕ ਨਾ ਸੁਣੀ ਗਈ। ਸਤਿਗੁਰੂ ਜੀ ਖੁਦ ਗਏ ਤੇ ਕਿਹਾ ਕੁਝ ਚਿਰ ਸ਼ਾਂਤ ਰਹੋ, ਕਾਹਲੀ ਨਾ ਕਰੋ। ਪਰ ਉਹ



Namdhari Elibrary NamdhariElibrary@gmail.com

ਤਤਕਾਲ ਕੁਝ ਕਰ ਗੁਜ਼ਰਨਾ ਚਾਹੁੰਦੇ ਸਨ। ਸ. ਹੀਰਾ ਸਿੰਘ, ਸ. ਲਹਿਣਾ ਸਿੰਘ ਉਹਨਾਂ ਦੇ ਜਥੇਦਾਰ ਸਨ। ਸ. ਹੀਰਾ ਸਿੰਘ ਨੇ ਅਕਾਲ ਬੁੰਗੇ ਕੋਲ ਧਰਤੀ ਤੇ ਕਿਰਪਾਨ ਨਾਲ ਲਕੀਰ ਖਿਚ ਕੇ ਕਿਹਾ, ਉਹੀ ਲਕੀਰ ਟੱਪੇ ਜੋ ਸਿਰ-ਧੜ ਦੀ ਬਾਜ਼ੀ ਲਾ ਸਕਦਾ ਹੈ। 140 ਸਿੰਘ ਸਣੇ ਦੋਵੇਂ ਮਾਈਆਂ ਲਕੀਰ ਟੱਪ ਗਏ। ਇੰਜ ਇਹ ਸ਼ਹੀਦੀ ਜਥਾ ਬਣ ਗਿਆ। ਇਹਨਾਂ ਕੋਲ ਕੁਝ ਸਫਾਜੰਗ, ਗੰਡਾਸੇ, ਸੇਲ੍ਹੇ ਤੇ ਖੂੰਡਿਆਂ ਤੋਂ ਬਿਨਾ ਇੱਕ ਦੋ ਤਲਵਾਰਾਂ ਸਨ। ਹੋਰ ਕੋਈ ਹਥਿਆਰ ਨਹੀਂ ਸੀ।

ਇਹ ਤੁਰੇ ਜਾਂਦੇ ਜਦ ਪਟਿਆਲਾ ਰਿਆਸਤ ਦੀ ਹੱਦ ਵਿੱਚ ਜਾ ਪਹੁੰਚੇ ਤਾਂ ਥਾਣੇਦਾਰ ਦਾ ਨਿਗਰਾਨੀ ਰੱਖਣ ਲਈ ਭੇਜਿਆ ਸਾਰਜੰਟ ਵਾਪਸ ਆ ਗਿਆ।

ਥਾਣੇਦਾਰ ਨੇ ਲੁਧਿਆਣੇ ਜਾ ਕੇ ਡੀ. ਸੀ. ਕਾਵਨ ਨੂੰ ਸਾਰੀ ਰਿਪੋਰਟ ਦਿੱਤੀ। ਉਸਨੇ 14 ਜਨਵਰੀ 1872 ਨੂੰ ਪਟਿਆਲਾ ਤੇ ਮਲੇਰਕੋਟਲਾ ਦੇ ਵਕੀਲਾਂ ਨੂੰ ਸੱਦ ਕੇ ਕਿਸੇ ਅਣਸੁਖਾਵੀਂ ਘਟਨਾ ਤੋਂ ਸਾਵਧਾਨ ਰਹਿਣ ਲਈ ਕਿਹਾ।

ਸਤਿਗੁਰੂ ਜੀ ਨੇ ਵੀ ਸੂਬਾ ਲੱਖਾ ਸਿੰਘ ਨੂੰ 15 ਜਨਵਰੀ ਨੂੰ ਲੁਧਿਆਣੇ ਭੇਜ ਕੇ ਸਾਰੀ ਗੱਲ ਦੱਸ ਕੇ ਫੌਰੀ ਕਾਰਵਾਈ ਕਰਨ ਲਈ ਕਿਹਾ। ਪਰ ਉਹਨਾਂ ਸੂਬਾ ਜੀ ਨੂੰ ਹੀ ਹਿਰਾਸਤ ਵਿੱਚ ਲੈ ਲਿਆ।

ਸ਼ਹੀਦੀ ਜਥਾ ਰਾਮਪੁਰ, ਪਾਇਲ ਤੋਂ ਹੁੰਦਾ ਰਾਤ ਰੱਬੋਂ ਪਿੰਡ ਰਿਹਾ ਤੇ 14 ਜਨਵਰੀ ਰਾਤ ਨੂੰ ਸ. ਬਦਨ ਸਿੰਘ ਕੋਲ ਮੱਦਦ ਮੰਗਣ ਲਈ ਮਲੌਦ ਗਿਆ ਤੇ ਹਥਿਆਰ ਮੰਗੇ। ਉਸ ਦੇ ਇਨਕਾਰ ਕਰਨ ਉੱਤੇ ਗੁਸੇ ਵਿੱਚ ਝੜਪ ਹੋ ਗਈ ਜਿਸ ਵਿੱਚ ਦੋਹੀਂ ਪਾਸੀਂ ਦੋ ਦੋ ਬੰਦੇ ਮਾਰੇ ਗਏ। 5, ਜ਼ਖ਼ਮੀ ਹੋਏ  ਕੁਝ ਤਲਵਾਰਾਂ ਬੰਦੂਕਾਂ, ਗੋਲੀ ਬਾਰੂਦ ਤੇ ਤਬੇਲੇ ਵਿੱਚੋਂ ਘੋੜੀਆਂ ਲੈ ਕੇ ਤੁਰਦੇ ਬਣੇ।

ਡੀ. ਸੀ. ਨੂੰ ਖ਼ਬਰ ਮਿਲੀ ਤਾਂ ਉਸ ਤਹਿਸੀਲਦਾਰ ਲਹਿਣਾ ਸਿੰਘ ਹੱਥ ਸ੍ਰੀ ਸਤਿਗੁਰੂ ਜੀ ਨੂੰ ਸੱਦਿਆ। ਆਪ ਜੀ 5 ਸੂਬਿਆਂ ਨਾਲ ਘੋੜੀ, ਘੋੜਿਆਂ ਤੇ ਸਵਾਰ 16 ਜਨਵਰੀ ਨੂੰ ਦੁਪਹਿਰੇ ਮਲੌਦ ਪੁਜੇ। ਡੀ. ਸੀ. ਨੇ ਸਤਿਗੁਰੂ ਜੀ ਨੂੰ ਜਥੇ ਦੇ ਰਾਹੀਂ ਖ਼ੂਨ ਖ਼ਰਾਬੇ ਦੀ ਸ਼ਿਕਾਇਤ ਕੀਤੀ ਤੇ ਕਿਹਾ ਲੋੜ ਪੈਣ ਤੇ ਲੁਧਿਆਣੇ ਸੱਦਿਆ ਜਾਵੇਗਾ। ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਨੂੰ ਕਮਰਕੱਸੇ ਕੀਤੇ। ਆਪ ਜੀ ਨੇ ਮੀਂਹ ਪੈਣ ਕਰਕੇ ਰਾਹ ਵਿੱਚ ਸਿਆੜ੍ਹ ਪਿੰਡ ਕਮਰਕੱਸੇ ਖੋਲ੍ਹੇ।

ਮਲੌਦ ਤੋਂ ਸੱਤ ਕੋਹ ਮਲੇਰਕੋਟਲਾ ਸੀ। ਸ਼ਹੀਦੀ ਜਥਾ ਢਾਬੀ ਦਰਵਾਜੇ ਰਾਹੀਂ ਮੂੰਹ ਹਨੇਰੇ ਸ਼ਹਿਰ ਅੰਦਰ ਵੜਿਆ। ਉਹ ਗਲੀਆਂ, ਸੜਕਾਂ ਲੰਘਦਾ ਸਿੱਧਾ ਚਿੜੀਮਾਰਾਂ ਦੇ ਮੁਹੱਲੇ ਪੁੱਜਾ ਜਿਥੇ ਵੱਡਾ ਬੁਚੜਖਾਨਾ ਸੀ। ਸ਼ਹੀਦੀ ਜਥੇ ਦੇ ਸਿੰਘਾਂ ਨੇ ਗਊਆਂ ਦੇ ਰੱਸੇ ਵੱਢੇ ਤੇ ਵੱਗ ਹਿਕ ਦਿਤੇ। ਉਥੋਂ ਕੁਤਵਾਲੀ ਪੁਜੇ। ਇਸ ਵੇਲੇ ਤਕ ਰੌਲਾ ਪੈ ਗਿਆ ਸੀ। ਪੁਲਿਸ ਦੇ ਸਿਪਾਹੀ ਤੇ ਲੋਕ ਹਥਿਆਰਬੰਦ ਹੋ ਕੇ ਆ ਗਏ ਸਨ। ਜੰਮ ਕੇ ਲੜਾਈ ਹੋਈ। ਕੋਤਵਾਲ ਅਹਿਮਦ ਖਾਂ ਤੇ 7 ਸਿਪਾਹੀ ਮਾਰੇ ਗਏ। ਕਈ ਬੁਰੀ ਤਰ੍ਹਾਂ ਜ਼ਖਮੀ ਹੋਏ। ਬਾਕੀ ਭੱਜ ਗਏ। 7 ਸਿੰਘ ਖੇਤ ਰਹੇ ਤੇ 2 ਗੰਭੀਰ ਜ਼ਖ਼ਮੀ ਹੋਏ, 31 ਸਿੰਘਾਂ ਨੂੰ ਫੱਟ ਲੱਗੇ।

ਜਥਾ ਕੋਟਲਿਓਂ ਬਾਹਰ ਆ ਗਿਆ ਤੇ ਰਾਤ ਰੜ੍ਹ ਪਿੰਡ ਰਿਹਾ। ਜਥੇਦਾਰ ਹੀਰਾ ਸਿੰਘ ਨੇ ਮਹਿਸੂਸ ਕੀਤਾ ਕਿ ਹਥਿਆਰ ਚੁੱਕਣ ਦਾ ਅਜੇ ਸਮਾਂ ਨਹੀਂ ਸੀ ਤਾਂ ਹੀ ਹੋਰ ਲੋਕ ਨਾਲ ਨਹੀਂ ਤੁਰੇ। ਉਸ ਨੇ ਸਿੰਘਾਂ ਨੂੰ ਦੱਸਿਆ ਕਿ ਉਹ ਆਤਮ ਸਮਰਪਣ ਕਰਨਗੇ



Namdhari Elibrary NamdhariElibrary@gmail.com

ਪਰ ਜੋ ਵਾਪਸ ਜਾਣਾ ਚਾਹੇ ਜਾ ਸਕਦਾ ਸੀ। ਕਈ ਚਲੇ ਗਏ ਤੇ 68 ਸਿੰਘਾਂ ਦਾ ਜਥਾ ਰਾਤ ਪਿੰਡ ਦੇ ਖੂਹ ਤੇ ਹੀ ਰਿਹਾ ਤੇ ਸ਼ਬਦ ਪੜ੍ਹਦਾ ਰਿਹਾ। ਅਗਲੇ ਦਿਨ ਸ਼ੇਰਪੁਰ ਦੇ ਥਾਣੇ ਇਹਨਾਂ ਤੁਰ ਕੇ ਜਾ ਕੇ ਆਤਮ ਸਮਰਪਣ ਕੀਤਾ। ਜਿਥੇ ਇਹਨਾਂ ਦੇ ਹਥਿਆਰ ਤੇ ਘੋੜੇ ਲੈ ਲਏ ਗਏ ਤੇ ਰਾਤ ਅਮਰਗੜ੍ਹ ਦੇ ਕਿਲ੍ਹੇ ਵਿੱਚ ਕੈਦ ਕਰਕੇ ਰੱਖਿਆ ਗਿਆ।

ਨਾਜਿਮ ਨਿਆਜ਼ ਅਲੀ ਨੇ ਮਹਾਰਾਜਾ ਪਟਿਆਲਾ ਨੂੰ ਇਸ ਬਾਰੇ ਜਾਣਕਾਰੀ ਦਿੱਤੀ ਤੇ ਉਥੋਂ ਪੰਜਾਬ ਸਰਕਾਰ ਰਾਹੀਂ ਭਾਰਤ ਸਰਕਾਰ ਨੂੰ ਭੇਜੀ ਗਈ। ਜਿਸ ਵਿਚ ਕਿਹਾ ਨਾਜ਼ਿਮ ਨੇ 15 ਜਨਵਰੀ ਨੂੰ ਰੜ ਪਿੰਡ ਵਿੱਚੋਂ ਸਿੰਘ ਫੜੇ ਹਨ। ਪਰ ਹੋਮ ਸੈਕਟਰੀ ਕਲੱਕਤਾ ਨੂੰ ਭੇਜੀ ਤਾਰ ਵਿੱਚ 16 ਜਨਵਰੀ ਨੂੰ ਸ਼ੇਰਪੁਰੇ ਫੜਨਾ ਲਿਖਿਆ ਹੈ। ਜਦ ਨਾਜ਼ਿਮ ਨਿਆਜ਼ ਅਲੀ, ਡੀ. ਸੀ. ਕਾਵਨ ਨੂੰ ਆਪਣੀ ਬਹਾਦਰੀ ਬਾਰੇ ਦੱਸਣ ਮਲੌਦ ਗਿਆ ਤਾਂ ਉਸਨੇ ਕੂਕਿਆਂ ਨੂੰ ਲੈ ਕੇ ਫੌਰਨ ਮਲੇਰਕੋਟਲੇ ਪਹੁੰਚਣ ਦਾ ਹੁਕਮ ਕੀਤਾ।

ਡੀ. ਸੀ. ਨੇ ਨਾਭਾ, ਜੀਂਦ, ਸੰਗਰੂਰ, ਪਟਿਆਲਾ ਰਿਆਸਤਾਂ ਦੇ ਰਾਜਿਆਂ ਮਹਾਰਾਜਿਆਂ ਨੂੰ ਫੌਜੀ ਦਸਤੇ ਤੇ ਤੋਪਾਂ ਮਲੇਰਕੋਟਲੇ ਭੇਜਣ ਲਈ ਕਿਹਾ ਤੇ ਆਪ 16 ਜਨਵਰੀ ਨੂੰ ਕੋਟਲੇ ਪੁੱਜਾ। ਉਥੇ ਉਸ ਨੇ ਕਮਿਸ਼ਨਰ ਅੰਬਾਲਾ ਨੂੰ ਬਾਗ਼ੀ ਕੂਕਿਆਂ ਬਾਰੇ ਲਿਖਿਆ ਤੇ ਬਾਗੀਆਂ ਦੀ ਗਿਣਤੀ 125 ਕੁ ਦੱਸੀ ਤੇ ਕਿਹਾ ਉਹਨਾਂ ਨੂੰ ਅਗਲੇ ਦਿਨ ਸਵੇਰੇ ਤੋਪਾਂ ਨਾਲ ਉਡਾਵਾਂਗਾ ਜਾਂ ਫਾਂਸੀ ਲਾਵਾਂਗਾ। ਪਰ ਕਮਿਸ਼ਨਰ ਫੋਰਸਿਥ ਨੇ ਕਾਹਲੀ ਨਾ ਕਰਨ ਲਈ ਲਿਖਿਆ। ਉਸ ਨੇ ਕਿਹਾ ਕਿ ਉਹ ਗੁਰੂ ਰਾਮ ਸਿੰਘ ਨੂੰ ਦੇਸ ਨਿਕਾਲਾ ਦੇ ਕੇ ਮਲੇਰਕੋਟਲੇ ਆ ਰਿਹਾ ਹੈ।

ਕਾਵਨ ਦੇ ਸਿਰ ਉੱਤੇ ਤਾਂ ਖ਼ੂਨ ਸਵਾਰ ਸੀ, ਡਰ ਵੀ। ਉਹ ਕੋਟਲੇ ਕੂਕਿਆਂ ਦੇ ਜਥੇ ਨੂੰ ਉਡੀਕ ਰਿਹਾ ਸੀ। ਸ਼ੇਰਪੁਰ ਤੋਂ ਟੁਟੇ ਭਜੇ, ਉਚੇ ਨੀਵੇਂ ਰਾਹ ਤੋਂ ਕੋਟਲੇ ਪੁਜਦਿਆਂ ਜਥੇ ਨੂੰ ਸ਼ਾਮ ਹੋ ਗਈ। ਕੋਟਲੇ ਤੋਂ ਬਾਹਰ ਜਮਾਲਪੁਰ ਦੇ ਮੈਦਾਨ ਵਿੱਚ 9 ਤੋਪਾਂ ਬੀੜੀਆਂ ਹੋਈਆਂ ਸਨ। 7 ਨਾਲ 7, 7 ਕਰਕੇ 49 ਸਿੰਘਾਂ ਨੂੰ ਓਸੇ ਦਿਨ ਸ਼ਹੀਦ ਕੀਤਾ ਗਿਆ। ਦੋ ਤੋਪਾਂ ਕਿਸੇ ਹਮਲੇ ਦੇ ਡਰ ਤੋਂ ਰਾਖਵੀਆਂ ਰਖੀਆਂ ਗਈਆਂ। ਇੱਕ ਬਾਲਕ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਉਸ ਅਬੋਧ ਬਾਲ ਨੂੰ ਛਡਣ ਲਈ ਉਸ ਦੀ ਕੋਲ ਖੜ੍ਹੀ ਮੇਮ ਨੇ ਕਿਹਾ ਤਾਂ ਕਾਵਨ ਨੇ ਸ਼ਰਤ ਰੱਖੀ ਕਿ ਉਹ ਕਹੇ ਕਿ ਉਸ ਦਾ ਗੁਰੂ ਰਾਮ ਸਿੰਘ ਨਾਲ ਕੋਈ ਸੰਬੰਧ ਨਹੀਂ। ਜਦੋਂ ਬਾਲਕ ਬਿਸ਼ਨ ਸਿੰਘ ਨੂੰ ਇਹ ਗੱਲ ਦੱਸੀ ਗਈ ਤਾਂ ਉਸ ਅਗੋਂ ਗੁੱਸੇ ਵਿੱਚ ਆ ਕੇ ਕਾਵਨ ਦੀ ਲੰਮੀ ਦਾੜ੍ਹੀ ਫੜ ਕੇ ਖਿਚੀ ਤਾਂ ਉਸਨੂੰ ਸ਼ਹੀਦ ਕੀਤਾ ਗਿਆ।

ਭਾਵੇਂ ਜਦੋਂ ਆਖ਼ਰੀ ਸੱਤਾਂ ਦਾ ਜਥਾ ਤੋਪਾਂ ਅਗੇ ਖੜ੍ਹਾ ਸੀ ਤਾਂ ਕਮਿਸ਼ਨਰ ਟੀ. ਡੀ. ਫੋਰਸਿਥ ਦੀ ਚਿਠੀ ਆਈ ਕਿ ਕਿਸੇ ਨੂੰ ਮੌਤ ਦੀ ਸਜ਼ਾ ਨਾ ਦਿਤੀ ਜਾਏ। ਫਿਰ ਵੀ ਡੀ. ਸੀ. ਨੇ ਤੋਪਾਂ ਚਲਵਾ ਦਿਤੀਆਂ।

ਅਗਲੇ ਦਿਨ ਫੋਰਸਿਥ ਆਇਆ। ਉਸਨੇ ਬਾਕੀ ਰਹਿੰਦੇ 16 ਸਿੰਘਾਂ ਨੂੰ ਨਾ-ਮਾਤਰ ਮੁਕੱਦਮਾ ਚਲਾ ਕੇ ਤੋਪਾਂ ਨਾਲ ਉਡਵਾ ਦਿਤਾ। ਇਕ ਵਰਿਆਮ ਸਿੰਘ ਨੂੰ ਜਦ ਕਿਹਾ ਗਿਆ ਤੇਰਾ ਕੱਦ ਮਧਰਾ ਹੈ ਤਾਂ ਉਹ ਢੀਮਾਂ ਜੋੜ ਕੇ ਉੱਤੇ ਖ਼ਲੋ ਗਿਆ ਤੇ ਸ਼ਹੀਦੀ ਜਥੇ ਨਾਲ ਜਾ ਰਲਿਆ।

ਇਹਨਾਂ ਦੀ ਸ਼ਹੀਦੀ ਸਮੇਂ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਖੁਦ ਉਥੇ



Namdhari Elibrary NamdhariElibrary@gmail.com

ਹਾਜ਼ਰ ਸੀ। ਉਹ ਲਿਖਦਾ ਹੈ ਕਿ ਕੂਕੇ ਪਤੰਗਿਆਂ ਵਾਂਗ ਖੁਦ ਤੋਪਾਂ ਅਗੇ ਆਉਂਦੇ ਰਹੇ। ਕਾਵਨ ਨੇ ਆਪਣੀ ਰਿਪੋਰਟ ਵਿਚ ਲਿਖਿਆ ਸੀ ਕਿ ਸਿੰਘਾਂ ਨੂੰ ਤੋਪਾਂ ਦੇ ਮੂੰਹ ਨਾਲ ਬੰਨ੍ਹਣ ਦੀ ਲੋੜ ਨਹੀਂ ਪਈ। ਜਦੋਂ ਕਿ ਕਈਆਂ ਨੇ ਇਹਨਾਂ ਸ਼ਹੀਦੀਆਂ ਨੂੰ ਛੁਟਿਆਉਣ ਲਈ ਤੋਪਾਂ ਨਾਲ ਬੰਨ੍ਹ ਕੇ ਉਡਾਉਣ ਦੀ ਘਾੜਤ ਘੜੀ ਹੈ।

ਇਸ ਸਾਕੇ ਵਿੱਚ ਸਿਰਾਂ ਤੇ ਖੱਫਣ ਬੰਨ ਕੇ ਆਏ ਸਿੰਘ ਤਾਂ ਸ਼ਹੀਦੀ ਬਾਟੇ ਪੀ ਗਏ। ਦੋਹਾਂ ਮਾਈਆਂ ਨੂੰ ਰਿਆਸਤ ਪਟਿਆਲਾ ਨੂੰ ਸੌਂਪ ਦਿਤਾ ਗਿਆ ਤੇ ਜੀ ਹਜ਼ੂਰੀ ਕਰਨ ਵਾਲਿਆਂ ਨੂੰ ਕੋਟਲੇ ਦੇ ਖ਼ਜ਼ਾਨੇ ਵਿਚੋਂ ਇਨਾਮ ਦਿੱਤੇ ਗਏ। 18 ਜਨਵਰੀ ਨੂੰ ਬਾਕਾਇਦਾ ਦਰਬਾਰ ਲਾਇਆ ਗਿਆ। ਇਹਨਾਂ ਵਿੱਚੋਂ ਨਾਜ਼ਮ ਨਿਆਜ਼ ਅਲੀ ਨੂੰ ਇਕ ਹਜ਼ਾਰ, ਪੰਜਾਬ ਸਿੰਘ ਦਰਬਾਰੀ ਨੂੰ 300, ਜੈਮਲ ਸਿੰਘ ਨੂੰ 200 ਤੇ ਹੋਰ ਪੰਜਾਂ ਨੂੰ 50-50 ਦੇ ਕੇ ਸਰਕਾਰ ਨੇ ਉਹਨਾਂ ਦੀ ਅੰਗਰੇਜ਼ ਹਾਕਮਾਂ ਪ੍ਰਤੀ ਵਫਾਦਾਰੀ ਤੇ ਮੋਹਰ ਲਾ ਦਿਤੀ।

ਜਿਵੇਂ ਪਹਿਲਾਂ ਲਿਖਿਆ ਹੈ ਕਿ ਮਲੌਦ ਦੀ ਝੜਪ ਵਿੱਚ ਜ਼ਖਮੀ ਹੋਏ 4 ਕੂਕੇ ਸਿੰਘ ਕੈਦ ਕੀਤੇ ਗਏ ਸਨ। ਉਹਨਾਂ ਨੂੰ ਸਜ਼ਾ ਦੇਣ ਲਈ ਕਮਿਸ਼ਨਰ ਅਮਲੇ ਫੈਲੇ ਨਾਲ 19 ਤਰੀਕ ਨੂੰ ਮਲੌਦ ਪੁੱਜਾ। ਮੁਕੱਦਮਾ ਚਲਾਇਆ ਗਿਆ, ਗੁਆਹ ਭੁਗਤਾਏ ਗਏ, ਸੈਸ਼ਨ ਜੱਜ ਨੇ ਉਮਰ ਕੈਦ ਤੇ ਦੇਸ ਨਿਕਾਲੇ ਦੀ ਸਜ਼ਾ ਦਿੱਤੀ। ਉਹਨਾਂ ਨੂੰ ਲੁਧਿਆਣੇ ਜੇਲ੍ਹ ਵਿੱਚ ਰੱਖਿਆ ਗਿਆ।

ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਤਾਂ ਇਸ ਵਫਾਦਾਰੀ ਬਦਲੇ ਡੀ. ਸੀ. ਤੇ ਕਮਿਸ਼ਨਰ ਦੀ ਪਿਠ ਠੋਕੀ ਤੇ ਕਾਰਵਾਈ ਨੂੰ ਠੀਕ ਕਿਹਾ ਪਰ ਬ੍ਰਿਟਿਸ਼ ਪਾਰਲੀਮੈਂਟ ਦੇ ਮੈਂਬਰ ਹੀਰਲੈਂਡ ਖਰਕੇ ਦੇ ਸੁਆਲ ਵਿੱਚ ਅੰਡਰ ਸਕੱਤਰ ਸਟੇਟ ਗ੍ਰਾਂਟ ਡਫ ਨੂੰ 29 ਫਰਵਰੀ 1872 ਨੂੰ ਜਵਾਬ ਦੇਣਾ ਪਿਆ ਕਿ ਕਾਵਨ ਨੇ ਇਹਨਾਂ ਤੇ ਕੋਈ ਅਦਾਲਤੀ ਮੁਕੱਦਮਾ ਨਹੀਂ ਚਲਾਇਆ। 30 ਅਪਰੈਲ 1872 ਈ. ਨੂੰ ਭਾਰਤ ਦੇ ਵਾਇਸਰਾਇ ਲਾਰਡ ਨਾਰਥ ਬਰੁਕ ਨੇ ਗਵਰਨਰ ਪੰਜਾਬ ਨੂੰ ਲਿਖਿਆ ਕਿ ਬਿਲਕੁਲ ਬੇਸਹਾਰਾ ਕੂਕਿਆਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਮੌਤ ਦੇ ਘਾਟ ਕਿਉਂ ਉਤਾਰਿਆ ਗਿਆ। ਗਵਰਨਰ ਜਨਰਲ ਦੀ ਕੌਂਸਲ ਨੇ ਵੀ ਇਸ ਕਰਮ ਨੂੰ ਨਾਜਾਇਜ਼, ਗ਼ੈਰ-ਕਾਨੂੰਨੀ, ਵਹਿਸ਼ੀ, ਕਰੂਰ ਤੇ ਗੈਰ-ਮਨੁੱਖੀ ਕਿਹਾ।

ਡਿਪਟੀ ਕਮਿਸ਼ਨ ਐਲ ਕਾਵਨ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇਣ ਦਾ ਕਾਨੂੰਨੀ ਅਧਿਕਾਰ ਨਹੀਂ ਸੀ ਸੋ ਇਸ ਕੁਕਰਮ ਬਦਲੇ ਤੇ ਗੈਰ ਕਾਨੂੰਨੀ ਤੌਰ ਤੇ ਸਿੰਘਾਂ ਨੂੰ ਸ਼ਹੀਦ ਕਰਨ ਕਾਰਨ 20 ਮਾਰਚ 1872 ਈ. ਨੂੰ ਕਾਵਨ ਨੂੰ ਨੌਕਰੀਓਂ ਕਢ ਦਿਤਾ ਗਿਆ ਤੇ ਕਮਿਸ਼ਨਰ ਟੀ. ਡੀ. ਫੋਰਸਿਥ ਦੀ ਬਦਲੀ ਅਵਧ ਕੀਤੀ ਗਈ।

ਸਤਿਗੁਰੂ ਰਾਮ ਸਿੰਘ ਨੂੰ 18 ਜਨਵਰੀ 1872 ਈ. ਨੂੰ ਅੰਮ੍ਰਿਤ ਵੇਲੇ 4 ਵਜੇ ਵਿਸ਼ੇਸ਼ ਗੱਡੀ ਰਾਹੀਂ ਲੁਧਿਆਣੇ ਤੋਂ ਅਲਾਹਾਬਾਦ ਭੇਜ ਦਿਤਾ ਗਿਆ ਸੀ। ਜੇ ਮਲੇਰਕੋਟਲੇ ਦੇ ਸਾਕੇ ਦੇ ਸਰਕਾਰੀ ਪੱਖ ਨੂੰ ਬਰਤਾਨਵੀ ਹਕੂਮਤ ਗ਼ੈਰ-ਕਾਨੂੰਨੀ ਮੰਨਦੀ ਸੀ ਤਾਂ ਸਤਿਗੁਰੂ ਜੀ ਨੂੰ ਕਿਉਂ ਭੇਜਿਆ ਗਿਆ? ਇਹ ਦਮਨ ਚੱਕਰ ਬੰਦ ਕਿਉਂ ਨਾ ਕੀਤਾ ਗਿਆ? ਕਾਰਨ ਸੀ ਨਾਮਧਾਰੀ ਜਥੇਬੰਦੀ ਦੇ ਵਧਦੇ ਕਦਮ ਜਿਨ੍ਹਾਂ ਕਰਕੇ ਸਰਕਾਰ ਨੂੰ ਹਿੰਦੁਸਤਾਨ ਵਿਚੋਂ ਆਪਣਾ ਬੋਰੀਆ ਬਿਸਤਰਾ ਗੋਲ ਹੋਣ ਦਾ ਭੈ ਵਿਆਪਣ ਲੱਗ ਪਿਆ ਸੀ।



Namdhari Elibrary NamdhariElibrary@gmail.com

# ਹਕੂਮਤ ਨੂੰ ਕਾਲ ਵਰਗਾ ਭੈਅ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ 18 ਜਨਵਰੀ 1872 ਈ ਨੂੰ ਅੰਮ੍ਰਿਤ ਵੇਲੇ 4 ਵਜੇ ਦੇਸ਼ ਨਿਕਾਲਾ ਦਿਤਾ ਗਿਆ। ਇਸ ਨੂੰ ਨਾ ਕਾਨੂੰਨੀ ਜੱਦ ਵਿੱਚ ਲਿਆਂਦਾ ਗਿਆ, ਨਾ ਸੂਰਜ ਦਾ ਚਾਨਣ ਵਿਖਾਇਆ ਗਿਆ ਤੇ ਨਾ ਹੀ ਸਿੰਘਾਂ ਨੂੰ ਤੋਪਾਂ ਅੱਗੇ ਉਡਾਉਣ ਵਾਂਗ ਸ਼ਰੇਆਮ ਕੀਤਾ ਗਿਆ। ਕਾਰਨ ਸੀ ਸਰਕਾਰ ਨੂੰ ਭੈਅ, ਡਰ ਖ਼ੌਫ਼। ਹਾਕਮਾਂ ਨੂੰ ਖਦਸ਼ਾ ਸੀ ਜੇ ਚਿੱਟੇ ਦਿਨ ਚੜ੍ਹੇ ਇਹਨਾਂ ਨੂੰ ਦੇਸ ਬਦਰ ਕੀਤਾ ਗਿਆ ਤਾਂ ਪੰਜਾਬ ਉਠ ਖੜ੍ਹਾ ਹੋਵੇਗਾ ਜਿਸ ਨੂੰ ਸੰਭਾਲਣਾ ਅਸੰਭਵ ਹੋ ਸਕਦਾ ਹੈ।

ਸ੍ਰੀ ਸਤਿਗੁਰੂ ਜੀ ਨੇ 17 ਜਨਵਰੀ ਪਿਛਲੇ ਪਹਿਰ ਸਿਆੜ੍ਹ ਉਤਾਰਾ ਕੀਤਾ ਸੀ, ਮੀਂਹ ਪੈਂਦਾ ਸੀ ਸੋ ਆਪ ਉਥੇ ਠਹਿਰੇ ਰਹੇ। ਉਥੇ ਆਪ ਜੀ ਨੇ ਤੋਪਾਂ ਚੱਲਣ ਦੀ ਅਵਾਜ਼ ਸੁਣੀ ਤਾਂ ਕਾਹਨ ਸਿੰਘ ਨੂੰ ਬਚਨ ਕੀਤਾ, "ਦੇਖ ਤਾਂ ਤੋਪ ਭਰਮਾਰ ਹੈ।" ਜਾਂ ਅਵਾਜ਼ਾਂ ਸੁਣੀਆਂ ਤਾਂ ਕਹਿਣ ਲਗੇ, "ਚੜ੍ਹ ਗਏ ਹੈਂ ਨਹੀਂ ਤਾਂ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ।" *–ਸਤਿਗੁਰੂ ਬਿਲਾਸ ਬਾਬਾ ਸੰਤੋਖ ਸਿੰਘ*

ਸਿਆੜ੍ਹੋਂ, ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਪਹੁੰਚੇ ਹੀ ਸਨ ਕਿ ਸਾਹਨੇਵਾਲ ਦੇ ਸਬ-ਇੰਸਪੈਕਟਰ ਸ਼ਾਹ ਵਲੀ ਸ਼ਾਹ ਨੇ ਕਮਿਸ਼ਨਰ ਟੀ. ਡੀ. ਫੋਰਸਿਥ ਦਾ ਹੁਕਮ ਸੁਣਾਇਆ ਕਿ ਆਪ ਨੂੰ ਲੁਧਿਆਣੇ ਸਦਿਆ ਹੈ। ਆਪ ਸਮੇਂ ਦੀ ਨਜ਼ਾਕਤ ਨੂੰ ਭਾਂਪ ਗਏ। ਉਥੇ ਸਿਆਲ ਦੀ ਅੱਧੀ ਕੁ ਰਾਤ ਸਮੇਂ ਵੀ, ਮੀਂਹ ਪੈਣ ਤੇ ਠੱਕਾ ਵੱਜਣ ਕਾਰਨ ਕੰਬਣੀ ਛੇੜਦੀ ਰਾਤ ਵਿੱਚ, ਸੰਗਤ ਪਹਿਲਾਂ ਹੀ ਆਪ ਦੇ ਰਾਹ ਵਿੱਚ ਅੱਖਾਂ ਵਿਛਾਈ ਬੈਠੀ ਸੀ। ਆਪ ਨੇ ਆਪਣੇ ਪਿਤਾ ਬਾਬਾ ਜੱਸਾ ਸਿੰਘ, ਭਾਈ ਬੁੱਧ ਸਿੰਘ, ਸੂਬਿਆਂ ਤੇ ਸੰਗਤ ਨੂੰ ਧਰਵਾਸ ਦਿਤਾ, ਆਪ ਗੁਰਦਿਤ ਸਿੰਘ ਤੋਂ ਗੱਡਾ ਮੰਗਵਾ ਕੇ ਭਾਈ ਨਾਨੂੰ ਸਿੰਘ, ਸੂਬਾ ਸਾਹਿਬ ਸਿੰਘ, ਸੂਬਾ ਜਵਾਹਰ ਸਿੰਘ ਨਾਲ ਗੱਡੇ ਉਤੇ ਉੱਨ ਦੀ ਦਸਤਾਰ ਸਜਾ, ਕਾਲੀ ਕੰਬਲੀ ਦੀ ਬੁਕਲ ਮਾਰ ਕੇ ਬੈਠ ਗਏ। ਜੱਦ ਗੱਡਾ ਤੁਰਿਆ ਵਲੀ ਸ਼ਾਹ ਉਸ ਦੇ ਨਾਲ ਆਏ, ਸਿਪਾਹੀ ਨਾਲ ਤੁਰੇ। ਸੰਗਤ ਮਗਰ ਦੌੜਨ ਲਗ ਪਈ, ਫਿਸ ਪਈ। ਹਾਲੋ ਬੇਹਾਲ ਹੋ ਗਈ, ਉਹ ਮਸਤਾਨੀ ਹੋ ਗਈ। ਆਪ ਨੇ ਰੋਂਦਿਆਂ ਕੁਰਲਾਉਂਦਿਆਂ ਨੂੰ ਇਹ ਆਖ ਕੇ ਧਰਵਾਸਾ ਦਿਤਾ ਕਿ ਮੈਂ ਛੇਤੀ ਆਵਾਂਗਾ, ਤੁਸੀਂ ਸਵੇਰੇ ਸਵਾ ਗਿਆਰਾਂ ਰੁਪਈਆਂ ਦੀ ਰਸਦ ਦਾ ਕੜ੍ਹਾਹ ਪ੍ਰਸ਼ਾਦ ਕਰਕੇ ਵਰਤਾ ਕੇ ਘਰੋ ਘਰੀ ਚਲੇ ਜਾਣਾ। ਹੁਣ ਸਾਰੇ ਬਾਣੀ ਪੜ੍ਹੋ ਜਾਂ ਮਾਲਾ ਫੇਰੋ ਭਜਨ ਦੀ।

ਆਪ ਇੱਕ ਕੁ ਵਜੇ ਲੁਧਿਆਣੇ ਪੁਜੇ, ਉਥੋਂ ਗੱਡਾ ਵਾਪਸ ਭੇਜ ਦਿਤਾ ਗਿਆ। ਆਪ ਜੀ ਨੂੰ ਕਮਿਸ਼ਨਰ ਸਾਹਵੇਂ ਪੇਸ਼ ਕੀਤਾ ਗਿਆ, ਉਸ ਨੇ 2 ਘੰਟੇ ਆਪ ਨਾਲ ਗਲਬਾਤ ਕੀਤੀ ਜਿਸ ਦਾ ਲਬੋ-ਲਬਾਬ ਸੀ ਕਿ ਆਪ ਜੀ ਨੂੰ ਅੰਮ੍ਰਿਤਸਰ, ਰਾਏਕੋਟ ਤੇ ਮਲੇਰਕੋਟਲੇ ਵਾਪਰਨ ਵਾਲੀਆਂ ਘਟਨਾਵਾਂ ਦੀ ਪੂਰੀ ਖ਼ਬਰ ਸੀ, ਪਰ ਆਪ ਨੇ ਸਰਕਾਰ ਨੂੰ ਕੋਈ ਜਾਣਕਾਰੀ ਨਹੀਂ ਦਿਤੀ, ਸੋ ਆਪ ਨੂੰ ਦੇਸ ਬਦਰ ਕੀਤਾ ਜਾਂਦਾ ਹੈ। ਇਸ ਤੋਂ



Namdhari Elibrary NamdhariElibrary@gmail.com

ਬਿਨਾਂ ਸੰਤ ਸੰਤੋਖ ਸਿੰਘ ਅਨੁਸਾਰ ਫਰੰਗੀ ਨੇ ਦੋ ਕਾਗਜ ਦਿਖਾਏ, "ਏਕ ਤੋ ਰਾਜਿਆਂ ਦਾ ਹੈ ਕਿ ਏਸ ਨੂੰ ਦੇਸੋਂ ਲੈ ਜਾਉ। ਜੇ ਏਸ ਦੇਸ ਰਿਹਾ ਤਾਂ ਨਾ ਤੁਹਾਨੂੰ ਛਡੇ ਨਾ ਸਾਨੂੰ ਛਡੇ। ਦੂਜਾ ਪਰਵਾਨਾ ਪੁਜਾਰੀਆਂ ਦਾ ਦਿਖਾਇਆ, ਅਕਾਲ ਬੁੰਗੇ ਵਾਲਿਆਂ ਦਾ ਤੇ ਅਨੰਦਪੁਰੀਆਂ, ਮੁਕਤਸਰੀਆਂ ਤੇ ਦਮਦਮੇ ਵਾਲਿਆਂ ਦਾ। ਕਹਿੰਦੇ ਹੈਂ ਕਿ ਏਨੂੰ ਦੇਸੋਂ ਲੈ ਜਾਉ। ਜੇ ਏਸ ਦੇਸ ਰਿਹਾ ਤਾਂ ਨਾ ਤੁਹਾਨੂੰ ਛਡੇ ਤੇ ਨਾ ਸਾਨੂੰ ਛਡੇ।ਬ੍ਰਾਹਮਣ ਤਾਂ ਅਗੇ ਹੀ ਇਹ ਗੱਲ ਚਾਹੁੰਦੇ ਸਨ।" -ਸਤਿਗੁਰੂ ਬਿਲਾਸ *-ਸੰਪਾਦਕ ਜਸਵਿੰਦਰ ਸਿੰਘ*

ਆਪ ਜੀ ਉਤੇ 1818 ਦਾ ਬੰਗਾਲ ਰੈਗੂਲੇਸ਼ਨ ਐਕਟ ਲਾਗੂ ਕੀਤਾ ਗਿਆ। ਇਸ ਰੈਗੂਲੇਸ਼ਨ ਅਨੁਸਾਰ ਸਰਕਾਰ ਉਹਨਾਂ ਵਿਅਕਤੀਆਂ ਨੂੰ ਆਪਣੀ ਨਿਜੀ ਹਿਰਾਸਤ ਵਿਚ ਰੱਖ ਸਕਦੀ ਹੈ ਜਿੰਨਾਂ ਵਿਅਕਤੀਆਂ ਖ਼ਿਲਾਫ ਅਦਾਲਤੀ ਕਾਰਵਾਈ ਕਰਨ ਲਈ ਕੋਈ ਸਹੀ ਅਧਾਰ ਨਾ ਹੋਵੇ ਜਾਂ ਜਦੋਂ ਉਸ ਤਰਾਂ ਦੀ ਕਾਰਵਾਈ ਅਨੁਸਾਹ ਮੁਕੱਦਮਾ ਨਾ ਚਲਾਇਆ ਜਾ ਸਕਦਾ ਹੋਵੇ।

ਸਤਿਗੁਰੂ ਜੀ ਨਾਲ ਆਏ ਸੇਵਕ, ਸੂਬਿਆਂ ਤੇ ਪਹਿਲਾਂ ਲੁਧਿਆਣੇ ਆਏ ਸੂਬਾ ਲੱਖਾ ਸਿੰਘ ਨੂੰ ਇਕ ਸਪੈਸ਼ਲ ਗੱਡੀ ਰਾਹੀਂ ਅੰਮ੍ਰਿਤ ਵੇਲੇ 4 ਵਜੇ ਅਲਾਹਾਬਾਦ ਲਈ ਰਵਾਨਾ ਕੀਤਾ ਗਿਆ। ਆਪ ਦੀ ਨਿਗਰਾਨੀ ਲਈ ਯੂਰਪੀਅਨ ਅਫਸਰ ਜੈਕ਼ਸਨ ਅਤੇ 12 ਡੋਗਰਾ ਪਲਟਨ ਨਾਲ ਸੀ।

ਲੈਫਟੀਨੈਂਟ ਕਰਨਲ ਬੇਲੀ ਨੇ ਸਾਹਨੇਵਾਲ ਤੋਂ ਇਕ ਗਾਰਦ ਸ੍ਰੀ ਭੈਣੀ ਸਾਹਿਬ ਗੱਡੀ ਚੱਲਣ ਤੋਂ ਛੇਤੀਂ ਬਾਅਦ ਹੀ ਸੂਬਿਆਂ ਨੂੰ ਹਿਰਾਸਤ ਵਿਚ ਲੈਣ ਲਈ ਭੇਜੀ। ਉਹ ਕਾਹਨ ਸਿੰਘ, ਬ੍ਰਹਮਾ ਸਿੰਘ, ਹੁਕਮਾ ਸਿੰਘ, ਪਹਾੜਾ ਸਿੰਘ, ਗੋਪਾਲ ਸਿੰਘ ਅਤੇ ਸੁਜਾਨ ਸਿੰਘ ਸੂਬੇ ਸਾਹਿਬਾਨ ਨੂੰ ਲੈ ਕੇ ਲੁਧਿਆਣੇ ਪੁਜੀ। ਪਿਛਲੇ ਦੋਹਾਂ ਸੂਬਿਆਂ ਨੂੰ ਘੱਟ ਖਤਰਨਾਕ ਸਮਝਦਿਆਂ ਵਾਪਸ ਭੇਜ ਦਿਤਾ ਗਿਆ ਤੇ ਬਾਕੀਆਂ ਨੂੰ ਅਗਲੇ ਦਿਨ 19 ਜਨਵਰੀ ਨੂੰ ਇਕ ਗੋਰਖਾ ਗਾਰਦ ਦੀ ਨਿਗਰਾਨੀ ਹੇਠ ਗੱਡੀ ਰਾਹੀਂ ਅਲਾਹਾਬਾਦ ਭੇਜਿਆ ਗਿਆ। ਬਾਅਦ ਵਿਚ ਸੂਬਾ ਰੂੜ ਸਿੰਘ, ਮਲੂਕ ਸਿੰਘ ਤੇ ਮਾਨ ਸਿੰਘ ਨੂੰ ਅਲਾਹਾਬਾਦ ਪਹੁੰਚਾਇਆ ਗਿਆ। ਕਿਸੇ ਦਾ ਕੋਈ ਵਰੰਟ ਨਹੀਂ ਸੀ। ਅਲਾਹਾਬਾਦ ਦੇ ਮੈਜਿਸਟ੍ਰੇਟ ਨੂੰ ਵਰੰਟ 22 ਜਨਵਰੀ 1872 ਨੂੰ ਭੇਜੇ ਗਏ। ਇਹਨਾਂ ਤੋਂ ਬਿਨਾਂ ਮਹਾਰਾਜਾ ਪਟਿਆਲਾ ਨੇ ਸ੍ਰ. ਮੰਗਲ ਸਿੰਘ ਬਿਸ਼ਨਪੁਰੀਏ ਤੇ ਕਿੜ ਕੱਢਣ ਲਈ ਉਸ ਨੂੰ ਅਲਾਹਾਬਾਦ ਭੇਜਿਆ।

ਅਲਾਹਾਬਾਦ ਜੇਲ੍ਹ ਦੀ ਕੰਧ ਟੁੱਟੀ ਹੋਣ ਕਰਕੇ ਤੇ ਕੈਦੀਆਂ ਦੇ ਭੱਜਣ ਦਾ ਡਰ ਹੋਣ ਕਰਕੇ ਸ੍ਰੀ ਸਤਿਗੁਰੂ ਜੀ ਤੇ ਬਾਕੀਆਂ ਨੂੰ ਕਿਲ੍ਹੇ ਵਿੱਚ ਰੱਖਿਆ ਗਿਆ।

ਸ੍ਰੀ ਸਤਿਗੁਰੂ ਜੀ ਤੇ ਸੂਬਿਆਂ ਦੀ ਗੁਪਤ ਨਿਗਰਾਨੀ ਰੱਖਣ ਦਾ ਪੱਤਰ ਤਾਂ ਪਹਿਲਾਂ ਹੀ 28 ਜੁਲਾਈ 1871 ਈ. ਨੂੰ ਲਾਹੌਰ ਸੈਂਟਰਲ ਪੁਲਿਸ ਆਫਿਸ, ਲਾਹੌਰ ਸਰਕਲ ਦੇ ਡੀ. ਆਈ ਜੀ. ਕਰਨਲ ਜੇ. ਸੀ. ਪੀ. ਬੇਲੀ ਨੇ ਭੇਜ ਦਿਤਾ ਸੀ। ਉਸ ਨੇ ਲਿਖਿਆ ਸੀ ਕਿ ਇਹਨਾਂ ਬਾਰੇ ਜੇ ਕੋਈ ਸੰਸਥਾ ਜਾਣਕਾਰੀ ਦਿੰਦੀ ਹੈ ਜਾਂ ਜਿਸ ਤਰ੍ਹਾਂ ਦੀ ਸੂਚਨਾ ਦਿੰਦੀ ਹੈ ਉਸ ਅਨੁਸਾਰ ਉਸ ਦਾ ਮੁੱਲ ਤਾਰਿਆ ਜਾਏ। ਉਹਨਾਂ ਨੂੰ ਵੀ ਕੀਮਤ ਇਕੱਠੀ ਨਾ ਦਿਤੀ ਜਾਏ। ਸਗੋਂ ਜੇ ਫਿਰ ਵੀ ਉਸ ਦੀ ਮਦਦ ਦੀ ਲੋੜ ਹੋਵੇ ਤਾਂ ਉਸ ਅਨੁਸਾਰ ਕੀਤਾ ਜਾਏ। ਐਸੀ ਚਿੱਠੀ ਅੰਬਾਲਾ ਦੇ ਸਰਕਲ ਅਫਿਸ ਨੂੰ ਵੀ ਆਈ।

ਇਸ ਦੇ ਸਿੱਟੇ ਵਜੋਂ ਥਾਂ ਥਾਂ ਤੋਂ ਰਿਪੋਰਟਾਂ ਆਉਣ ਲੱਗੀਆਂ ਤੇ ਉਸ ਉਤੇ ਅਗਲੇਰੀ



Namdhari Elibrary NamdhariElibrary@gmail.com

ਕਾਰਵਾਈ ਹੋਣ ਲੱਗੀ। ਏਸੇ ਦੇ ਸਿੱਟੇ ਵਜੋਂ ਕਸ਼ਮੀਰ ਦੀ ਕੂਕਾ ਰੈਜੀਮੈਂਟ ਤੋੜੀ ਗਈ। 27 ਨਵੰਬਰ 1871 ਈ. ਨੂੰ ਸਤਿਗੁਰੂ ਜੀ ਅਤੇ ਸੂਬਿਆਂ ਸਮੇਤ 50 ਪ੍ਰਭਾਵਸ਼ਾਲੀ ਅਤੇ ਜ਼ੁੰਮੇਵਾਰ ਨਾਮਧਾਰੀ ਸਿੰਘਾਂ ਦੀ ਸੂਚੀ ਗੁਪਤ ਰੂਪ ਵਿਚ ਆਈ. ਜੀ. ਪੰਜਾਬ ਨੂੰ ਭੇਜੀ ਗਈ। ਸਾਰੇ ਡੀ. ਆਈ. ਜੀ. ਪੁਲਿਸ ਨੂੰ 3 ਜਨਵਰੀ 1872 ਨੂੰ ਫਿਰ ਲਿਖਿਆ ਗਿਆ ਕਿ ਮੁਖੀ ਕੂਕਿਆਂ ਬਾਰੇ ਗੁਪਤ ਰਿਕਾਰਡ ਹਰ ਜ਼ਿਲ੍ਹੇ ਵਿਚ ਇਕੱਠੇ ਕੀਤੇ ਜਾਣ।

ਇਹ ਸਾਰੀ ਹਫੜਾ ਦਫੜੀ ਤੇ ਭਾਜੜ ਸ੍ਰੀ ਸਤਿਗੁਰੂ ਜੀ ਦੇ ਸੰਗਠਤ ਕੀਤੇ ਨਾਮਧਾਰੀ ਪੰਥ ਕਾਰਨ ਵਿਆਪੇ ਭੈਅ ਕਰਕੇ ਹੀ ਸੀ। ਉਹਨਾਂ ਨੂੰ ਕੂਕਾ ਵਿਦਰੋਹ ਦਾ ਭਾਰੀ ਖਤਰਾ ਭਾਸ ਰਿਹਾ ਹੈ। ਇਸ ਬਾਰੇ ਜੇ ਡਬਲਿਊ. ਮੈਕਨਬ ਨੇ ਐਲ. ਐਚ. ਗ੍ਰਿਫਨ ਵਲੋਂ ਸਕੱਤਰ ਪੰਜਾਬ ਨੂੰ ਇਕ ਰਿਪੋਰਟ ਭੇਜੀ ਜਿਸ ਵਿਚ ਲਿਖਿਆ ਕਿ ਕੂਕਿਆਂ ਦੇ ਬੁਚੜਾਂ ਨੂੰ ਮਾਰਨ ਦਾ ਮੰਤਵ ਕੇਵਲ ਗਊ ਹਤਿਆ ਰੋਕਣਾ ਨਹੀਂ। ਇਹ ਤਾਂ ਬਰਤਾਨਵੀ ਹਕੂਮਤ ਦੀ ਨੀਤੀ ਦੀ ਖੁੱਲਮ ਖੁਲ੍ਹੀ ਉਲੰਘਣਾ ਹੈ। ਇਹ ਬਗਾਵਤ ਹੈ ਬਰਤਾਨਵੀ ਸਰਕਾਰ ਵਿਰੁਧ। ਇਹ ਵੀ ਅਫਵਾਹ ਹੈ ਕਿ ਚੇਤਰ (ਅ੍ਰਪੈਲ 1872 ਈ.) ਵਿਚ ਕੂਕਾ ਗੁਰੂ ਆਪਣੀ ਸ਼ਕਤੀ ਦਾ ਭਾਰੀ ਪ੍ਰਦਰਸ਼ਨ ਕਰੇਗਾ ਅਤੇ ਗਿਆਨੀ ਸਿੰਘ, (ਸੂਬਾ ਰਤਨ ਸਿੰਘ) ਨੂੰ ਲੁਧਿਆਣੇ ਫਾਹੇ ਲਾਏ ਜਾਣ ਦਾ ਬਦਲਾ ਲਏਗਾ।

100 ਬੰਦੇ ਮਲੇਰਕੋਟਲੇ ਜਾਣਗੇ, ਉਥੋਂ ਦੀ ਰਾਜਧਾਨੀ ਤੇ ਕਬਜਾ ਕਰਨਗੇ ਤੇ ਹਥਿਆਰ ਤੇ ਘੋੜੇ ਲੈ ਕੇ ਸਭ ਵਿਚ ਵੰਡੇ ਜਾਣਗੇ। ਇਸ ਤੋਂ ਬਾਅਦ ਨਾਭਾ, ਜੀਂਦ, ਪਟਿਆਲਾ ਰਿਆਸਤਾਂ ਉਤੇ ਹਮਲੇ ਹੋਣਗੇ। ਲੁਧਿਆਣੇ, ਅੰਬਾਲੇ ਵਿਚਾਲੇ ਸੜਕ ਤੇ ਰੇਲ ਦੀਆਂ ਪਟੜੀਆਂ ਨੂੰ ਤੋੜਿਆ ਜਾਏਗਾ।

ਭਾਰੀ ਇਕੱਠ ਲਈ ਲੋਕ ਜ਼ਮੀਨ ਜਾਇਦਾਦਾਂ ਵੇਚ ਕੇ ਸ੍ਰੀ ਭੈਣੀ ਸਾਹਿਬ ਆ ਰਹੇ ਸਨ। ਪਟਿਆਲਾ ਰਿਆਸਤ ਦੇ ਸਕਰੌਦੀ ਪਿੰਡ ਦੇ 23 ਪਰਵਾਰਾਂ ਨੇ ਜ਼ਮੀਨ ਜਾਇਦਾਦ ਵੇਚ ਦਿੱਤੀ ਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਆ ਗਏ। ਇੰਜ ਹੀ ਜੀਂਦ ਰਿਆਸਤ ਦੇ ਦੇਵਾ ਸਿੰਘ ਨੇ ਕੀਤਾ।

ਰਿਪੋਰਟ ਵਿਚ ਇਹ ਵੀ ਲਿਖਿਆ ਗਿਆ ਕਿ ਬਿਸ਼ਨ ਸਿੰਘ ਕਾਬਲ ਵਿੱਚ, ਨਰਾਇਣ ਸਿੰਘ ਗਵਾਲੀਅਰ ਵਿਚ, ਕਾਹਨ ਸਿੰਘ ਬਨਾਰਸ ਵਿਚ, ਨਿਹੰਗ ਸਿੰਘ (ਕਾਨ੍ਹ ਸਿੰਘ ਨਿਹੰਗ) ਤੇ ਸਾਹਿਬ ਸਿੰਘ ਨੇਪਾਲ ਵਿਚ, ਹੇਮਾ ਸਿੰਘ ਕਸ਼ਮੀਰ ਵਿਚ ਨਾਮਧਾਰੀ ਵਿਚਾਰਧਾਰਾ ਦਾ ਪ੍ਰਚਾਰ ਕਰ ਰਹੇ ਹਨ। ਮਸਤਾਨਿਆਂ ਦਾ ਭਰੋਸਾ ਹੈ ਕਿ ਫਰੰਗੀ ਨੂੰ ਮਜਬੂਰ ਕਰਕੇ ਡੇਰਾ ਚੁਕਾ ਦੇਣਾ ਹੈ। ਮੈਕਨਬ ਸਮਝਦਾ ਹੈ ਕਿ ਦੇਸੀ ਫ਼ੌਜਾਂ ਤੇ ਅੰਗਰੇਜ਼ ਫ਼ੌਜ ਵਿੱਚ ਹਜ਼ਾਰਾਂ ਕੂਕੇ ਹਨ ਜਿਨ੍ਹਾਂ ਨੂੰ ਸੂਬਾ ਜਵਾਹਰ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਆਪਣੀ ਪਛਾਣ ਛੁਪਾਈ ਰਖਣੀ ਹੈ। ਗੁਰੂ ਰਾਮ ਸਿੰਘ ਦੇ ਨੇਪਾਲ ਅਤੇ ਜੰਮੂ ਸੁਨੇਹੇ ਆਉਂਦੇ ਜਾਂਦੇ ਹਨ। ਸੋ ਚੇਤਰ (ਅਪ੍ਰੈਲ 1872) ਵਿਚ ਸਰਕਾਰ ਵਿਰੁਧ ਬਗਾਵਤ ਦੀ ਪੂਰੀ ਸੰਭਾਵਨਾ ਹੈ। ਉਹਨਾਂ ਅਨੁਸਾਰ ਮਾਘੀ ਦੇ ਮੇਲੇ ਸਮੇਂ 11 ਤੋਂ 13 ਜਨਵਰੀ ਨੂੰ ਇਹ ਯੋਜਨਾ ਤਿਆਰ ਕੀਤੀ ਗਈ ਜਿਸ ਅਨੁਸਾਰ ਮਸਤਾਨਿਆਂ ਨੇ ਮਲੇਰਕੋਟਲੇ ਤੇ ਹਮਲਾ ਕੀਤਾ।

ਇਸ ਸਾਰੇ ਕੁਝ ਦਾ ਨਿਸ਼ਾਨਾ ਇਕੋ ਸੀ—ਸਤਿਗੁਰੂ ਰਾਮ ਸਿੰਘ ਜੀ ਦੀ ਰਹਿਨੁਮਾਈ ਵਿਚ ਵੱਧ ਫੁਲ ਰਿਹਾ ਨਾਮਧਾਰੀ ਪੰਥ ਜਿਸ ਦੀ ਚੜ੍ਹਤ ਨੂੰ ਠੱਲ੍ਹ ਪਾਉਣ ਲਈ ਉਹਨਾਂ ਸ੍ਰੀ ਸਤਿਗੁਰੂ ਜੀ ਨੂੰ ਦੇਸ ਨਿਕਾਲਾ ਦੇ ਦਿਤਾ।



Namdhari Elibrary NamdhariElibrary@gmail.com

ਅਲਾਹਾਬਾਦ ਵਿਚ ਬਿਟ੍ਰਿਸ਼ ਕਾਊਂਸਲ ਦਾ ਹੁਕਮ ਆਇਆ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਭਾਰਤ ਦੀ ਧਰਤੀ ਤੋਂ ਬਾਹਰ ਬਿਟ੍ਰਿਸ਼ ਬਰਮਾ (ਮਯਾਂਮਾਰ) ਵਿਚ ਨਜ਼ਰਬੰਦ ਰੱਖਿਆ ਜਾਏ। ਸੋ ਇੰਸਪੈਕਟਰ ਦੀ ਨਿਗਰਾਨੀ ਹੇਠ 10 ਮਾਰਚ 1872 ਈ. ਨੂੰ ਉਹਨਾਂ ਨੂੰ ਤੇ ਨਾਨੂੰ ਸਿੰਘ ਨੂੰ ਗੱਡੀ ਰਾਹੀਂ ਹਾਵੜਾ ਪਹੁੰਚਾਇਆ ਗਿਆ। ਉਥੋਂ ਸਮੁੰਦਰੀ ਜਹਾਜ ਰਾਹੀਂ ਰੰਗੂਨ (ਯਾਂਗੋ) ਭੇਜਿਆ ਗਿਆ। ਇਹ ਕੰਮ ਵੀ ਡਰ ਕਰਕੇ ਇੰਨਾਂ ਗੁਪਤ ਰੱਖਿਆ ਗਿਆ ਕਿ ਅਲਾਹਾਬਾਦ ਕਿਲ੍ਹੇ ਵਿਚ ਹੋਰ ਨਜ਼ਰਬੰਦ ਸੂਬਿਆਂ ਨੂੰ ਕੋਈ ਪਤਾ ਵੀ ਨਾ ਲਗਾ ਕਿ ਸ੍ਰੀ ਸਤਿਗੁਰੂ ਜੀ ਨੂੰ ਕਿਥੇ ਲੈ ਕੇ ਗਏ ਹਨ। ਸ੍ਰ. ਮੰਗਲ ਸਿੰਘ ਨੂੰ ਤਾਂ 3 ਮਾਰਚ ਨੂੰ ਮਹਾਰਾਜਾ ਪਟਿਆਲਾ ਦੀ ਸਿਫਾਰਸ਼ ਤੇ ਸ਼ਰਤਾਂ ਲਾ ਕੇ ਛੱਡ ਦਿਤਾ ਗਿਆ।

ਸ੍ਰੀ ਸਤਿਗੁਰੂ ਜੀ ਨੂੰ ਹਿਰਾਸਤ ਵਿਚ ਰੱਖਣ ਬਾਰੇ ਗਵਰਨਰ ਜਨਰਲ ਦੀ ਕੌਂਸਲ ਦੇ ਹੁਕਮ ਨਾਲ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੇ ਕਲਕੱਤੇ ਤੋਂ ਬਿਟ੍ਰਿਸ਼ ਬਰਮਾ ਦੇ ਚੀਫ ਕਮਿਸ਼ਨਰ ਨੂੰ ਬਾਕਾਇਦਾ 9 ਮਾਰਚ ਨੂੰ ਸ੍ਰੀ ਸਤਿਗੁਰੂ ਜੀ ਦੇ ਵਰੰਟ ਭੇਜੇ। ਉਹਨਾਂ 11 ਮਾਰਚ ਨੂੰ ਲਿਖਿਆ ਕਿ ਉਸ ਰਾਤ 7 ਵਜੇ ਆਪ ਜੀ ਨੂੰ ਸਮੁੰਦਰੀ ਜਹਾਜ ਉਤੇ ਚੜ੍ਹਾ ਦਿਤਾ ਗਿਆ ਹੈ। (Sir, Ram Singh, put on board all right at 7 P.M.)

ਆਪ ਜੀ ਨੂੰ ਜਲਾਵਤਨ ਕਰਨ ਪਿਛੋਂ ਸਰਕਾਰੀ ਮਸ਼ੀਨਰੀ ਹੋਰ ਹਰਕਤ ਵਿਚ ਆਈ। ਪੰਜਾਬ ਪੁਲਿਸ ਕੋਲੋਂ ਹਰ ਸੂਬੇ ਬਾਰੇ ਰਿਪੋਰਟ ਮੰਗਵਾਈ ਗਈ। ਜੇ. ਡਬਲਿਊ ਮੈਕਨਬ ਕਮਿਸ਼ਨਰ ਅੰਬਾਲਾ ਨੇ ਅਲਾਹਾਬਾਦ ਜਾ ਕੇ 23 ਤੋਂ 25 ਅਪ੍ਰੈਲ ਤੱਕ ਕੂਕਿਆਂ ਦੀ ਗਵਾਹੀ ਲਈ ਤੇ ਕੌਂਸਲ ਤੋਂ ਆਪਣੇ ਤਿਆਰ ਕੀਤੇ ਫੈਸਲੇ ਤੇ ਮੋਹਰ ਲੁਆ ਕੇ ਸਕੱਤਰ ਭਾਰਤ ਸਰਕਾਰ ਰਾਹੀਂ ਆਰਡਰ ਭਿਜਵਾ ਕੇ ਹੇਠ ਲਿਖੇ ਅਨੁਸਾਰ ਸੂਬਿਆਂ ਦੀ ਨਜ਼ਰਬੰਦੀ ਤੇ ਅਮਲ ਕੀਤਾ ਗਿਆ।

1. ਸੂਬਾ ਮਾਨ ਸਿੰਘ ਤੇ ਸੂਬਾ ਹੁਕਮਾ ਸਿੰਘ 1 ਦਸੰਬਰ 1872 ਨੂੰ ਅਣਮਿਥੇ ਸਮੇਂ ਲਈ ਚੁਨਾਰ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤੇ ਗਏ।
2. ਸਰਵ ਸੂਬਾ ਰੂੜ ਸਿੰਘ, ਮਲੂਕ ਸਿੰਘ ਤੇ ਪਹਾੜਾ ਸਿੰਘ ਨੂੰ 15 ਦਸੰਬਰ 1872 ਈ. ਨੂੰ ਅਸੀਰਗੜ੍ਹ ਦੇ ਕਿਲ੍ਹੇ ਕੁਝ ਪਤਾ ਨਹੀਂ ਕਿੰਨੇ ਸਮੇਂ ਲਈ ਨਿਗਰਾਨੀ ਹੇਠ ਰਖਿਆ ਗਿਆ।
3. ਸਰਵ ਸੂਬਾ ਲੱਖਾ ਸਿੰਘ, ਬ੍ਰਹਮਾ ਸਿੰਘ ਤੇ ਜਵਾਹਰ ਸਿੰਘ ਨੂੰ 30 ਦਸੰਬਰ ਨੂੰ ਕਲਕਤੇ ਰਾਹੀਂ ਇਕ ਲੰਮੇ ਅਰਸੇ ਲਈ ਮੌਲਮੀਨ (ਬਰਮਾ) ਪਹੁੰਚਾਇਆ ਗਿਆ।
4. ਸੂਬਾ ਸਾਹਿਬ ਸਿੰਘ ਤੇ ਸੂਬਾ ਕਾਨ੍ਹ ਸਿੰਘ ਨੂੰ ਪਹਿਲਾਂ ਤਾਂ ਅਲਾਹਾਬਾਦ ਹੀ ਰੱਖਿਆ ਗਿਆ ਪਰ 12 ਫ਼ਰਵਰੀ 1873 ਨੂੰ ਅਦਨ ਭੇਜਿਆ ਗਿਆ।

ਸਭ ਨੂੰ ਇਸ ਤਰ੍ਹਾਂ ਖਲਾਰ ਕੇ ਵੱਖ ਵੱਖ ਤਰੀਕਾਂ ਉਤੇ ਵੱਖ ਵੱਖ ਥਾਵਾਂ ਉਤੇ ਇੰਜ ਭੇਜਿਆ ਗਿਆ ਕਿ ਕਿਸੇ ਨੂੰ ਪਤਾ ਨਾ ਲੱਗੇ ਕਿ ਕੌਣ ਕਿਥੇ ਹੈ ?

ਸਰਕਾਰ ਤਾਂ ਇਹਨਾਂ ਦੀਆਂ ਕਾਰਵਾਈਆਂ ਨੂੰ ਬੰਦ ਕਰਕੇ ਬੇਫਿਕਰ ਹੋਣਾ ਚਾਹੁੰਦੀ ਸੀ ਪਰ ਸ੍ਰੀ ਸਤਿਗੁਰੂ ਜੀ ਦੇ ਹੱਥ ਉਹਨਾਂ ਤੋਂ ਵੀ ਲੰਮੇ ਸਨ। ਉਹਨਾਂ ਪੰਜਾਬ ਨਾਲ ਪੱਤਰ ਵਿਹਾਰ ਰੱਖ ਹੀ ਲਿਆ। ਤਾਂ ਹੀ ਪੰਜਾਬ ਸਰਕਾਰ ਦੇ ਸਕੱਤਰ ਐਲ. ਐਚ. ਗ੍ਰਿਫਨ ਦੀ ਭਾਰਤ ਸਰਕਾਰ ਦੇ ਸਕੱਤਰ ਈ. ਸੀ. ਬੇਲੀ ਨੂੰ ਚਿਠੀ ਗਈ,



Namdhari Elibrary NamdhariElibrary@gmail.com

"ਗੁਰੂ ਰਾਮ ਸਿੰਘ ਅਤੇ ਉਸਦੇ ਸਾਥੀ ਦੋ ਨੌਕਰਾਂ ਤੇ ਇਕ ਬਾਣੀਏ ਰਾਹੀਂ ਅਲਾਹਾਬਾਦ ਜਿਸ ਤੋਂ ਉਹ ਰਸਦ ਲੈਂਦੇ ਹਨ, ਪੰਜਾਬ ਨਾਲ ਪੱਤਰ ਵਿਹਾਰ ਰਖਦੇ ਹਨ।" ਸੋ ਉਸਨੇ ਆਪ ਜੀ ਨੂੰ ਮਿਲਣ ਵਾਲਿਆਂ ਉਤੇ ਵੀ ਕਰੜੀ ਨਿਗਰਾਨੀ ਰੱਖਣ ਲਈ ਕਿਹਾ।

ਉਂਜ ਸਰਕਾਰ ਆਪ ਕੁਝ ਪੱਤਰ ਏਧਰ ਉਧਰ ਪਹੁੰਚਾਉਣ ਵਿਚ ਮਦਦ ਕਰਦੀ ਰਹੀ, ਇਸਦੇ ਕੁਝ ਨਮੂਨੇ ਖੋਜੀ ਵਿਦਵਾਨ ਸ੍ਰ. ਜਸਵਿੰਦਰ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵਿਚ ਦਿਤੇ ਹਨ।

- ਨਵੰਬਰ 1872 ਈ. ਵਿਚ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ ਜੀ) ਦਾ ਲਿਖਿਆ ਪੱਤਰ ਸਤਿਗੁਰੂ ਜੀ ਨੂੰ ਰੰਗੂਨ ਭੇਜਿਆ ਗਿਆ ਤੇ ਉਹਨਾਂ ਦਾ ਫਰਵਰੀ 1873 ਈ. ਦਾ ਪੱਤਰ ਭਰਾ ਬੁੱਧ ਸਿੰਘ ਨੂੰ ਪਹੁੰਚਾਇਆ ਗਿਆ।
- ਅਕਤੂਬਰ 1873 ਈ. ਵਿਚ ਅਦਨ ਦੇ ਸੂਬਿਆਂ ਦਾ ਪੱਤਰ ਸ੍ਰੀ ਸਤਿਗੁਰੂ ਜੀ ਨੂੰ ਰੰਗੂਨ ਦਿਤਾ ਗਿਆ।
- 9 ਦਸੰਬਰ 1876 ਨੂੰ ਸੂਬਾ ਮਾਨ ਸਿੰਘ ਦਾ ਚੁਨਾਰ ਤੋਂ ਭੇਜਿਆ ਪੱਤਰ ਸ੍ਰੀ ਸਤਿਗੁਰੂ ਜੀ ਨੂੰ ਪਹੁੰਚਾਇਆ ਗਿਆ।
- ਜੁਲਾਈ ਤੇ ਸਤੰਬਰ 1878 ਈ. ਵਿਚ ਬੀਬੀ ਨੰਦਾਂ (ਸ੍ਰੀ ਸਤਿਗੁਰੂ ਜੀ ਦੀ ਲੜਕੀ) ਤੇ ਸਤਿਗੁਰੂ ਹਰੀ ਸਿੰਘ ਜੀ ਦੇ ਪੱਤਰ ਅੰਗਰੇਜ਼ੀ ਅਨੁਵਾਦ ਕਰਕੇ ਆਪ ਜੀ ਨੂੰ ਪਹੁੰਚਾਏ ਗਏ।

ਸਤਿਗੁਰੂ ਜੀ ਉਤੇ ਨਿਗਰਾਨੀ ਪੂਰੀ ਸੀ। ਉਹਨਾਂ ਨੂੰ ਜਿਥੇ ਵੀ ਰਖਿਆ ਗਿਆ, ਬਾਕੀ ਕੈਦੀਆਂ ਤੋਂ ਵਖਰੇ ਰਖਿਆ ਗਿਆ। ਇਸ ਬਾਰੇ ਸੁਚੇਤ ਰਿਹਾ ਗਿਆ ਕਿ ਉਹਨਾਂ ਨੂੰ ਕੋਈ ਮਿਲ ਨਾ ਸਕੇ। ਦਿਨ ਰਾਤ ਗਾਰਦ ਦਾ ਸਖ਼ਤ ਪਹਿਰਾ ਸੀ।

ਰੰਗੂਨ ਪਹੁੰਚਦਿਆਂ ਪਹਿਲਾਂ ਆਪ ਜੀ ਨੂੰ ਸੈਂਟਰਲ ਜੇਲ੍ਹ ਦੇ ਇੱਕ ਵਾਰਡ ਵਿੱਚ ਇੱਕ ਰਾਜਸੀ ਕੈਦੀ ਦੀਆਂ ਸਾਰੀਆਂ ਸਹੂਲਤਾਂ ਦੇ ਕੇ ਰੱਖਿਆ ਗਿਆ, ਇਹ ਵਾਰਡ ਪਹਿਲਾਂ ਜਨਾਨਾ ਜੇਲ੍ਹ ਸੀ। ਇਹ ਯੂਰਪੀਅਨ ਕੈਦੀਆਂ ਦੇ ਵਾਰਡ ਦੇ ਨਾਲ ਸੀ। ਇਸ ਵਿੱਚ ਖੂਹੀ ਲਗੀ ਹੋਈ ਸੀ। ਤੁਰਨ ਫਿਰਨ ਦੀ ਖੁੱਲ੍ਹ ਸੀ। ਪਰ ਮਿਲਣ ਦੀ ਨਹੀਂ। ਆਪ ਨੂੰ ਇੱਕ ਗਾਂ ਲੈ ਕੇ ਦਿਤੀ ਸੀ। ਨਾਨੂੰ ਸਿੰਘ ਤੋਂ ਬਿਨਾਂ ਤਿੰਨ ਉਚੀ ਜਾਤ ਦੇ ਹਿੰਦੂ ਆਪ ਜੀ ਦੀ ਸੇਵਾ ਵਿਚ ਸਨ। ਨਾਨੂੰ ਸਿੰਘ ਕੋਲੋਂ ਤਾਂ ਪਹਿਲਾਂ ਹੀ ਲਿਖਵਾ ਲਿਆ ਸੀ ਕਿ ਆਪਣੀ ਮਰਜੀ ਨਾਲ ਰਹਾਂਗਾ ਔਰ ਖਿਦਮਤ ਮੇਂ ਰਾਜਾ ਸਾਹਿਬ ਅਪਨੇ ਗੁਰੂ ਕੇ ਹਮਰਾਜ ਬਿਲਾ ਉਜਰ ਬਤੌਰ ਕੈਦ ਕੇ ਰਹੂੰਗਾ।"

ਆਪ ਜੀ ਨੇ ਰਾਤ ਗਰਮੀ ਲਗਣ ਦੀ ਗੱਲ ਅਧਿਕਾਰੀਆਂ ਨੂੰ ਦਸੀ ਤਾਂ ਰੰਗੂਨ ਛਾਉਣੀ ਡਾਕਖਾਨੇ ਵਾਲੀ ਇਮਾਰਤ ਵਿਚ ਆਪ ਨੂੰ ਬਦਲ ਦਿੱਤਾ ਗਿਆ। ਏਥੇ ਹੀ ਆਖਰੀ ਸਮੇਂ ਤਕ ਬਹਾਦਰ ਸ਼ਾਹ ਜ਼ਫਰ ਰਿਹਾ ਸੀ ਤੇ ਉਸ ਤੋਂ ਬਾਅਦ ਚਾਰ ਕੁ ਸਾਲ 1866 ਈ. ਤਕ ਉਸ ਦੀ ਬੇਗਮ ਜ਼ੀਨਤ ਮਹਿਲ।

ਏਥੇ ਵੀ ਖੂਹੀ ਲੁਆ ਦਿਤੀ ਗਈ, ਦੁੱਧ ਦਹੀਂ ਲਈ ਉਹੀ ਗਾਂ ਆ ਗਈ ਤੇ ਰੋਟੀ ਪਾਣੀ ਤੇ ਚਾਲੀ ਕੁ ਰੁਪਏ ਮਹੀਨਾ ਸਰਕਾਰ ਖਰਚ ਕਰਦੀ ਜਿਸ ਵਿਚ ਬਦਾਮ ਤਕ ਦਿਤੇ ਜਾਂਦੇ।



Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਨੇ ਸਰਕਾਰ ਕੋਲੋਂ ਸ੍ਰੀ ਆਦਿ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀਆਂ ਚੋਣਵੀਆਂ ਬਾਣੀਆਂ ਦੀਆਂ ਦੋ ਪੋਥੀਆਂ ਮੰਗਵਾਈਆਂ। ਪੰਜ ਗ੍ਰੰਥੀ ਤੇ ਦਸਮ ਗ੍ਰੰਥੀ। ਸਰਕਾਰ ਨੇ ਬਿਚ੍ਰਿਤ ਨਾਟਕ ਤੋਂ ਬਿਨਾਂ ਬਾਕੀ ਬਾਣੀ ਭੇਜ ਦਿਤੀ।

ਆਪ ਨਜ਼ਰਬੰਦੀ ਸਮੇਂ ਨਾਮ ਸਿਮਰਨ ਕਰਦੇ, ਬਾਣੀ ਪੜ੍ਹਦੇ ਅਤੇ ਚਿੰਤਨ ਕਰਦੇ। ਆਪ ਜੁਗਤਾਂ ਸੋਚਦੇ ਕਿ ਹਮ ਵਤਨਾਂ ਨਾਲ ਸੰਪਰਕ ਕਿਵੇਂ ਕਾਇਮ ਕੀਤਾ ਜਾਵੇ। ਇਥੇ ਤਾਂ ਚਿੜੀ ਵੀ ਨਹੀਂ ਸੀ ਫੜਕ ਸਕਦੀ ਤੇ ਨਾ ਹੀ ਕਿਸੇ ਨੂੰ ਆਪ ਜੀ ਦੇ ਏਥੇ ਰਹਿਣ ਦੀ ਸੂਹ ਮਿਲੀ ਹੋਵੇਗੀ, ਫਿਰ ਵੀ ਆਪ ਨੇ ਤਰੀਕੇ ਨਾਲ ਸਥਾਨਕ ਲੋਕਾਂ ਨਾਲ ਸਾਂਝ ਦਾ ਰਾਹ ਕਢ ਲਿਆ। ਸ੍ਰੀ ਸਤਿਗੁਰੂ ਜੀ ਨੇ ਏਥੇ ਆ ਕੇ ਪੰਡਤਾਂ ਦੀ ਰੋਟੀ ਕਰ ਲਈ। ਉਹ ਉੱਚੀ ਉੱਚੀ ਨਾਨੂੰ ਸਿੰਘ ਨਾਲ ਬੋਲ ਬੁਲਾਰਾ ਕਰਦੇ ਤਾਂ ਕਿ ਪਤਾ ਲਗੇ ਕਿ ਏਥੇ ਕੋਈ ਪੰਜਾਬੀ ਹੈ।

ਗੁਰੂ ਹਰੀ ਸਿੰਘ ਦੀ 13 ਜਨਵਰੀ 1873 ਈ. ਦੀ ਸ੍ਰੀ ਸਤਿਗੁਰੂ ਜੀ ਨੂੰ ਮਿਲਣ ਦੀ ਅਰਜ਼ੀ ਰੱਦ ਕਰ ਦਿਤੀ ਗਈ। ਪੰਜਾਬ ਵਿਚ ਸੰਤ ਹਰਨਾਮ ਸਿੰਘ ਤੇ ਉਸਦੀ ਪਤਨੀ ਮਾਈ ਚੰਦੋ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਇਜਾਜ਼ਤ ਮੰਗੀ। ਉਹਨਾਂ ਨੂੰ 23 ਅਕਤੂਬਰ 1874 ਈ. ਨੂੰ ਰੰਗੂਨ ਆਉਣ ਦੀ ਇਜਾਜ਼ਤ ਤਾਂ ਮਿਲ ਗਈ ਪਰ ਉਹਨਾਂ ਦਰਸ਼ਨ ਨਾ ਕਰਨ ਦਿਤੇ।

ਫਿਰ ਦਰਬਾਰਾ ਸਿੰਘ ਗਹੇਵਾਲ ਹਾਂਏਪੁਰ ਦੇ ਨੰਬਰਦਾਰ ਨੇ ਯਤਨ ਕੀਤਾ। ਸਬੱਬ ਬਣ ਗਿਆ। ਉਹ ਲੁਧਿਆਣਾ ਦੇ ਪੁਲਿਸ ਸੁਪਰਿੰਡੈਂਟ ਬਾਰਬਟਨ ਘਰ ਕਿਸੇ ਕੰਮ ਗਿਆ। ਉਸਦੀ ਮੇਮ ਨੇ ਉਸਦੀ ਉਦਾਸੀ, ਡੁਬ ਡੁਬਾਉਂਦੀਆਂ ਅੱਖਾਂ, ਕਮਜ਼ੋਰ ਸਰੀਰ ਵੇਖ ਕੇ ਕਾਰਨ ਪੁਛਿਆ। ਦਰਬਾਰਾ ਸਿੰਘ ਦੇ ਦਸਣ ਉਤੇ ਕਿ ਸ੍ਰੀ ਸਤਿਗੁਰੂ ਜੀ ਦਾ ਪਤਾ ਨਹੀਂ ਲਗਦਾ, ਉਹ ਪਸੀਜ ਗਈ ਤੇ ਤਰੀਕੇ ਨਾਲ ਬਾਰਬਟਨ ਤੋਂ ਪੁੱਛ ਕੇ ਚੋਰੀ ਪਤਾ ਦੱਸਿਆ। ਦਰਬਾਰਾ ਸਿੰਘ ਨੇ ਜ਼ਮੀਨ ਜਾਇਦਾਦ ਵੇਚ ਕੇ ਗੁਰੂ ਲੇਖੇ ਲਾ ਦਿਤੀ ਸੀ ਤੇ ਸ੍ਰੀ ਭੈਣੀ ਸਾਹਿਬ ਹੀ ਰਹਿੰਦਾ ਸੀ। ਮੇਮ ਕੋਲੋਂ ਰੰਗੂਨ ਦਾ ਪਤਾ ਸੁਣ ਕੇ ਦਰਬਾਰਾ ਸਿੰਘ ਦੇ ਚੇਹਰੇ ਤੇ ਰੌਣਕ ਆ ਗਈ, ਉਹ ਭੇਸ ਵਟਾ ਕੇ ਸੂਹਾਂ ਲੈਂਦਾ ਟਿਕਾਣੇ ਪੁੱਜਾ। ਉਹ ਸਤਿਗੁਰੂ ਜੀ ਦਾ ਹੁਕਮਨਾਮਾ ਲੈ ਕੇ ਵਾਪਸ ਆਇਆ ਕਿ ਬੁੱਧ ਸਿੰਘ ਦਾ ਨਾਂ ਅੱਜ ਤੋਂ ਹਰੀ ਸਿੰਘ ਹੋਇਆ। ਉਹ ਸਿੱਖੀ ਨੂੰ ਹਰੀ ਰਖੇਗਾ। ਇਹ ਹੁਕਮਨਾਮਾ ਉਹ ਜਨਵਰੀ 1875 ਈ. ਵਿਚ ਲੈ ਕੇ ਆਇਆ।

ਸ੍ਰੀ ਭੈਣੀ ਸਾਹਿਬ ਰਾਹੀਂ ਇਹ ਖ਼ਬਰ ਫੁੱਲਾਂ ਦੀ ਖੁਸ਼ਬੋ ਵਾਂਗ ਫੈਲ ਗਈ। ਸ੍ਰੀ ਸਤਿਗੁਰੂ ਜੀ ਨੂੰ ਸਿਖ ਮਿਲਣ ਜਾਂਦੇ। ਅਰਦਾਸਾਂ ਲੈ ਕੇ ਜਾਂਦੇ, ਹੁਕਮਨਾਮੇ ਲੈ ਕੇ ਆਉਂਦੇ ਪਰ ਸਭ ਚੋਰੀ ਤੇ ਪਹਿਰੇਦਾਰਾਂ ਤੋਂ ਅੱਖ ਬਚਾ ਕੇ ਹੁੰਦਾ। ਜਾਂ ਕੋਈ ਪਹਿਰੇਦਾਰ ਤਲੀ ਗਰਮ ਹੋਣ ਕਰਕੇ ਪਾਸਾ ਵੱਟ ਲੈਂਦਾ।

ਸਤਿਗੁਰੂ ਜੀ ਦੇ ਬੰਗਲੇ ਲਾਗੇ ਇੱਕ ਬੈਰਾਗੀ ਸਾਧੂ ਦਾ ਡੇਰਾ ਸੀ, ਉਹ ਵੀ ਮਦਦ ਕਰਦਾ। ਕੁਝ ਦੂਰ ਅੰਬਾਂ ਦੇ ਰੁੱਖ ਸਨ। ਸਿੰਘ ਉਹਨਾਂ ਹੇਠ ਬੈਠੇ ਰਹਿੰਦੇ। ਜਦੋਂ ਸਤਿਗੁਰੂ ਜੀ ਬੱਘੀ ਉਤੇ ਸੈਰ ਲਈ ਨਿਕਲਦੇ ਤਾਂ ਦਰਸ਼ਨ ਕਰ ਲੈਂਦੇ।

ਅੰਗਰੇਜ਼ ਨੇ ਕਿੰਨੀ ਸਖ਼ਤੀ ਕੀਤੀ ਸੀ, ਇਸ ਬਾਰੇ ਸ੍ਰੀ ਸਤਿਗੁਰੂ ਜੀ ਨੇ ਇਕ ਹੁਕਮਨਾਮੇ ਵਿਚ ਲਿਖਿਆ "ਜਿਹੜਾ ਬਡਾ ਗੋਰਾ ਹੈ ਸਾਰੇ ਦੇਸਾਂ ਉਤੇ ਜਿਸਦਾ ਹੁਕਮ ਚਲਦਾ ਹੈ, ਉਸ ਦਾ ਲਿਖਾ ਏਥੇ ਕੰਧ ਦੇ ਨਾਲ ਲਾਇਆ ਹੈ, ਜੇ ਕੋਈ ਆਦਮੀ ਏਸ ਦੇ



Namdhari Elibrary NamdhariElibrary@gmail.com

ਨਾਲ ਬਾਤ ਕਰੇ ਤਾਂ ਉਸ ਨੂੰ ਕੈਦ ਕਰੋ, ਜੇ ਕੁਝ ਬਾਹਰ ਤੇ ਸਿਟੇ ਅੰਦਰ ਜਾਂ ਅੰਦਰੋਂ ਬਾਹਰ ਸਿੱਟੇ ਤਾਂ ਉਸ ਨੂੰ ਭੀ ਕੈਦ ਕਰੋ। ਅਰ ਕੋਈ ਆਦਮੀ ਨਾ ਏਥੇ ਸੌਹੇਂ ਖੜਾ ਹੋਣ ਦਿਉ। –ਹੁਕਮਨਾਮਾ 9

ਕਾਰਨ ਵੀ ਸਤਿਗੁਰੂ ਜੀ ਲਿਖਦੇ ਹਨ–

–ਏਨਾ ਨੂੰ ਏਹੁ ਬਡਾ ਭਰਮ ਹੈ ਚਿਠੀ ਦੀ ਬੜੀ ਤਕੜਾਈ ਰਖਦੇ ਹੈਨ ਮੇਰੀ ਕਹਿੰਦੇ ਹੈਨ ਕਿਤੇ ਚਿਠੀ ਭੇਜ ਕੇ ਸੂੜ ਨਾ ਕਰਾਏ ਦੇਵੇ। ਏਧੇ ਪਿਛੇ ਬਹੁਤ ਆਦਮੀ ਹੈਂ।

–ਹੁਕਮਨਾਮਾ **6**

–ਪਿਛੋ ਤਾਂ ਲਿਆਏ ਹੈ, ਜੇ ਏਥੇ ਰਹਾ ਤਾਂ ਚੌਧੇ (1857 ਈ.) ਬਰਗਾ ਕੰਮ ਕਰਾਇ ਦਊਗਾ। ਅਰ ਹੁਣ ਇਹ ਡਰ ਹੈ ਭਾਈ ਚਿਠੀ ਭੇਜ ਕੇ ਪਿਛੇ ਸੂੜ ਕਰਾ ਦਿਊ। ਏਹੁ ਭਰਮ ਹੈ। ਮੇਰੇ ਸਰੀਰ ਦਾ ਕਾਲ ਬਰਗਾ ਭੈਅ ਹੈ ਏਨਾਂ ਨੂੰ। ਏਸੇ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦਿੰਦੇ। –ਹੁਕਮਨਾਮਾ 7



Namdhari Elibrary NamdhariElibrary@gmail.com

# ਸਖ਼ਤੀਆਂ ਦਾ ਝੱਖੜ

ਬਰਤਾਨਵੀ ਸਰਕਾਰ ਨੂੰ ਭੈਅ ਸੀ ਕਿ ਸਤਿਗੁਰੂ ਰਾਮ ਸਿੰਘ ਪੰਜਾਬ ਵਿੱਚ ਐਸਾ ਭਾਂਬੜ, ਹਕੂਮਤ ਖਿਲਾਫ਼ ਬਾਲਣਗੇ ਕਿ ਉਸ ਦਾ ਸੇਕ ਉਸ ਨੂੰ ਲੂਹ ਸੁਟੇਗਾ। ਸੋ ਉਸਨੇ ਸਤਿਗੁਰੂ ਜੀ ਨੂੰ ਜਲਾਵਤਨ ਕੀਤਾ। ਸਰਕਾਰ ਨੂੰ ਦੂਜਾ ਭੈਅ ਇਹ ਵੀ ਸੀ ਕਿ ਸਤਿਗੁਰੂ ਜੀ ਦੇ ਪਿਛੋਂ ਉਹਨਾਂ ਦੇ ਸਿਰਲੱਥ ਸੂਰੇ ਭੜਥੂ ਪਾ ਦੇਣਗੇ, ਸੋ ਇਸ ਦਾ ਵੀ ਪ੍ਰਬੰਧ ਹੋਵੇ। ਇਸ ਪ੍ਰਬੰਧ ਲਈ ਉਹਨਾਂ ਕੂਕਿਆਂ ਤੇ ਸਖ਼ਤ ਪਾਬੰਦੀਆਂ ਰੱਖਣ ਦਾ ਪ੍ਰੋਗਰਾਮ ਅਮਲ ਵਿੱਚ ਲਿਆਂਦਾ।

ਪਾਬੰਦੀਆਂ ਲਈ ਮਹੱਤਵਪੂਰਨ ਕਦਮ ਇਹਨਾਂ ਦੀ ਜ਼ਿਆਰਤਗਾਹ ਸ੍ਰੀ ਭੈਣੀ ਸਾਹਿਬ ਨੂੰ ਬਰਬਾਦ ਕਰਨਾ ਸੀ। ਉਹਨਾਂ ਨੂੰ ਏਥੇ ਹਥਿਆਰ, ਖ਼ਜ਼ਾਨਾ ਤੇ ਗੁਪਤ ਦਸਤਾਵੇਜ਼ ਹੋਣ ਦੀ ਵੀ ਸੂਹ ਮਿਲੀ ਸੀ। ਸੋ ਸ੍ਰੀ ਸਤਿਗੁਰੂ ਜੀ ਨੂੰ ਜਲਾਵਤਨ ਕਰਕੇ ਲੈਫਟੀਨੈਂਟ ਕਰਨਲ ਜੇ.ਸੀ.ਪੀ. ਬੇਲੀ ਡੀ.ਆਈ.ਜੀ. ਲਾਹੌਰ ਸਰਕਲ ਨੇ ਸਵਖਤੇ ਹੀ 18 ਜਨਵਰੀ 1872 ਈ. ਨੂੰ 25 ਸਵਾਰਾਂ ਸਹਿਤ ਡੇਰਾ ਸ੍ਰੀ ਭੈਣੀ ਸਾਹਿਬ ਨੂੰ ਘੇਰਾ ਪਾ ਲਿਆ। ਉਹਨਾਂ ਸਤਿਗੁਰੂ ਜੀ ਦੇ ਪਿਤਾ ਬਾਬਾ ਜੱਸਾ ਸਿੰਘ, ਭਰਾ ਬੁਧ ਸਿੰਘ (ਗੁਰੂ ਹਰੀ ਸਿੰਘ) ਪੁੱਤਰੀ ਬੀਬੀ ਨੰਦ ਕੌਰ, ਉਸ ਦੇ ਤਿੰਨ ਬੱਚੇ, ਹੱਟੀ ਦਾ ਮੈਨੇਜਰ ਵਰਿਆਮ ਸਿੰਘ, ਆਪ ਦੇ ਨਿਜੀ ਸੇਵਕ ਮੱਖਣ ਸਿੰਘ ਤੇ ਸਾਰੇ ਸਿੱਖਾਂ ਸੇਵਕਾਂ ਨੂੰ ਸਰਦੀ ਵਿੱਚ ਬਾਹਰ ਕੱਢ ਦਿੱਤਾ। ਹਰ ਆਲਾ-ਅਲਮਾਰੀ, ਖੂੰਜਾ-ਖਰਲਾ ਫੋਲਿਆ ਗਿਆ। ਸਾਰੀ ਜ਼ਮੀਨ ਪੁਟੀ ਗਈ। ਦਾਣਿਆਂ ਦੀਆਂ ਬੁਖਾਰੀਆਂ ਭੜੋਲਿਆਂ ਵਿੱਚ ਸੇਲੇ ਮਾਰ ਕੇ ਵੇਖਿਆ ਗਿਆ। 19 ਤਰੀਕ ਨੂੰ ਦੁਬਾਰਾ ਤਲਾਸ਼ੀ ਲਈ। ਦੋਵੇਂ ਦਿਨ ਪਿੰਡ ਦੇ ਤਿੰਨ ਨੰਬਰਦਾਰ ਨਾਲ ਰਖੇ ਗਏ। ਸਾਰੇ ਮਾਲ ਖ਼ਜ਼ਾਨੇ ਤੇ ਹਥਿਆਰਾਂ ਦੀ ਸੂਚੀ ਬਣਾਈ ਗਈ।

ਇਸ ਵਿੱਚ 36 ਕੁਹਾੜੀਆਂ 6 ਗੰਡਾਸੇ, 2 ਖੋਖਰੀਆਂ, ਚੱਕਰ, ਸਫਾਜੰਗ, ਡਾਂਗਾਂ, 1828 ਰੁਪਏ 8 ਆਨੇ ਨਗਦ, ਸੋਨਾ, ਚਾਂਦੀ, ਗਹਿਣਾ ਗੱਟਾ, ਸ਼ਾਲਾਂ, ਲੋਈਆਂ, ਨਾਪਿਆਂ ਦੀ ਮਾਲਾ, ਕੀਮਤੀ ਕਢਾਈ ਵਾਲਾ ਚੋਗਾ, ਲਗਪਗ 5400 ਰੁਪਏ ਦਾ ਮਾਲ ਟਰੰਕ ਵਿੱਚ ਬੰਦ ਕਰਕੇ ਲੁਧਿਆਣੇ ਭੇਜਿਆ ਗਿਆ। ਏਥੇ 172 ਸਿੰਘ ਤੇ ਬੀਬੀਆਂ ਰਹਿੰਦੇ ਸਨ। 82 ਦੁਧਾਰੂ ਤੇ ਸਵਾਰੀ ਵਾਲੇ ਪਸ਼ੂ ਸਨ।

ਗੁਰੂ ਪਰਵਾਰ ਦੀ ਸੇਵਾ ਲਈ 3 ਪੁਰਸ਼ ਤੇ ਦੋ ਬੀਬੀਆਂ, ਪਸ਼ੂਆਂ ਦੀ ਸੰਭਾਲ ਲਈ 11 ਸਿੰਘਾਂ ਨੂੰ ਡੇਰੇ ਰਹਿਣ ਦੀ ਇਜਾਜ਼ਤ ਦੇ ਕੇ ਬਾਕੀਆਂ ਨੂੰ 13-14 ਮੀਲ ਤੋਰ ਕੇ ਲੁਧਿਆਣੇ ਲੈ ਗਏ। ਏਥੇ ਡੀ. ਸੀ. ਕਾਵਨ ਨੇ ਕੋਈ ਬਾਗੀਆਨਾ ਹਰਕਤ ਨਾ ਕਰਨ ਦੀ ਚੇਤਾਵਨੀ ਦੇ ਕੇ ਕਿਹਾ ਕਿ ਆਪੋ ਆਪਣੇ ਘਰ ਜਾਣ।

ਭੈਣੀ ਸਾਹਿਬ ਡਿਉਢੀ ਵਿੱਚ ਇੰਸਪੈਕਟਰ ਉਮਰਾਓ ਅਲੀ ਸ਼ਾਹ ਤੇ 20 ਹੋਰ ਸਿਪਾਹੀਆਂ ਦੀ ਪੁਲਿਸ ਚੌਕੀ ਬਿਠਾਈ ਗਈ ਤਾਂ ਕਿ ਅੰਦਰੋਂ ਬਾਹਰ ਆਉਣ ਤੇ ਨਿਗਰਾਨੀ ਰੱਖੀ ਜਾ ਸਕੇ। ਬਾਹਰੋਂ ਅੰਦਰ ਜਾਣ ਤੇ ਪਾਬੰਦੀ ਸੀ ਤੇ ਇਕ ਸਮੇਂ 5 ਸਿੰਘਾਂ ਨੂੰ ਮੱਥਾ ਟੇਕਣ ਜਾਣ ਦੀ ਇਜਾਜ਼ਤ ਮਿਲੀ।



Namdhari Elibrary NamdhariElibrary@gmail.com

ਪੰਜ ਤੋਂ ਵਧ ਕੂਕਿਆਂ ਦੇ ਇਕੱਠੇ ਹੋਣ ਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਦੀ ਇਕ ਚਿੱਠੀ ਰਾਹੀਂ ਪਾਬੰਦੀ ਲਾਈ ਗਈ। ਜੇ ਇਕੱਠੇ ਹੋਣ ਤਾਂ ਸਖ਼ਤ ਕਰਵਾਈ ਹੋਵੇ।

ਅੰਗਰੇਜ਼ ਦੇ ਵਫਾਦਾਰ ਪੰਜਾਬੀਆਂ ਨੇ ਵੀ, ਸਣੇ ਸਿਖਾਂ ਆਪਣੀ ਵਫਾਦਾਰੀ ਦਾ ਸਬੂਤ ਦੇਣ ਲਈ ਸਰਕਾਰ ਦੇ ਕਦਮ ਨੂੰ ਸਹੀ ਕਿਹਾ। ਇਹਨਾਂ ਵਿੱਚ ਭੈਣੀ ਸਾਹਿਬ ਦੇ ਨੰਬਰਦਾਰ ਘਮੰਡਾ ਤੇ ਸੁਖੂ, ਸਿੱਖ ਸਰਦਾਰ, ਜਗੀਰਦਾਰ, ਡੇਰਿਆਂ ਦੇ ਮਹੰਤ ਤੇ ਪੁਜਾਰੀ ਤੇ ਰਾਜੇ ਮਹਾਰਾਜੇ ਸਨ। ਮਹਾਰਾਜਾ ਪਟਿਆਲਾ ਨੇ ਤਾਂ 20 ਜਨਵਰੀ 1872 ਦੀ ਚਿੱਠੀ ਅਨੁਸਾਰ ਕੂਕਿਆਂ ਦੀਆਂ ਜ਼ਮੀਨਾਂ ਜਾਇਦਾਦਾਂ ਜਬਤ ਕਰਨ ਦਾ ਵੀ ਐਲਾਨ ਕੀਤਾ ਤੇ ਕਿਹਾ ਧਾਰਮਿਕ ਬਹਾਨੇ ਪਿਛੇ (ਗੁਰੂ) ਰਾਮ ਸਿੰਘ ਦਾ ਨਿਸ਼ਾਨਾ ਤੇ ਇਛਾ ਦੁਬਾਰਾ ਰਾਜ ਪ੍ਰਾਪਤ ਕਰਨਾ ਸੀ।

ਦਿਆਲ ਸਿੰਘ ਮਜੀਠੀਏ ਨੇ 22 ਮਾਰਚ 1872 ਈ. ਨੂੰ ਪ੍ਰਤੀਨਿਧ, ਗ੍ਰੰਥੀਆਂ, ਮਹੰਤਾਂ ਤੇ ਸਿੱਖ ਸਰਦਾਰਾਂ ਦੀ ਮੀਟਿੰਗ ਅੰਮ੍ਰਿਤਸਰ ਕੀਤੀ। ਇਸ ਵਿੱਚ ਮਤਾ ਪਾਸ ਕੀਤਾ ਕਿ ਕੂਕਿਆਂ ਨਾਲੋਂ ਉਹਨਾਂ ਦੀ ਮਰਯਾਦਾ ਵੱਖਰੀ ਹੈ। ਕੂਕਿਆਂ ਦੀਆਂ ਕਾਰਵਾਈਆਂ ਨੇ 1857 ਵਿੱਚ ਕੀਤੀਆਂ ਸੇਵਾਵਾਂ ਕਾਰਨ ਉਹਨਾਂ ਨੂੰ ਮਿਲੇ ਸਨਮਾਨ ਨੂੰ ਧੱਕਾ ਲਾਇਆ। *"ਹਮ ਜੁਮਲਾ ਸਿੰਘਾਨ ਅੰਮ੍ਰਿਤਸਰ ਮੁਤਫਿਕ ਹੋ ਕਰ ਯਕਦਿੱਲੀ ਸੇ ਗੁਜਾਰਿਸ਼ ਕਰਤੇ ਹੈਂ ਕਿ ਯਹ ਜੋ ਕੂਕਾ ਕੌਮ ਚੰਦ ਅਰਸਾ ਸੇ ਮਸ਼ਹੂਰ ਹੈ ਹਮ ਸੇ ਔਰ ਉਨਸੇ ਕਿਸੀ ਕਿਸਮ ਕਾ ਤੁਆਲੱਕ ਯਾ ਮੁਆਫਿਕਤ ਨਹੀਂ। ਜੋ ਇੰਤਜ਼ਾਮ ਸਰਕਾਰ ਉਲ-ਇਕਤਦਾਰ ਕੀ ਤਰਫ ਸੇ ਹੂਆ ਹੈ, ਨਿਹਾਇਤ ਮੁਨਾਸਿਬ ਔਰ ਮੁਸਤਹਸਨ ਹੈ।'*

*-ਪੰਜਾਬ ਗੌਰਮਿੰਟ ਗਜ਼ਟ 28 ਮਾਰਚ 1872*

ਇਸ ਉਤੇ 14 ਪ੍ਰਤੀਨਿਧਾਂ ਦੇ ਦਸਤਖ਼ਤ ਸਨ। ਮਈ 1872 ਨੂੰ ਜਲੰਧਰ ਤੇ 28 ਜੂਨ 1872 ਨੂੰ ਕਰਨਾਲ, ਜਗਾਧਰੀ, ਬਿਲਾਸਪੁਰ ਮੁਸਤਫਾਬਾਦ ਅੰਬਾਲਾ ਦੇ ਨਵਾਬਾਂ ਸ਼ਾਹੂਕਾਰਾਂ ਤੇ ਨਗਰ ਪਾਲਿਕਾ ਦੇ 147 ਜਣਿਆਂ ਨੇ ਸਰਕਾਰੀ ਕਾਰਵਾਈ ਦੀ ਪੁਸ਼ਟੀ ਕੀਤੀ। ਹੁਸ਼ਿਆਰਪੁਰ ਦੇ 140 ਪਤਵੰਤੇ ਤੇ ਅਨੰਦਪੁਰ ਦੇ 500 ਸੋਢੀ ਬੇਦੀ ਰਾਇ ਸਰਕਾਰ ਦੀ ਜੀ ਹਜ਼ੂਰੀ ਵਿੱਚ ਸ਼ਾਮਲ ਹੋ ਗਏ। ਜਲੰਧਰ ਦੇ 437 ਜਗੀਰਦਾਰ, ਮਿਊਂਸੀਪਲ ਕਮੇਟੀ ਦੇ ਮੈਂਬਰ, ਜ਼ੈਲਦਾਰ, ਸ਼ਾਹੂਕਾਰ ਸਰਦਾਰ ਬਿਕਰਮ ਸਿੰਘ ਬਹਾਦਰ ਆਹਲੂਵਾਲੀਆ ਦੀ ਅਗਵਾਈ ਵਿੱਚ ਇਕੱਠੇ ਹੋਏ ਤੇ 28 ਅਗਸਤ ਨੂੰ ਪੰਜਾਬ ਸਰਕਾਰ ਨੂੰ ਚਿੱਠੀ ਲਿਖੀ ਗਈ ਕਿ ਕੂਕੇ ਗ਼ਲਤ ਸਨ ਤੇ ਟੀ. ਡੀ. ਫੋਰਸਿਥ, ਕਮਿਸ਼ਨਰ ਅੰਬਾਲਾ ਸਹੀ। ਕਰਨਾਲ ਤੇ ਕਲਸੀਆਂ ਦੇ ਸਰਦਾਰ ਤੇ ਨਵਾਬ ਵੀ ਆਪਣੇ ਪਿਛਲੱਗੂਆਂ ਸਹਿਤ ਸਰਕਾਰੀਏ ਹੀ ਸਨ। ਉਹਨਾਂ ਦੀਆਂ ਤੇ ਜਗਾਧਰੀ, ਬਿਲਾਸਪੁਰ ਮਨੀਮਾਜਰਾ ਦੀਆਂ ਦਸਤਖ਼ਤਾਂ ਦੀਆਂ ਸੂਚੀਆਂ ਵੀ ਨਾਲ ਸਨ। ਸੰਗਰੂਰ ਦੇ ਮਹਾਰਾਜੇ ਨੇ ਹੁਕਮ ਕੀਤਾ ਸਾਰੇ ਨਾਮਧਾਰੀਪੁਣਾ ਛਡ ਦੇਣ। ਫਰੀਦਕੋਟੀ ਮਹਾਰਾਜਾ ਤਾਂ ਜਮ ਬਣ ਕੇ ਚੰਬੜਿਆ, ਉਸ ਕੂਕਿਆਂ ਨੂੰ ਤਸੀਹੇ ਦਿਤੇ। ਦੀ ਇੰਗਲਿਸ਼ ਮੈਨ, ਦੀ ਹਿੰਦੂ ਪੈਟਰੀਆਟ, ਇੰਡੀਅਨ ਸਟੇਟਸਮੈਨ, ਫਰੈਂਡਸ ਆਫ ਇੰਡੀਆ ਅਖਬਾਰਾਂ ਨੇ ਵੀ ਸਰਕਾਰੀ ਪੱਖ ਪੂਰਿਆ।

ਪੱਤਾ ਪੱਤਾ ਕੂਕਿਆਂ ਦਾ ਵੈਰੀ ਸੀ। ਕੂਕਿਆਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹਨਾਂ ਦਾ ਕਸੂਰ ਕੀ ਸੀ? ਕਿਸੇ ਨੂੰ ਇਹ ਵੀ ਨਹੀਂ ਸੀ ਪਤਾ ਕਿ ਉਹਨਾਂ ਦਾ ਰਹਿਬਰ ਕਿਥੇ ਹੈ? ਉਹ ਕਿਸੇ ਨੂੰ ਨਾ ਮਿਲਣ ਜਾ ਸਕਦੇ ਸਨ ਨਾ ਦੁਖ ਦਰਦ ਸਾਂਝਾ ਕਰਨ।

ਜ਼ਰਾਇਮ ਪੇਸ਼ਾ ਲੋਕਾਂ ਵਾਂਗ ਹਰ ਜ਼ਿਲੇ ਦੇ ਡੀ.ਐਸ.ਪੀ. ਨੂੰ ਕੂਕਿਆਂ ਦੀਆਂ



Namdhari Elibrary NamdhariElibrary@gmail.com

ਸੂਚੀਆਂ ਤਿਆਰ ਕਰਨ ਲਈ ਕਿਹਾ ਗਿਆ, ਨਾਮ ਪਤੇ ਸਮੇਤ ਤਾਂ ਕਿ ਉਹਨਾਂ ਤੇ ਕਰੜੀ ਨਜ਼ਰ ਰਖੀ ਜਾ ਸਕੇ। ਉਹਨਾਂ ਦੀ ਵੀ ਸੂਚੀ ਤਿਆਰ ਕਰਨ ਦਾ 8 ਮਾਰਚ 1872 ਨੂੰ ਸਰਕਾਰੀ ਹੁਕਮ ਹੋਇਆ ਜਿਹੜੇ ਕੂਕਿਆਂ ਦੀ ਜ਼ਮਾਨਤ ਦੇਣਗੇ।

ਕੂਕਿਆਂ ਖਿਲਾਫ਼ ਸਖ਼ਤੀਆਂ ਦਾ ਝੱਖੜ ਝੁੱਲਿਆ ਤੇ ਕਈ ਕੱਚੇ ਪਿਲੇ ਜਾਂ ਕੂਕਿਆਂ ਦਾ ਰਾਜ ਆਉਣ ਤੇ ਕੁਝ ਖੱਟੀ ਖੱਟਣ ਦੇ ਲਾਲਚੀ ਜ਼ੈਲਦਾਰ, ਨੰਬਰਦਾਰ, ਸਰਦਾਰ ਆਦਿ ਸਰਕਾਰ ਤੋਂ ਡਰ ਕੇ ਕਹਿਣ ਲਗੇ ਕਿ ਅਸੀਂ ਕੂਕੇ ਨਹੀਂ। ਇਹਨਾਂ ਵਿੱਚ ਸਿੰਘ ਪੁਰਾ ਡੇਰਾ ਬਾਬਾ ਨਾਨਕ ਇਲਾਕੇ ਦੇ ਹਰੀ ਸਿੰਘ ਦਾ ਪਰਵਾਰ, ਕਰਤਾਰ ਸਿੰਘ ਬੇਦੀ ਆਦਿ ਹੋਰ ਸਿੱਖ ਸਨ। ਉਹਨਾਂ ਦੀ ਰਿਪੋਰਟ ਡੀ.ਸੀ ਗੁਰਦਾਸਪੁਰ ਨੇ ਅੰਮ੍ਰਿਤਸਰ ਡਿਵੀਜਨ ਦੇ ਸੁਪਰਿੰਟੈਂਡੈਂਟ ਨੂੰ ਭੇਜ ਦਿਤੀ।

ਨਾਮਧਾਰੀ ਸਿੰਘ ਇਸ ਵਰਤੇ ਭਾਣੇ ਨੂੰ ਨਹੀਂ ਸਮਝ ਸਕੇ ਪਰ ਉਹਨਾਂ ਆਪਣੇ ਆਪ ਨੂੰ ਆਤਮਿਕ ਤੌਰ ਤੇ ਮਜ਼ਬੂਤ ਰੱਖਣ ਲਈ ਅਕਾਲ ਪੁਰਖ ਦਾ ਸਿਮਰਨ ਕਰਨਾ ਵਧਾ ਦਿਤਾ। ਬਾਣੀ ਤਾਂ ਉਹ ਪੜ੍ਹਦੇ ਹੀ ਸਨ ਜਿਸ ਕਰਕੇ ਉਹ ਨਾਮ ਜਪਣ ਲਈ ਤੇ ਸਤਿਗੁਰੂ ਤੇ ਭਰੋਸਾ ਰਖਣ ਬਾਰੇ ਟੁੰਬੇ ਜਾਂਦੇ ਸਨ। ਉਹਨਾਂ ਸ੍ਰੀ ਸਤਿਗੁਰੂ ਜੀ ਦੀ ਦੱਸੀ ਮਰਯਾਦਾ ਅਨੁਸਾਰ ਅਧਿਆਤਮਕ ਦੇ ਨਾਲ ਨਾਲ ਸਮਾਜਕ ਸਦਾਚਾਰਕ ਰਾਮਕਾਰ ਵਿੱਚ ਰਹਿ ਕੇ ਰਾਜਨੀਤਕ ਬਾਈਕਾਟ ਵੀ ਜਾਰੀ ਰਖਿਆ। ਏਸੇ ਕਰਕੇ ਸਰਕਾਰੀ ਰਿਕਾਰਡ ਵਿੱਚ ਦਰਜ ਕੀਤਾ ਗਿਆ :

1. ਕੂਕਾ ਝੂਠ ਨਹੀਂ ਬੋਲਦਾ 2. ਕੂਕਾ ਸ਼ਰਾਬ ਨਹੀਂ ਪੀਂਦਾ 3. ਕੂਕਾ ਅੰਗਰੇਜ਼ ਦਾ ਵਫਾਦਾਰ ਨਹੀਂ ਹੋ ਸਕਦਾ।

ਪਰ ਪ੍ਰਤੱਖ ਰੂਪ ਵਿੱਚ ਨਾਮਧਾਰੀ ਸਿਖਾਂ ਵਿਚ ਰਾਜਨੀਤਕ ਹਲਚਲ ਨਹੀਂ ਸੀ ਦਿਸ ਰਹੀ। ਉਂਜ ਸਤਿਗੁਰੂ ਦੇ ਵਿਛੋੜੇ ਨੇ ਵੀ ਉਹਨਾਂ ਨੂੰ ਭੰਨ ਸੁਟਿਆ ਸੀ।

ਇਹਨਾਂ ਦਿਨਾਂ ਵਿਚ ਕੂਕਿਆਂ ਨੇ ਖ਼ਬਰ ਸੁਣੀ ਕਿ ਇਕ ਪਿਸ਼ਾਵਰ ਦੇ ਪਠਾਣ ਗੁਲ ਸ਼ੇਰ ਖਾਂ ਨੇ ਭਾਰਤ ਦੇ ਵਾਇਸ ਰਾਏ ਲਾਰਡ ਮਿਓ ਨੂੰ 8 ਫਰਵਰੀ 1872 ਈ. ਨੂੰ ਅੰਡੇਮਾਨ ਟਾਪੂ ਵਿਚ ਖ਼ਤਮ ਕਰ ਦਿਤਾ ਹੈ। ਉਹਨਾਂ ਸੋਚਿਆ ਕਿ ਸਤਿਗੁਰੂ ਜੀ ਨੂੰ ਜਲਾਵਤਨ ਕਰਨਾ ਤੇ ਨਾਮਧਾਰੀਆਂ ਤੇ ਸਖ਼ਤੀਆਂ ਕਰਨਾ ਏਸੇ ਦੇ ਹੁਕਮ ਹਨ। ਰੱਬ ਨੇ ਉਸ ਨੂੰ ਕਰਨੀ ਦਾ ਫਲ ਦਿਤਾ ਸੀ।

ਸਰਕਾਰ ਵਲੋਂ ਸਖਤੀ ਇਹਨਾਂ ਦੇ ਪਾਠ ਕਰਨ ਤੇ ਵੀ ਸੀ। ਗੁਰੂ ਹਰੀ ਸਿੰਘ ਜੀ ਨੇ ਦੁਸਹਿਰੇ ਉਤੇ 1872 ਈ. ਵਿੱਚ ਅਖੰਡ ਪਾਠ ਰੱਖਿਆ ਪਰ ਡੀ. ਐਸ. ਪੀ. ਜੇ. ਪੀ. ਵਾਰਬਟਨ ਨੇ ਭੋਗ ਨਾ ਪਾਉਣ ਦਿਤਾ ਤੇ ਵਿਘਨ ਪਾਇਆ।

ਸਰਕਾਰ ਨੂੰ ਰਾਜਨੀਤਕ ਸਰਗਰਮੀਆਂ ਨਾ ਹੋਣ ਕਾਰਨ ਕੂਕੇ ਸੁਸਤ ਪੈ ਗਏ ਲਗਦੇ ਸਨ। ਹਰ ਜ਼ਿਲ੍ਹੇ ਦੀਆਂ ਉਹਨਾਂ ਦੀਆਂ ਸੁਸਤ ਪੈਣ ਦੀਆਂ ਰਿਪੋਰਟਾਂ ਪੰਜਾਬ ਸਰਕਾਰ ਰਾਹੀਂ ਹਿੰਦੁਸਤਾਨ ਦੀ ਗੌਰਮਿੰਟ ਨੂੰ ਭੇਜੀਆਂ ਜਾ ਰਹੀਆਂ ਸਨ। ਇਹ ਜ਼ਿਲਾ ਵਾਰ ਇਕੱਠੀਆਂ ਕੀਤੀਆਂ ਜਾਂਦੀਆਂ ਸਨ।

ਕੂਕਿਆਂ ਦੀ ਰਾਜਨੀਤਕ ਸੁਸਤੀ ਕਾਰਨ 18 ਫਰਵਰੀ 1873 ਨੂੰ ਸਾਰੇ ਡੀ. ਆਈ. ਜੀ. ਨੂੰ ਇਕ ਪੱਤਰ ਲਿਖਿਆ ਗਿਆ ਕਿ ਪੰਜ ਕੂਕਿਆਂ ਦੀ ਇਕੱਠੇ ਹੋਣ ਦੀ ਸ਼ਰਤ ਸਖ਼ਤੀ ਨਾਲ ਲਾਗੂ ਨਾ ਕਰੋ ਪਰ ਨਿਗਾਹਬਾਨੀ ਰਖੋ। ਫਿਰ ਗੁਰੂ ਰਾਮ ਸਿੰਘ ਜੀ ਦੀ ਜਾਇਦਾਦ ਗੁਰੂ ਹਰੀ ਸਿੰਘ ਨੂੰ ਦੇਣ ਬਾਰੇ ਵੀ ਅਫ਼ਸਰਾਂ ਨੇ ਹਾਲਾਤ ਜਾਨਣੇ ਚਾਹੇ।



Namdhari Elibrary NamdhariElibrary@gmail.com

# ਗੁਲਾਮੀ ਦੇ ਅੰਧਕਾਰ ਵਿਰੁੱਧ ਲੋਅ

ਦੇਸ਼ ਦਾ ਦਰਦ ਰੱਖਣ ਵਾਲੇ ਕੁਝ ਲੋਕ ਇਹ ਸੋਚ ਕੇ ਅੰਮ੍ਰਿਤਸਰ ਇਕੱਠੇ ਹੋਏ ਕਿ ਕਿਤੇ ਗ਼ੁਲਾਮੀ ਦਾ ਘੁਪ ਹਨੇਰਾ ਦੇਸ਼ ਨੂੰ ਖਾ ਨਾ ਲਵੇ। ਉਹਨਾਂ ਨੂੰ ਇਸ ਪਾਸੇ ਤੁਰਨ ਲਈ ਟੁੰਬਿਆ ਚਾਰ ਸਿਖ ਵਿਦਿਆਰਥੀਆਂ ਦੇ ਇਸਾਈ ਬਣਨ ਨੇ। 1873 ਈ. ਵਿੱਚ ਏਥੇ ਇੱਕ ਸਭਾ ਬਣੀ ਇਸ ਦੇ ਮੁਖ ਆਗੂ ਸਨ ਬਾਬਾ ਖੇਮ ਸਿੰਘ ਬੇਦੀ, ਠਾਕਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ। ਸਭਾ ਦਾ ਨਾਂ ਸਿੰਘ ਸਭਾ ਰਖਿਆ ਗਿਆ ਤੇ ਸੰਧਾਵਾਲੀਏ ਪ੍ਰਧਾਨ ਬਣੇ। ਇਸ ਸਭਾ ਨੇ ਸਿੱਖਾਂ ਦਾ ਧਿਆਨ ਖਿਚਿਆ।

ਸਰਕਾਰ ਨੂੰ ਇਹ ਸਿੰਘ ਸਭਾ ਵਫਾਦਾਰ ਨਾ ਲੱਗੀ, ਉਹਨਾਂ ਨੂੰ ਲਾਹੌਰ ਦੀ ਸਿੰਘ ਸਭਾ ਰਾਸ ਆਈ ਜਿਸ ਦੀ ਸਾਜਨਾ ਗੁਰਮੁਖ ਸਿੰਘ ਨੇ ਕੀਤੀ। ਜਿਸ ਦੇ ਨੇਮਾਂ ਦਾ ਇਹ ਵੀ ਹਿਸਾ ਸੀ :

(ੳ) ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਗੱਲ ਸਰਕਾਰ ਦੇ ਮੁਤੱਲਕ ਨਹੀਂ ਕੀਤੀ ਜਾਵੇਗੀ।

(ਅ) ਖ਼ੈਰ ਖਾਹੀ ਕੌਮ, ਫ਼ਰਮਾਬਰਦਾਰੀ ਸਰਕਾਰ ਦੀ।

ਇਸੇ ਸਿੰਘ ਸਭਾ ਵਿਚੋਂ ਖਾਲਸਾ ਦਿਵਾਨ ਤੇ ਚੀਫ ਖਾਲਸਾ ਦਿਵਾਨ ਦੀਆਂ ਲਗਰਾਂ ਫੁੱਟੀਆਂ, ਜੋ ਅੰਗਰੇਜ਼ ਪੱਖੀ ਰਹੀਆਂ।

ਬਾਬਾ ਖੇਮ ਸਿੰਘ ਬੇਦੀ, ਗੁਰੂ ਰਾਮ ਸਿੰਘ ਨੂੰ ਸਿਖਾਂ ਦਾ ਬਾਰ੍ਹਵਾਂ ਗੁਰੂ ਮੰਨਣ ਦੇ ਹਿਮਾਇਤੀ ਸਨ। ਇਹ ਹਿਮਾਇਤ ਉਹਨਾਂ ਬਾਵਾ ਨਿਹਾਲ ਸਿੰਘ ਕਲਸੀਆਂ ਦੀ ਪੁਸਤਕ (ਉਰਦੂ) ਖੁਰਸ਼ੀਦ ਖਾਲਸਾ ਵਿਚ ਗੁਰੂ ਰਾਮ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਗੱਦੀ ਨਸ਼ੀਨ ਬਾਰ੍ਹਵਾਂ ਗੁਰੂ ਮੰਨਣ ਪ੍ਰਤੀ ਵਿਖਾਈ। ਇਹ ਵਖਰੀ ਗੱਲ ਹੈ ਕਿ ਬਾਵੇ ਨੇ ਗੁਰਮੁਖ ਸਿੰਘ ਤੇ ਸਾਥੀਆਂ ਦੇ ਦਬਾਅ ਕਾਰਨ ਤੇ ਸਰਕਾਰ ਤੋਂ ਡਰ ਕੇ ਇਹ ਮੰਨਿਆਂ : "ਜਨਾਬ ਸਿੰਘ ਸਾਹਿਬ ਰਾਮ ਸਿੰਘ ਕੇ ਨਾਮ ਕੇ ਆਗੇ ਗੁਰੂ ਲਫ਼ਜ ਨਹੀਂ ਲਿਖਾ ਜਾਵੇਗਾ।"

ਮਹਾਰਾਜਾ ਦਲੀਪ ਸਿੰਘ ਦੇ ਪੰਜਾਬ ਆਉਣ ਦੀ ਸੋ 1889 ਈ. ਵਿਚ ਆਈ ਤਾਂ ਅੰਮ੍ਰਿਤਸਰ ਵਾਲਿਆਂ ਤਾਂ ਖੁਸ਼ੀ ਮਨਾਈ ਪਰ ਲਾਹੌਰੀ ਸਿੰਘ ਸਭਾ ਨੇ 20 ਅਕਤੂਬਰ 1889 ਨੂੰ ਉਸ ਦੇ ਪੰਜਾਬ ਆਉਣ ਦੀ ਚਿਠੀ ਦੇ ਜੁਆਬ ਵਿਚ ਲਿਖਿਆ "ਅਸੀਂ ਸਾਰਾ ਖਾਲਸਾ ਪੰਥ ਅਤੇ ਗੁਜਰਾਂਵਾਲਾ ਦੇ ਨਿਵਾਸੀ ਜਿਨ੍ਹਾਂ ਨਾਲ ਤੂੰ ਆਪਣਾ ਜਨਮ ਭੂਮੀ ਦਾ ਸੰਬੰਧ ਸਮਝਦਾ ਹੈਂ, ਤੇਰੀ ਉਸ ਚਿਠੀ ਦਾ ਜਵਾਬ ਦਿੰਦੇ ਹਾਂ। ਇਹ ਜੇਹੜਾ ਤੂੰ ਸਰਕਾਰ ਅੰਗਰੇਜ਼ੀ ਤੋਂ ਬਾਗੀ ਹੋਇਆ ਹੈਂ ਅਕਲ ਦੀ ਗੱਲ ਨਹੀਂ ਕੀਤੀ।"

ਇਹ ਅੰਗਰੇਜ਼ ਦੀ ਹੀ ਚਾਲ ਸੀ ਕਿ ਸਿਖਾਂ ਨੂੰ ਪੁਰਖ ਗੁਰੂ ਵਲੋਂ ਤੋੜ ਕੇ ਗ੍ਰੰਥ ਗੁਰੂ



Namdhari Elibrary NamdhariElibrary@gmail.com

ਜਾਂ ਪੰਥ ਗੁਰੂ ਦੇ ਪੂਜਕ ਹੋਣ ਦੇ ਭੰਬਲਭੂਸੇ ਵਿਚ ਪਾਉਣਾ ਅਤੇ ਆਪਣੇ ਪੱਖੀ ਪੁਰਖਾਂ ਕੋਲੋਂ ਨਾਮਧਾਰੀ ਸਿੱਖਾਂ ਖਿਲਾਫ ਹੁਕਮਨਾਮੇ ਕਢਵਾਉਣਾ ਤੇ ਵਿਰੋਧ ਕਰਵਾਉਣਾ। ਸਤਿਗੁਰੂ ਜੀ ਨੇ ਹੁਕਮਨਾਮੇ ਵਿਚ ਲਿਖਿਆ :

"ਪਹਿਲਾਂ ਸਿਖਾਂ ਦੀ ਕਿਰਪਾ ਬੀਰ ਸਿੰਘ ਤੇ ਹੋਈ ਫੇਰ ਮਹਾਰਾਜ ਸਿੰਘ ਤੇ ਹੋਈ ਤੇ ਹੁਣ ਮੇਰੇ ਉਤੇ ਸਿਖਾਂ ਦੀ ਕਿਰਪਾ ਹੋਈ ਹੈ।" –ਹੁਕਮਨਾਮਾ 7

ਨਾਭੇ ਤਾਂ ਮਹੰਤ ਨਰੈਣ ਸਿੰਘ ਕੋਲ 25 ਕੂਕੇ ਭੇਜੇ ਗਏ ਕਿ ਤਖਤਾਂ ਦੇ ਹੁਕਮ ਅਨੁਸਾਰ ਇਹਨਾਂ ਨੂੰ ਅੰਮ੍ਰਿਤ ਛਕਾਉ। ਬਗਲੀ ਵਾਲੇ ਡੌਂਡੀ ਪਿਟਵਾਈ ਗਈ ਕਿ ਹੁਣ ਸਤਿਗੁਰੂ ਨੇ ਵਾਪਸ ਨਹੀਂ ਆਉਣਾ। ਸੋ ਕੂਕ ਪੁਣਾ ਛਡਿਆ ਜਾਵੇ। ਹਜ਼ਰੋਂ ਵੀ ਪੁੱਛ ਪੜਤਾਲ ਹੋਣ ਲੱਗੀ।

ਇਕ ਵਾਰ ਪਿੰਡ ਤਖਰੀਂ ਕੁਝ ਕੂਕਿਆਂ ਰਾਤ ਕੱਟੀ। ਪੁਲਿਸ ਨੂੰ ਪਤਾ ਲਗਾ। ਉਹਨਾਂ ਆਪਣਾ ਗੁੱਸਾ ਨੰਬਰਦਾਰ ਤੇ ਕਢਿਆ ਕਿ ਉਸ ਨੇ ਕਿਉਂ ਰਹਿਣ ਦਿਤਾ। ਨੰਬਰਦਾਰ ਨੂੰ ਇਸ ਜ਼ੁਰਮ ਦੀ ਸਜਾ ਵਜੋਂ ਨੰਬਰਦਾਰੀਓਂ ਮੁਅੱਤਲ ਕੀਤਾ ਗਿਆ। ਛੇ ਮਹੀਨੇ ਦੀ ਕੈਦ ਕੀਤੀ ਗਈ, ਬਾ-ਮੁਸ਼ਕਤ ਤੇ 100 ਰੁਪਈਆ ਜੁਰਮਾਨਾ ਕੀਤਾ ਗਿਆ।

ਕੂਕਿਆਂ ਦਾ ਤਾਂ ਪਾਠ ਕਰਨਾ ਵੀ ਜੁਰਮ ਸੀ। ਲੋਹਗੜ੍ਹ ਦੇ ਸਰਦਾਰ ਅਤਰ ਸਿੰਘ ਪੁਤਰ ਸ੍ਰ. ਹਾਕਮ ਸਿੰਘ ਗਰੇਵਾਲ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਅਖੰਡ ਪਾਠ ਰਖਵਾਇਆ, ਸਾਧ ਸੰਗਤ ਨੂੰ ਸੱਦਿਆ, ਮੁਖਬਰਾਂ ਥਾਣੇ ਖ਼ਬਰ ਪਹੁੰਚਾ ਦਿਤੀ। ਪੁਲਿਸ ਆਈ, ਉਸ ਰੰਗ ਵਿਚ ਭੰਗ ਪਾ ਦਿਤਾ। ਸ. ਅਤਰ ਸਿੰਘ ਤੇ ਮੁਕੱਦਮਾ ਚੱਲਿਆ ਤੇ ਉਸ ਨੂੰ ਪੰਜ ਸਾਲ ਦੀ ਕੈਦ ਹੋਈ। (ਉਹ ਜੇਲ੍ਹ ਵਿਚ ਹੀ ਚਲ ਵਸਿਆ)। ਸੰਤ ਕਿਸ਼ਨ ਸਿੰਘ ਛੂਤੀਏ ਨੂੰ ਤਿੰਨ ਸਾਲ ਦੀ ਕੈਦ, ਸਰਵ ਸੰਤ ਹਰਨਾਮ ਸਿੰਘ, ਲਾਭ ਸਿੰਘ, ਰਾਏ ਸਿੰਘ, ਲਾਲ ਸਿੰਘ ਨੂੰ ਦੋ ਦੋ ਸਾਲ ਦੀ ਕੈਦ ਤੇ ਧੂਪੀਆਂ, ਪਹਿਰੂਆਂ ਤੇ ਲਾਂਗਰੀਆਂ ਨੂੰ ਛੇ ਛੇ ਮਹੀਨੇ ਦੀ ਕੈਦ ਕੀਤੀ ਗਈ।

ਖਿਆਲੇ, ਮਾੜੇ ਦੇ ਬਾਬਾ ਸੰਤਾ ਸਿੰਘ ਨੇ ਪਾਬੰਦੀ ਕੁਝ ਢਿਲੀ ਹੋਣ ਤੇ ਇਕੋਤਰ ਸੌ ਪਾਠ ਕਰਵਾਏ ਤੇ ਡੇਢ ਮਣ ਘਿਓ ਦਾ ਹਵਨ ਕਰਵਾਇਆ. ਤਾਂ ਉਸ ਨੂੰ ਪੰਜ ਸਾਲ ਦੀ ਕੈਦ ਭੁਗਤਣੀ ਪਈ। ਚੰਡੀ ਦਾ ਪਾਠ ਕਰਨ ਵਾਲਿਆਂ ਤੇ ਵੀ ਸਰਕਾਰ ਕਰੜੀ ਨਜ਼ਰ ਰਖਦੀ।

ਜਿਵੇਂ ਪਹਿਲਾਂ ਲਿਖਿਆ ਹੈ ਕਿ ਪੰਜ ਪੰਜ ਕਰਕੇ ਕੂਕੇ ਸਤਿਗੁਰੂ ਹਰੀ ਸਿੰਘ ਦੇ ਦਰਸ਼ਨਾਂ ਲਈ ਡੇਰੇ ਆ ਸਕਦੇ ਸਨ। ਸੋ ਸੈਂਕੜੇ ਸਿੰਘ-ਸਿੰਘਣੀਆਂ ਸ੍ਰੀ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਰੇਤੇ ਤੇ ਵਾਰੀ ਦੀ ਉਡੀਕ ਵਿਚ ਤਾਰਿਆਂ ਦੀ ਛਾਵੇਂ ਰਾਤਾਂ ਲੰਘਾਉਂਦੇ ਰਹੇ।

ਜੂਨ 1877 ਵਿਚ ਦਸ ਦਸ ਦੇ ਦਰਸ਼ਨ ਕਰਨ ਆਉਣ ਦੀ ਸਰਕਾਰੀ ਇਜਾਜ਼ਤ ਮਿਲ ਗਈ। ਕੁਝ ਰਾਹਤ ਮਿਲੀ।

ਕੂਕਿਆਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਅਨੁਸਾਰ ਬਾਬਾ ਬੁੱਧ ਸਿੰਘ ਦੇ ਗੁਰੂ ਹਰੀ ਸਿੰਘ ਵਜੋਂ ਰਹਿਬਰ ਹੋਣ ਤੇ ਤਸੱਲੀ ਤੇ ਖੁਸ਼ੀ ਮਹਿਸੂਸ ਕੀਤੀ ਤਾਂ ਹੀ ਉਹ ਦਰਸ਼ਨਾਂ ਲਈ ਆਉਣ ਲਗੇ। 1875 ਤੋਂ ਉਹਨਾਂ ਲੁਕ ਛਿਪ ਕੇ ਭੇਸ ਬਦਲ ਕੇ ਰੰਗੂਨ ਦੇ



Namdhari Elibrary NamdhariElibrary@gmail.com

ਓਪਰੇ ਰਾਹ ਵੀ ਨਾਪਣੇ ਸ਼ੁਰੂ ਕੀਤੇ। ਉਥੇ ਉਹਨਾਂ ਨੂੰ ਅਰਜ਼ਾਂ ਕਰਦਿਆਂ ਤੇ ਹੁਕਮਨਾਮੇ ਲਿਆਉਂਦਿਆਂ ਨੂੰ 1880 ਤਕ ਕੋਈ ਨਾ ਫੜ ਸਕਿਆ। ਏਥੇ ਵੀ ਨਾਂ ਬਦਲਣ ਕਰਕੇ ਸਰਕਾਰ ਦੇ ਅੱਖੀਂ ਘੱਟਾ ਪੈਂਦਾ ਰਿਹਾ। ਕਿਉਂਕਿ ਬਾਬਾ ਬੁੱਧ ਸਿੰਘ ਹੁਣ ਹੁਕਮਨਾਮਿਆਂ ਵਿਚ ਗੁਰੂ ਹਰੀ ਸਿੰਘ ਸਨ ਅਤੇ ਸਤਿਗੁਰੂ ਜੀ ਦੀ ਨੀਤੀ ਅਨੁਸਾਰ:

"ਮੇਰਾ ਨਾਉਂ ਦਿਆਲ ਸਿੰਘ ਤੇ ਨਾਨੂੰ ਸਿੰਘ ਦਾ ਨਾਉਂ ਕ੍ਰਿਪਾਲ ਸਿੰਘ ਲਿਖਣਾ"

–ਹੁਕਮਨਾਮਾ 13

ਸਤਿਗੁਰੂ ਜੀ ਰੂਸ ਨਾਲ ਸੰਬੰਧ ਰਖਣ ਲਈ ਵੀ ਅਗਵਾਈ ਦਿੰਦੇ ਰਹੇ। ਉਥੇ ਵੀ ਨਾਂ ਗੁਪਤ ਰਖੇ ਗਏ। ਰੂਸ ਦਾ ਸਰੂਪ ਸਿੰਘ ਤੇ ਅੰਗਰੇਜ਼ ਦਾ ਬਿਲਾ ਸਿੰਘ।

"ਓਹ ਆਖ ਗਿਆ ਹੈ ਜਾਦਾ ਹੋਆ, ਜੋ ਮੈਂ ਜਲਦੀ ਆਏ ਜਾਮਾਗਾ ਰੰਗੂਨ ਕੋ, ਤਾਂ ਤੂੰ (ਨਰੈਣ ਸਿੰਘ) ਉਸਦੇ ਪਾਸ ਸਾਰਾ ਹਵਾਲ ਦੇਈਂ ਲਿਖ ਕੇ। ਸਰੂਪ ਸਿੰਘ ਦਾ ਤੇ ਬਿਲਾ ਸਿੰਘ ਦਾ ਜਰੂਰ।"

–ਹੁਕਮਨਾਮਾ

ਕੂਕੇ ਸਿੰਘ ਏਥੋਂ ਭੇਸ ਬਦਲ ਕੇ ਰੰਗੂਨ ਜਾਂਦੇ ਸਨ। ਉਥੇ ਠਾਕਰ ਵਾੜੀ ਜਿਸਨੂੰ ਸ਼ਿਵ ਮੰਦਰ ਕਹਿੰਦੇ ਸਨ, ਰਹਿੰਦੇ ਸਨ। ਉਹ ਬਹਾਦਰ ਸ਼ਾਹ ਜ਼ਫਰ ਦੀ ਕਬਰ ਕੋਲ ਜਾ ਬੈਠਦੇ ਅੰਬਾਂ ਹੇਠਾਂ ਜਾਂ ਬੈਰਾਗੀ ਸਾਧੂ ਕੋਲ। ਸਤਿਗੁਰੂ ਜੀ ਪਹਿਰੇਦਾਰਾਂ ਦੀ ਨੀਯਤ ਵੇਖ ਕੇ ਪਰਨਾ ਸੁਕਣੇ ਪਾ ਦੇਂਦੇ ਭਾਵ ਇਸ਼ਾਰਾ ਕਰਦੇ ਕਿ ਆ ਜਾਉ ਨੇੜੇ। ਸਿੰਘ ਵਾਇਲਜ਼ (ਉ ਵਿਜ਼ਾਰਾ) ਰੋਡ ਸਥਿਤ ਆਪ ਵਾਲੇ ਬੰਗਲੇ ਕੋਲ ਜਾਂਦੇ, ਕਦੀ ਉਚੀ ਪੰਜਾਬੀ ਵਿਚ ਬੋਲਦੇ ਜੋ ਪਹਿਰੇਦਾਰਾਂ ਨੂੰ ਸਮਝ ਨਾ ਆਉਂਦਾ। ਕਪੜੇ ਵੱਟੇ ਵਿਚ ਲਪੇਟ ਕੇ ਹੁਕਮਨਾਮੇ ਅੰਦਰੋਂ ਬਾਹਰ ਸੁਟੇ ਜਾਂਦੇ ਤੇ ਬਾਹਰੋਂ ਅਰਦਾਸਾਂ ਅੰਦਰ ਸੁਟੀਆਂ ਜਾਂਦੀਆਂ। ਸਤਿਗੁਰੂ ਜੀ ਹਰ ਹੁਕਮਨਾਮੇ ਵਿੱਚ ਭਜਨ ਬਾਣੀ ਕਰਨ ਦਾ ਹੁਕਮ ਕਰਦੇ ਤੇ ਰੰਗੂਨ ਨਾ ਆਉਣ ਬਾਰੇ ਵੀ ਕਹਿੰਦੇ ਕਿਉਂਕਿ ਖਰਚ ਖੇਚਲ ਬਹੁਤ ਸੀ। ਦਰਸ਼ਨ ਮੇਲਾ ਘਟ ਤੇ ਸਰਕਾਰ ਦਾ ਭੈਅ ਤੇ ਖੱਜਲ ਖੁਆਰੀ ਦਾ ਡਰ ਲੱਗਾ ਰਹਿੰਦਾ ਸੀ।

ਸਤਿਗੁਰੂ ਜੀ 7, 12 ਤੇ ਸ਼ਾਮ 4 ਵਜੇ ਬੰਗਲੇ ਵਿਚ ਬਾਹਰ ਬੈਠ ਕੇ ਦਰਸ਼ਨ ਦਿੰਦੇ। ਆਪ ਜੀ ਹਫ਼ਤੇ ਵਿਚ ਤਿੰਨ ਚਾਰ ਵਾਰ ਬੱਘੀ ਤੇ ਸੈਰ ਕਰਨ ਨਿਕਲਦੇ ਤਾਂ ਉਦੋਂ ਵੀ ਸਿੰਘਾਂ ਨੂੰ ਦਰਸ਼ਨ ਹੋ ਜਾਂਦੇ। ਬਹਾਦਰ ਸ਼ਾਹ ਦੀ ਮਜ਼ਾਰ ਕੋਲ ਹੀ ਉਸ ਦੀ ਬੇਗਮ ਜ਼ੀਨਤ ਮਹਿਲ ਆਪ ਵੀ ਪੁੱਤਰ ਨਾਲ ਰਹਿੰਦੀ ਸੀ। ਉਹ ਸਮਝਦੀ ਤਾਂ ਸੀ ਕਿ ਬੰਗਲੇ ਵਿਚ ਕੋਈ ਉਸਦੇ ਪਤੀ ਦੀ ਸ਼ਾਨ ਵਾਲਾ ਰਾਜਾ ਮਹਾਰਾਜਾ ਕੈਦ ਹੈ, ਪਰ ਗੱਲ ਨਾ ਕਰਦੀ ਸਰਕਾਰੀ ਡਰ ਕਾਰਨ। ਹਾਂ ਬੱਘੀ ਤੇ ਜਾਂਦਿਆਂ ਦੇ ਦੈਵੀ ਸਰੂਪ ਦੇ ਦਰਸ਼ਨ ਕਰ ਲੈਂਦੀ ਤੇ ਅੰਗਰੇਜ਼ ਹਾਕਮਾਂ ਨੂੰ ਕੋਸਦੀ।

ਹਿੰਦੁਸਤਾਨ ਦੇ ਹਾਕਮ ਬਰਮਾਂ ਦੇ ਚੀਫ ਕਮਿਸ਼ਨਰ ਨੂੰ ਲਿਖਦੇ ਕਿ ਰੰਗੂਨ ਵਿਚ ਸਿਖ ਗੁਰੂ ਰਾਮ ਸਿੰਘ ਨੂੰ ਮਿਲ ਕੇ ਆਉਂਦੇ ਹਨ। ਉਹਨਾਂ ਦੀ ਨਿਗਰਾਨੀ ਰਖੋ। ਪਰ ਕੋਈ ਫੜਿਆ ਨਾ ਜਾ ਸਕਦਾ। 1880 ਵਿਚ ਧੰਨਾ ਸਿੰਘ ਗੁੰਮਟੀ ਵਾਲੇ ਲਈ ਸਤਿਗੁਰੂ ਜੀ ਨੇ ਬੰਗਲੇ ਵਿਚੋਂ ਹੁਕਮਨਾਮਾ ਸੁਟਿਆ। ਉਹ ਲੈ ਕੇ ਭੱਜਣ ਲਗਾ ਤਾਂ ਸਿਪਾਹੀ ਅਬਦੁਲਾ ਖਾਂ ਨੇ ਦੌੜ ਕੇ ਫੜ ਲਿਆ। ਉਸ ਨੂੰ ਓਥੇ ਹੀ ਮੈਜਿਸਟ੍ਰੇਟ ਦੀ ਕਚਹਿਰੀ ਪੇਸ਼ ਕੀਤਾ ਗਿਆ। ਪਰ ਇਹ ਥਾਂ ਕਿਉਂਕਿ ਜੇਲ੍ਹ ਐਕਟ ਦੇ ਅਧੀਨ ਨਹੀਂ ਸੀ, ਸੋ ਕਾਰਵਾਈ ਨਹੀਂ ਸੀ ਹੋ ਸਕਦੀ। ਇਸੇ ਕਰਕੇ ਧੰਨਾ ਸਿੰਘ ਨੂੰ ਭਾਰਤ ਭੇਜ ਦਿੱਤਾ ਗਿਆ।



Namdhari Elibrary NamdhariElibrary@gmail.com

ਸ੍ਰੀ ਭੈਣੀ ਸਾਹਿਬ ਈਸ਼ਰ ਸਿੰਘ ਰਾਮਦਾਸੀਆ ਰਹਿੰਦਾ ਸੀ। ਉਹ ਮੁਖ਼ਬਰੀ ਕਰਨ ਲਗ ਪਿਆ ਤੇ ਹੁਕਮਨਾਮਿਆਂ ਦੀਆਂ ਨਕਲਾਂ ਡੀ. ਐਸ. ਪੀ. ਲੁਧਿਆਣੇ ਵਾਰਬਟਨ ਨੂੰ ਦਿੰਦਾ ਸੀ। ਸਤਿਗੁਰੂ ਹਰੀ ਸਿੰਘ ਨੇ 1878 ਵਿਚ ਉਸਨੂੰ ਡੇਰਿਉਂ ਕਢ ਦਿਤਾ। 19 ਮਾਰਚ 1887 ਨੂੰ ਡੀ. ਐਸ. ਪੀ. ਨੇ ਮਾਈ ਅਤਰੀ ਕੋਲੋਂ ਛਾਪਾ ਮਾਰ ਕੇ ਹੁਕਮਨਾਮਿਆਂ ਦੀਆਂ ਨਕਲਾਂ ਫੜੀਆਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਭੇਜੇ ਗਏ 63 ਹੁਕਮਨਾਮਿਆਂ ਨੂੰ ਇਕ ਰਹਿਤਨਾਮੇ ਸਮੇਤ ਜਸਵਿੰਦਰ ਸਿੰਘ ਐਮ. ਏ. ਨੇ ਸੰਕਲਿਤ ਕੀਤਾ ਹੈ। ਜਿੰਨਾਂ ਦੀ ਸਾਹਿਤਕ, ਰਾਜਨੀਤਕ, ਸਭਿਆਚਾਰਕ ਤੇ ਧਾਰਮਿਕ ਮਹਾਨਤਾ ਬਾਰੇ ਡਾ. ਹਰਭਜਨ ਸਿੰਘ, ਡਾ. ਐਸ. ਐਸ. ਨੂਰ ਤੇ ਜਸਵਿੰਦਰ ਸਿੰਘ ਦੀਆਂ ਕੀਮਤੀ ਤੇ ਖੋਜ ਭਰਪੂਰ ਭੂਮਿਕਾਵਾਂ ਹਨ। ਇਹ ਹੁਕਮਨਾਮੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਕਰਵਾਈ ਮਿਹਨਤ ਤੇ ਕੀਤੀ ਕ੍ਰਿਪਾ ਨਾਲ 1998 ਵਿਚ ਨਾਮਧਾਰੀ ਦਰਬਾਰ ਵਲੋਂ ਪ੍ਰਕਾਸ਼ਿਤ ਹੋਏ ਸਨ। ਅੰਗਰੇਜ਼ ਸਰਕਾਰ ਸਮਝਦੀ ਸੀ ਕਿ ਕੂਕਿਆਂ ਦੇ ਫੇਰ  ਚੁਸਤ ਦਰੁਸਤ ਹੋਣ, ਰੂਸ ਤਕ ਅਤੇ ਦੇਸ ਬਦਰ ਮਹਾਰਾਜਾ ਦਲੀਪ ਸਿੰਘ ਨਾਲ ਸੰਬੰਧ ਬਣਦੇ ਜਾਣ ਦਾ ਕਾਰਨ ਕੂਕਿਆਂ ਨੂੰ ਹੁਕਮਨਾਮਿਆਂ ਰਾਹੀਂ ਸਤਿਗੁਰੂ ਜੀ ਵਲੋਂ ਮਿਲ ਰਹੀ ਰਹਿਨਮੁਾਈ ਸੀ। ਅੰਗਰੇਜ਼ ਸਰਕਾਰ ਨੂੰ ਡਰ ਸੀ ਕੋਈ ਹੋਰ ਵਡੀ ਬਗਾਵਤ ਹੋਣ ਦਾ। ਸੋ ਭੈਅ ਮੁਕਤ ਹੋਣ ਲਈ ਉਹਨਾਂ ਸਤਿਗੁਰੂ ਜੀ ਨੂੰ 18 ਸਤੰਬਰ 1880 ਨੂੰ ਅਨੰਦਾ ਨਾਂ ਦੇ ਜਹਾਜ ਰਾਹੀਂ ਰੰਗੂਨ ਤੋਂ ਮਰਗੋਈ ਪਹੁੰਚਾ ਦਿਤਾ। ਆਪ ਦੇ ਨਾਲ ਹੀ ਸੇਵਕ ਨਾਨੂੰ ਸਿੰਘ ਤੇ ਸੇਵਕ ਨੰਦ ਲਾਲ ਵੀ ਭੇਜੇ ਗਏ।

ਰੰਗੂਨ ਸਤਿਗੁਰੂ ਜੀ ਨਾਨੂੰ ਸਿੰਘ ਨਾਲ ਲੜਦੇ ਝਗੜਦੇ ਰਹਿੰਦੇ ਸਨ। ਕਦੀ ਉਹ ਹੱਥ ਵੀ ਚੁੱਕ ਲੈਂਦੇ ਸਨ। ਇਸੇ ਤਰਾਂ ਮਰਗੋਈ ਜਾਰੀ ਰਿਹਾ। ਆਪ ਨੇ ਨਾਨੂੰ ਸਿੰਘ ਨੂੰ ਕਿਹਾ  ਕਿ ਉਹ ਪੰਜਾਬ ਚਲਾ ਜਾਏ, ਉਹ 14 ਨਵੰਬਰ 1881 ਨੂੰ ਮੌਲਮੀਨ ਕਲਕੱਤੇ ਰਾਹੀਂ ਪੰਜਾਬ ਆ ਗਿਆ। ਉਸ ਤੇ ਭੈਣੀ ਸਾਹਿਬ ਨਾ ਆਉਣ ਦੀ ਪਾਬੰਦੀ ਸੀ, ਪਰ ਉਹ ਭੇਸ ਬਦਲ ਕੇ ਕਈ ਵਾਰ ਗੁਰੂ ਹਰੀ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਦੱਸਕੇ ਗਿਆ।

ਨਾਨੂੰ ਸਿੰਘ ਨਾਲ ਬੋਲ ਬੁਲਾਰੇ ਤੇ ਉਸਦੀ ਮਾਰ ਕੁਟਾਈ ਕਾਰਨ ਸਰਕਾਰ ਸਮਝਣ ਲਗ ਪਈ ਕਿ ਸਤਿਗੁਰੂ ਜੀ ਦਾ ਦਿਮਾਗੀ ਤਵਾਜਨ ਨਹੀਂ ਰਿਹਾ। ਡਾਕਟਰਾਂ ਨੇ ਚੈਕ-ਅੱਪ ਕੀਤਾ, ਕੋਈ ਨੁਕਸ ਨਹੀਂ ਸੀ। ਨੰਦੂ ਲਾਂਗਰੀ ਨੇ ਵੀ ਕਿਹਾ ਕਿ ਉਹਨਾਂ ਦੀ ਇਸ ਹਰਕਤ ਪਿਛੇ ਕੋਈ ਚਾਲ ਸੀ। ਉਂਜ ਲੋਕ ਉਹਨਾਂ ਲਈ ਸਦ ਭਾਵਨਾ ਰਖਦੇ ਸਨ।

ਇਕ ਹੋਰ ਗੱਲ ਨੇ ਉਹਨਾਂ ਦੀ ਸੋਭਾ ਵਧਾ ਦਿਤੀ। ਮਰਗੋਈ ਦੇ ਸ਼ਾਹੂਕਾਰ ਰੰਗੀ ਰਾਮ ਨੇ ਤਿੰਨ ਵਿਆਹ ਕਰਵਾਏ ਪਰ ਔਲਾਦ ਨਾ ਹੋਈ। ਉਸ ਦੀ ਭਾਵਨਾ ਸਤਿਗੁਰੂ ਤੋਂ ਖੈਰ ਮੰਗਣ ਦੀ ਬਣੀ। ਉਸਦਾ ਤਰਲਾ ਮੰਨ ਕੇ ਸਿਪਾਹੀਆਂ ਉਸਨੂੰ ਸਤਿਗੁਰੂ ਜੀ ਨੂੰ ਮੱਥਾ ਟੇਕਣ ਦਿਤਾ। ਉਹ ਤਿੰਨਾਂ ਔਰਤਾਂ ਨੂੰ ਲਿਆਇਆ ਤਾਂ ਗ਼ਰੀਬ ਨਿਵਾਜ ਸਤਿਗੁਰੂ ਜੀ ਨੇ ਦੋਹਾਂ ਘਰ ਦੋ ਦੋ ਤੇ ਇਕ ਘਰ ਇੱਕ ਲੜਕੇ ਦਾ ਵਰ ਦਿਤਾ। ਸ਼ਾਹੂਕਾਰ ਘਰ ਪੰਜ ਲੜਕੇ ਹੋਣ ਕਾਰਨ ਉਸ ਨੇ ਆਪ ਦੀ ਮਹਿਮਾ ਦਾ ਹੋਕਾ ਦਿਤਾ।

ਨਾਨੂੰ ਸਿੰਘ ਪ੍ਰਤੀ ਨਿਵੇਕਲਾ ਰਵਈਆ ਰੱਖਣ ਦਾ ਕਾਰਨ ਸੀ ਕਿ ਆਪ ਆਪਣੀ ਰਾਜਨੀਤਕ ਚਾਲ ਨੂੰ ਇਕੱਲੇ ਬੈਠ ਕੇ ਨਵੇਂ ਸਿਰੇ ਘੜਨਾ ਚਾਹੁੰਦੇ ਸਨ। ਕਾਰਨ ਸੀ



Namdhari Elibrary NamdhariElibrary@gmail.com

ਕੂਕਿਆਂ ਦੇ ਰੂਸ ਤੇ ਮਹਾਰਾਜਾ ਦਲੀਪ ਸਿੰਘ ਨਾਲ ਵਧ ਰਹੇ ਸੰਬੰਧ।

ਬਾਬਾ ਗੁਰਚਰਨ ਸਿੰਘ ਸਿਆਲਕੋਟ, ਖਾਲਸਾ ਫੌਜ ਦਾ ਪੁਰਾਣਾ ਸਿਪਾਹੀ ਸੀ। ਉਹ ਕਾਬਲ ਗਜਨੀ ਵਿਚ ਨਾਮਧਾਰੀ ਬਣ ਚੁੱਕਾ ਸੀ। ਉਹ ਸੈਂਟਰਲ ਏਸ਼ੀਆ ਵਿਚ ਸਰਗਰਮ ਸੀ। ਉਸ ਨੇ ਰੂਸੀ ਜਰਨੈਲ ਨੂੰ ਸਮਰਕੰਦ ਵਿਚ ਕਈ ਪੱਤਰ ਲਿਖ ਕੇ ਕੂਕਿਆਂ ਦੀ ਤਾਕਤ ਦਸੀ। ਉਸਨੇ 3 ਤੇ 27 ਅਕਤੂਬਰ 1880 ਦੀਆਂ ਚਿਠੀਆਂ ਦਿਤੀਆਂ। ਸਰਕਾਰ ਦਾ ਸੂਹੀਆ ਗੁਲਾਬ ਖਾਂ ਬਾਬਾ ਜੀ ਦਾ ਪਿਛਾ ਕਰਦਾ ਰਿਹਾ ਤੇ ਉਸ ਨਾਲ ਅੰਗਰੇਜ਼ ਖਿਲਾਫ਼ ਗੱਲਾਂ ਕਰਕੇ ਹਮਦਰਦੀ ਜਿਤਣ ਦੀ ਕੋਸ਼ਸ਼ ਕਰਦਾ ਰਿਹਾ। ਉਹਨੇ ਹੀ ਸਰਕਾਰ ਨੂੰ ਸਾਰੀ ਖ਼ਬਰ ਦਿਤੀ ਸੀ।

ਅਤਰ ਸਿੰਘ ਭਦੌੜੀਆ ਵੀ ਮੁਖ਼ਬਰੀ ਕਰਦਾ ਸੀ। ਗੁਲਾਬ ਖਾਂ ਨੇ ਇਸ ਮੁਹਿੰਮ ਵਿਚ ਹਜ਼ਰੋਂ ਦੇ ਨਰਾਇਣ ਦਾਸ, ਗੁਜਰਾਂਵਾਲੇ ਦੇ ਮਈਆ, ਰਾਮ ਚਰਨ ਤੋਲਾ, ਹਰੀ ਪੁਰ ਦੇ ਸ਼ੰਕਰ ਰਾਏ ਆਦਿ ਦੇ ਸਰਗਰਮ ਹੋਣ ਬਾਰੇ ਬਿਆਨ ਦਿਤੇ।

ਮੀਹਾਂ ਸਿੰਘ ਐਸੀ ਹੀ ਰੂਸ ਤੋਂ ਆਈ ਚਿਠੀ ਲੈ ਕੇ ਮਰਗੋਈ ਸਤਿਗੁਰੂ ਜੀ ਕੋਲ ਪੁਜਾ ਸੀ। ਕਿਉਂਕਿ ਉਹ ਹਾਂਗਕਾਂਗ ਪੁਲਿਸ ਵਿਚ ਰਿਹਾ ਸੀ ਸੋ, ਉਹੀ ਵਰਦੀ ਪਾ ਕੇ ਉਹ ਗੁਰੂ ਜੀ ਕੋਲ ਪੁਜਾ। ਰੂਸ ਦੀ ਚਿਠੀ ਦਿਤੀ।

ਮਹਾਰਾਜਾ ਦਲੀਪ ਸਿੰਘ ਨਾਲ ਬਿਸ਼ਨ ਸਿੰਘ ਅਰੋੜਾ, ਬੂਟਾ ਸਿੰਘ ਲਾਹੌਰ ਦਾ ਤੇ ਬਨਾਰਸੀ ਦਾਸ ਸੰਪਰਕ ਰਖ ਰਹੇ ਸਨ। ਬਨਾਰਸੀ ਦਾਸ ਆਗਰਾ, ਮਥੁਰਾ, ਮੇਰਠ ਵਿਚ ਹੀ ਫਿਰਦਾ ਰਿਹਾ। 1883 ਵਿਚ ਮਹਾਰਾਜੇ ਦੇ ਭਾਰਤ ਆਉਣ ਬਾਰੇ ਅਫਵਾਹਾਂ ਗਰਮ ਸਨ। ਬਿਸ਼ਨ ਸਿੰਘ ਨੂੰ 1883 ਵਿਚ ਤਾਸ਼ਕੰਦ ਰਾਹੀਂ ਰੂਸ ਭੇਜਿਆ ਗਿਆ।

ਇਹਨਾਂ ਦਿਨਾਂ ਵਿੱਚ ਬਰਮਾ ਦੇ ਰਾਜੇ ਥਿਬੂ ਨੇ ਅੰਗਰੇਜ਼ਾਂ ਵਿਰੁਧ ਬਗਾਵਤ ਕਰ ਦਿਤੀ। 29 ਨਵੰਬਰ 1885 ਨੂੰ ਸਰਕਾਰ ਨੇ ਉਸਨੂੰ ਮਦਰਾਸ ਵਿਚ ਨਜ਼ਰਬੰਦ ਕਰ ਦਿਤਾ। ਇਸੇ ਦਿਨ ਹੀ ਸਿਵਲ ਸਰਜਨ ਮਰਗੋਈ ਨੇ ਡਿਪਟੀ ਕਮਿਸ਼ਨਰ ਮਰਗੋਈ ਨੂੰ ਲਿਖਿਆ ਕਿ ਰਾਜਸੀ ਕੈਦੀ ਗੁਰੂ ਰਾਮ ਸਿੰਘ 4-30 ਵਜੇ ਦਸਤ ਆਉਣ ਕਰਕੇ ਕਮਜ਼ੋਰੀ ਕਾਰਨ ਚੜ੍ਹਾਈ ਕਰ ਗਏ ਹਨ ਤੇ ਅਗਲੇ ਦਿਨ ਸਵੇਰੇ 8 ਵਜੇ ਉਹਨਾਂ ਦਾ ਸਸਕਾਰ ਕੀਤਾ ਗਿਆ। ਪਰ ਸੱਚ ਇਹ ਸੀ ਕਿ ਸਤਿਗੁਰੂ ਜੀ ਗੁਪਤ ਵਾਸ ਵਿਚ ਚਲੇ ਗਏ ਸਨ। ਸਰਕਾਰ ਜੇ ਉਹਨਾਂ ਨੂੰ ਭਗੌੜਾ ਕਰਾਰ ਦਿੰਦੀ ਤਾਂ ਉਹਨਾਂ ਦੇ ਸਖ਼ਤ ਪਹਿਰੇ ਦੀ ਕਮਜ਼ੋਰੀ ਸਾਹਮਣੇ ਆਉਂਦੀ।

ਸ੍ਰੀ ਸਤਿਗੁਰੂ ਜੀ ਦੇ ਉਸ ਤੋਂ ਬਾਅਦ ਪੰਜ ਭੂਤਕ ਸਰੀਰ ਵਿਚ ਹੋਣ ਦੀ ਗਵਾਹੀ ਸਰਕਾਰੀ ਰਿਕਾਰਡ ਵਿੱਚ ਲਿਖੀ ਪਈ ਹੈ। ਇੱਕ ਤਾਂ ਇਹ ਕਿ 1885 ਦੀਂ ਜੇਲ੍ਹ ਦੀ ਰਿਪੋਰਟ ਅਨੁਸਾਰ ਮਰਗੋਈ ਕੋਈ ਕੈਦੀ ਦਸਤਾਂ ਕਾਰਨ ਨਹੀਂ ਗੁਜਰਿਆ। ਦੂਜਾ ਸਰ ਚਾਰਲਸ ਬਰਨਾਰਡ ਚੀਫ ਕਮਿਸ਼ਨਰ ਨੇ ਅਗਲੇ ਸਾਲ 23 ਅਗਸਤ 1886 ਨੂੰ ਸਰਦਾਰ ਅਤਰ ਸਿੰਘ ਭਦੌੜ ਨੂੰ ਲਿਖਿਆ, "ਰਾਮ ਸਿੰਘ ਕੂਕੇ ਨੂੰ ਹੋਰ ਜ਼ਿਆਦਾ ਦੂਰ ਥਾਂ ਤਬਦੀਲ ਕੀਤਾ ਜਾ ਰਿਹਾ ਹੈ, ਜਿਸ ਨਾਲ ਉਸ ਨਾਲ ਸੰਚਾਰ ਰਖਣਾ ਘਟ ਸੌਖਾ ਹੋਵੇਗਾ।

ਸ੍ਰੀ ਸਤਿਗੁਰੂ ਜੀ ਨਾਲ ਵੱਖ ਵੱਖ ਥਾਈਂ ਨਜ਼ਰਬੰਦ ਕੀਤੇ ਗਏ ਸੂਬਿਆਂ ਵਿਚੋਂ ਸੂਬਾ ਸਾਹਿਬ ਸਿੰਘ 1879 ਵਿਚ, ਸੂਬਾ ਜਵਾਹਰ ਸਿੰਘ ਤੇ ਸੂਬਾ ਪਹਾੜਾ ਸਿੰਘ 1882 ਵਿੱਚ, ਸੂਬਾ ਲੱਖਾ ਸਿੰਘ ਮੌਲਮੀਨ ਵਿੱਚ 1903 ਈ. ਗੁਜਰ ਗਏ। 1884 ਵਿਚ ਸੂਬਾ ਅਰੂੜ



Namdhari Elibrary NamdhariElibrary@gmail.com

ਸਿੰਘ ਜੇਲ੍ਹ ਵਿਚ ਹੀ ਚੜ੍ਹਾਈ ਕਰ ਗਏ ਤੇ ਸੂਬਾ ਕਾਹਨ ਸਿੰਘ, ਸੂਬਾ ਮਾਨ ਸਿੰਘ, ਸੂਬਾ ਹੁਕਮਾ ਸਿੰਘ, ਸੂਬਾ ਮਲੂਕ ਸਿੰਘ, ਸੂਬਾ ਬ੍ਰਹਮਾ ਸਿੰਘ ਨੂੰ ਭੈਣੀ ਸਾਹਿਬ ਨਾ ਆਉਣ ਦੀ ਤੇ ਬਾਗ਼ੀਆਨਾ ਪ੍ਰਚਾਰ ਨਾ ਕਰਨ ਦੀ ਸ਼ਰਤ ਲਾ ਕੇ ਪੰਜਾਬ ਭੇਜ ਦਿਤਾ ਗਿਆ।

ਸਤਿਗੁਰੂ ਹਰੀ ਸਿੰਘ ਜੀ ਸਰਕਾਰ ਤੋਂ ਛੁਟੀ ਲੈ ਕੇ 1878 ਤੋਂ ਪ੍ਰਚਾਰ ਦੌਰੇ ਕਰਨ ਲਗੇ। ਉਹ ਮਾਘੀ ਤੇ ਮੁਕਤਸਰ ਤੇ ਵਸਾਖੀ ਤੇ ਦਮਦਮੇ ਗਏ। ਪਰ ਕਈ ਵਾਰ ਉਹਨਾਂ ਨੂੰ ਮੁਖ਼ਬਰਾਂ ਦੀ ਸ਼ਿਕਾਇਤ ਉਤੇ ਵਾਰਬਟਨ ਦੇ ਕਿਹਾਂ ਵਾਪਸ ਮੁੜਨਾ ਪੈਂਦਾ। ਫਿਰ ਵੀ ਸੰਗਤ ਨੂੰ ਆਸਰਾ ਮਿਲਦਾ।ਸਰਕਾਰ ਨੇ 31 ਦਸੰਬਰ 1880 ਨੂੰ ਸਾਰੇ ਜਿਲ੍ਹਿਆਂ ਦੇ 252 ਖਤਰਨਾਕ ਕੂਕਿਆਂ ਦੀ ਲਿਸਟ ਭੇਜੀ ਸੀ ਤਾਂ ਕਿ ਉਹਨਾਂ ਦੀ ਖਾਸ ਨਿਗਰਾਨੀ ਰੱਖੀ ਜਾ ਸਕੇ।

ਸ੍ਰੀ ਭੈਣੀ ਸਾਹਿਬ ਪੁਲਿਸ ਤੰਗ ਕਰਦੀ ਸੀ। ਇਕ ਵਾਰ ਜਨਵਰੀ 1883 ਵਿੱਚ ਗੇਂਦਾ ਸਿਪਾਹੀ ਭਗਵਾਨ ਸਿੰਘ ਅੜਬੰਗੀ ਦੇ ਮਗਰ ਹੀ ਪੈ ਗਿਆ। ਅੜਬੰਗੀ ਵਾਪਸ ਮੁੜ ਗਿਆ। ਗੇਂਦਾ ਮਗਰੇ ਹੀ, ਨਾਲ ਚੌਕੀ ਦਾ ਮੁਨਸ਼ੀ ਸੀ। ਅੜਬੰਗੀ ਨੇ ਬੜਾ ਵਰਜਿਆ ਪਰ ਉਹ ਉਸ ਨੂੰ ਫੜਾ ਕੇ ਇਨਾਮ ਲਊ ਸੀ। ਸ੍ਰੀ ਭੈਣੀ ਸਾਹਿਬ ਦੀ ਜੂਹ ਪਾਰ ਕਰਕੇ ਵੀ ਗੇਂਦੇ ਨੇ ਪਿਛਾ ਨਾ ਛਡਿਆ। ਸਗੋਂ ਡੰਡਾ ਮਾਰਿਆ ਤਾਂ ਅੜਬੰਗੀ ਕੋਲ ਖੂੰਡਾ ਸੀ। ਉਸ ਪੈਂਤੜਾ ਬੰਨ੍ਹ ਕੇ ਟਿਕਾ ਕੇ ਐਸਾ ਕਨਪਟੀ ਤੇ ਖੂੰਡਾ ਮਾਰਿਆ ਕਿ ਗੇਂਦਾ ਬੁੜਕ ਕੇ ਜਾ ਪਿਆ ਤੇ ਇਕ ਹੋਰ ਵੱਜਣ ਨਾਲ ਮਰ ਗਿਆ। ਮੁਨਸ਼ੀ ਡਰਦਾ ਮਾਰਾ ਮੁੜ ਆਇਆ।

ਮਾਈ ਅਤਰ ਕੌਰ ਖਾਨੇ ਵਾਲੀ ਭੈਣੀ ਸਾਹਿਬ ਡੇਰੇ ਹੀ ਰਹਿੰਦੀ ਸੀ। ਸੰਤ ਦਾਨ ਸਿੰਘ ਬਾਅਦ ਗੁਰੂ ਹਰੀ ਸਿੰਘ ਦੇ ਹੁਕਮ ਅਨੁਸਾਰ ਡੇਰੇ ਦੀਆਂ ਕੁੰਜੀਆਂ ਉਸ ਨੂੰ ਮਿਲੀਆਂ ਸਨ। ਉਹ ਕਈ ਵਾਰ ਸੂਬਾ ਖੁਸ਼ਹਾਲ ਸਿੰਘ ਕੋਲ ਗਈ ਤੇ ਉਸ ਦੀਆਂ ਬੱਚੀਆਂ ਮਾਤਾ ਜੀਵਨ ਕੌਰ, ਮਾਤਾ ਫਤਹਿ ਕੌਰ ਦੇ ਸੇਵਾ ਭਾਵਨਾ ਵਾਲੇ ਸੁਭਾ ਕਾਰਨ ਉਸ ਨੂੰ, ਉਹਨਾਂ ਨੂੰ ਡੇਰੇ ਦੀ ਸੇਵਾ ਲਈ ਭੇਜਣ ਲਈ ਪ੍ਰੇਰਿਆ। ਉਹ 1888 ਈ. ਵਿਚ ਦੋਹਾਂ ਨੂੰ ਲੈ ਕੇ ਸ੍ਰੀ ਭੈਣੀ ਸਾਹਿਬ ਪੁਜੇ ਤੇ ਸੰਤ ਸੰਤੋਖ ਸਿੰਘ ਅਨੁਸਾਰ "ਮਹਾਰਾਜ (ਗੁਰੂ) ਹਰੀ ਸਿੰਘ ਜੀ ਤੇ ਮਾਈ ਜਿਊਣ ਕੌਰ ਦਾ ਅਰਦਾਸਾ ਕਰ ਦੀਆ।"

-ਸਤਿਗੁਰੂ ਬਿਲਾਸ

9 ਮਾਰਚ 1890 ਨੂੰ ਇਕ ਬਾਲ (ਸਤਿਗੁਰੂ ਪ੍ਰਤਾਪ ਸਿੰਘ) ਨੇ ਮਾਤਾ ਜੀ ਦੀ ਕੁੱਖ ਨੂੰ ਭਾਗ ਲਾਇਆ। ਗੁਰੂ ਹਰੀ ਸਿੰਘ ਪ੍ਰਸੰਨ ਹੋ ਬਚਨ ਕੀਤਾ, "ਘਰ ਦਾ ਮਾਲਕ ਆਇਆ ਹੈ, ਬੜਾ ਬਲੀ ਤੇ ਪ੍ਰਤਾਪ ਵਾਲਾ ਹੈ।" ਮਾਤਾ ਜੀ ਦੀ ਕੁਖੋਂ 1892 ਵਿਚ ਮਹਾਰਾਜ ਨਿਹਾਲ ਸਿੰਘ ਤੇ 1897 ਵਿਚ ਮਹਾਰਾਜ ਗੁਰਦਿਆਲ ਸਿੰਘ ਨੇ ਜਨਮ ਲਿਆ। ਸਾਰੇ ਨਾਮਧਾਰੀ ਪੰਥ ਵਿਚ ਖ਼ੁਸ਼ੀਆਂ ਖੇੜੇ ਨੇ ਛੱਟਾ ਦੇ ਦਿਤਾ ਸੀ।

ਸਤਿਗੁਰੂ ਜੀ ਨੇ 1892 ਵਿਚ ਅੰਮ੍ਰਿਤਸਰ ਦਾ ਦੌਰਾ ਕੀਤਾ, 1893 ਵਿਚ ਦਿਵਾਲੀ ਤੇ ਅੰਮ੍ਰਿਤਸਰ ਦੀ ਸੰਗਤ ਨੂੰ ਤਾਰਿਆ ਅਤੇ 1897 ਵਿਚ 11 ਸਤੰਬਰ ਨੂੰ ਬਾਬਾ ਜਮੀਅਤ ਸਿੰਘ ਨਮਿਤ ਮੇਲਾ ਕੀਤਾ। 1898 ਵਿਚ ਰਾਮਸਰ ਦੀ ਕਾਰ ਸੇਵਾ ਵਿਚ ਆਪ ਵੀ ਭਾਰੇ ਟੋਕਰੇ ਚੁੱਕ ਕੇ ਪਥ ਪ੍ਰਦਰਸ਼ਨ ਕੀਤਾ।

ਹੁਣ ਪੁਲਿਸ ਚੌਕੀ ਬਹੁਤਾ ਦਖਲ ਨਹੀਂ ਸੀ ਦੇਂਦੀ। ਡੇਰੇ ਦੀਆਂ ਚਾਬੀਆਂ ਮਾਈ



Namdhari Elibrary NamdhariElibrary@gmail.com

ਅਤਰ ਕੌਰ ਤੋਂ ਗੁਰਦੇਈ ਨੂੰ ਮਿਲੀਆਂ ਤੇ ਉਸ ਤੋਂ ਹੁਕਮ ਅਨੁਸਾਰ 1 ਅਗਸਤ 1899 ਨੂੰ ਮਾਤਾ ਜੀਵਨ ਕੌਰ ਨੂੰ ਮਿਲੀਆਂ।

ਸਰਕਾਰ ਕੋਲੋਂ ਇਜ਼ਾਜ਼ਤ ਲੈ ਕੇ ਗੁਰੂ ਹਰੀ ਸਿੰਘ ਜੀ ਨੇ 1899 ਤੋਂ 1905 ਤਕ ਕ੍ਰਮਵਾਰ ਗੁਰੂ ਚੱਕ, ਰੋੜੀ ਸਾਹਿਬ, ਸੈਦੋਵਾਲ, ਮਟਵੀ, ਗਿੱਲੀਂ, ਸ੍ਰੀ ਭੈਣੀ ਸਾਹਿਬ ਆਦਿ ਥਾਈਂ ਹੋਲੇ ਮਹੱਲੇ ਕੀਤੇ। ਜਿਸ ਵਿਚ ਸੰਤ, ਸਾਧ, ਜਥੇਦਾਰ ਹੁੰਮ ਹੁਮਾ ਕੇ ਪੁਜੇ। ਸੰਗਤ ਦਾ ਵੀ ਅੰਤ ਨਹੀਂ ਸੀ। 1906 ਦਾ ਹੋਲਾ ਮਾਨਾਂ ਵਾਲੇ ਸੀ। ਨੇਤਰਾਂ ਦੀ ਤਕਲੀਫ ਕਾਰਨ ਆਪ ਤਾਂ ਨਾ ਜਾ ਸਕੇ ਪਰ ਮਾਤਾ ਜੀ ਤੇ ਵੱਡੇ ਸਾਹਿਬਜ਼ਾਦੇ ਨੂੰ ਭੇਜਿਆ।

17 ਮਈ 1906 ਨੂੰ ਆਪ ਜੋਤੀ ਜੋਤ ਸਮਾ ਗਏ। ਆਪ ਜੀ ਮਾਘਾ ਸਿੰਘ ਬਿਲਾਸਪੁਰ, ਸੁਰਜੀਤ ਸਿੰਘ ਮੋਰੋਂ, ਮਹੰਤ ਸੇਵਾ ਸਿੰਘ ਨਾਲ ਕੀਤੇ ਬਚਨ, "ਹੁਣ ਤੁਸੀਂ ਸਭ ਹੀ ਪ੍ਰਤਾਪ ਸਿੰਘ ਦੇ ਕਹੇ ਚਲਿਆ ਕਰੋ।" ਅਨੁਸਾਰ ਸਤਿਗੁਰੂ ਪ੍ਰਤਾਪ ਸਿੰਘ ਨੇ ਰਾਜ ਜੋਗ ਗੱਦੀ ਨੂੰ ਸੁਭਾਇਮਾਨ ਕੀਤਾ।

ਪਾਬੰਦੀਆਂ ਦੇ ਬਾਵਜੂਦ ਕੂਕੇ ਟੁੰਬੇ ਜਾਂਦੇ ਰਹੇ ਤੇ ਉਹਨਾਂ ਆਪਣੀ ਧਾਰਮਿਕ ਭਾਵਨਾ, ਰਹਿਤ ਮਰਯਾਦਾ ਤੇ ਰਾਜਨੀਤਕ ਸ਼ਕਤੀ ਨੂੰ ਸਖ਼ਤੀਆਂ ਦੇ ਬਾਵਜੂਦ ਢਹਿ ਢੇਰੀ ਨਹੀਂ ਹੋਣ ਦਿਤਾ।

1891 ਦੀ ਮਰਦਮ ਸ਼ੁਮਾਰੀ ਦੀ ਰਿਪੋਰਟ ਅਨੁਸਾਰ ਐਸੇ ਕੂਕੇ ਸਿਖ ਹੀ ਨਹੀਂ ਹਿੰਦੂ ਤੇ ਮੁਸਲਮਾਨ ਵੀ ਸਨ। -ਕੂਕਾ ਹਿੰਦੂ 690, ਕੂਕਾ ਸਿਖ 10541, ਕੂਕਾ ਮੁਸਲਮਾਨ - 5



Namdhari Elibrary NamdhariElibrary@gmail.com

# ਸੁਤੰਤਰਤਾ ਲਈ ਸਾਥ-ਸਾਥ

ਪੰਜਾਬ ਵਿੱਚ 20ਵੀਂ ਸਦੀ ਹੋਣ ਦੇ ਬਾਵਜੂਦ ਕੇਵਲ ਨਾਮਧਾਰੀ ਸਿੰਘਾਂ ਬਾਰੇ ਹੀ ਡਿਸਟ੍ਰਿਕਟ ਗਜ਼ਟੀਅਰ ਵਿਚ ਲਿਖਿਆ ਗਿਆ :

"ਇਹ ਸਚ ਹੈ ਕਿ ਕੂਕਿਆਂ ਲਈ ਅੰਗਰੇਜ਼ ਸਰਕਾਰ ਪ੍ਰਤੀ ਵਫਾਦਾਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।" ਇਹ ਸੱਚ ਸਰਕਾਰ ਤੇ ਉਸਦੇ ਮੁਖਬਰਾਂ ਦੇ ਲਗਾਤਾਰ ਦਬਾਅ ਦੇ ਬਾਵਜੂਦ ਨਹੀਂ ਡੋਲਿਆ। ਇਸ ਦੇ ਪਿਛੇ ਸਰੀਰਕ ਤੇ ਦਿਮਾਗੀ ਤਾਕਤ ਤੋਂ ਬਿਨਾਂ ਬੌਧਿਕ ਤੇ ਅਧਿਆਤਮਕ ਤਾਕਤ ਦਾ ਮਹੱਤਵਪੂਰਨ ਹੱਥ ਰਿਹਾ ਹੈ। ਇਹ ਤਾਕਤ ਕੂਕੇ, ਸਤਿਗੁਰੂ ਰਾਮ ਸਿੰਘ ਦੇ ਹੁਕਮ ਅਨੁਸਾਰ ਨਾਮ ਦਾ ਸਿਮਰਨ ਕਰ ਕੇ ਤੇ ਗੁਰਬਾਣੀ ਦਾ ਪਾਠ ਮਰਯਾਦਾ ਅਨੁਸਾਰ, ਸੁੱਚ ਸੋਧ ਵਿੱਚ ਰਹਿ ਕੇ ਪ੍ਰਾਪਤ ਕਰਦੇ ਰਹੇ ਹਨ।

ਇਸੇ ਲਈ ਸਤਿਗੁਰੂ ਪ੍ਰਤਾਪ ਸਿੰਘ ਨੇ ਜੁਲਾਈ 1906 ਨੂੰ ਰੋਪੜ ਵਾਲੀ ਨਹਿਰ (ਨੀਲੋਂ) ਕੰਢੇ ਤਪੱਸਿਆ ਸ਼ੁਰੂ ਕੀਤੀ। ਉਹਨਾਂ ਪਹਿਲੇ ਹੋਏ ਤਪ ਨੂੰ ਮਹਾਨਤਾ ਦੇਂਦਿਆਂ ਕਿਹਾ, "ਮੈਂ ਬਿਹਾ ਨਹੀਂ ਖਾਣਾ, ਜਮ੍ਹਾਂ ਹੋਇਆ, ਬਹਿ ਕੇ, ਵਰਤਕੇ ਮੁਕਾਣਾ ਨਹੀਂ।" ਉਹਨਾਂ ਨੇ ਤਪ ਦਾ ਚਾਲੀਹਾ ਕੀਤਾ ਜੋ ਅੱਜ ਵੀ ਜਪ ਪ੍ਰਯੋਗ ਦੇ ਨਾਂ ਨਾਲ ਚਲ ਰਿਹਾ ਹੈ।

ਸ਼ਰੇਆਮ ਕੂਕਿਆਂ ਤੇ ਅੰਗਰੇਜ਼ ਵਿਰੁਧ ਪ੍ਰਚਾਰ ਕਰਨ ਤੇ ਪਾਬੰਦੀ ਸੀ। ਸੋ ਭਜਨੀਕ ਸਿਖਾਂ ਸਾਧਾਂ ਕੋਲ ਜਿਹੜਾ ਵੀ ਸ਼ਰਧਾ ਵੱਸ ਆਉਂਦਾ—ਉਹ ਮਾਸ ਸ਼ਰਾਬ ਦਾ ਤਿਆਗ ਕਰਦਾ, ਨਾਮ ਦੇ ਰੰਗ ਵਿਚ ਰੰਗਿਆ ਜਾਂਦਾ ਅਤੇ ਦੇਸ਼ ਭਗਤੀ ਦੀ ਗੁੜ੍ਹਤੀ ਲੈ ਕੇ ਜਾਂਦਾ। ਪ੍ਰਸਿੱਧ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ, ਬਾਬਾ ਕੇਸਰ ਸਿੰਘ ਮੁਹਾਵੇ ਦੀ ਸੰਗਤ ਨਾਲ ਇਸੇ ਰੰਗ ਵਿਚ ਰੰਗੇ ਗਏ। ਉਹਨਾਂ ਲਿਖਿਆ,

"ਇਹਨਾਂ ਤੋਂ ਮੈਨੂੰ ਲੋਕ ਸੇਵਕ ਬਣਨ ਦੀ ਚੇਟਕ ਲੱਗੀ ਜੋ ਅਗਲਿਆਂ ਸਾਲਾਂ ਵਿੱਚ ਇਸ਼ਕ ਦੀ ਹੱਦ ਤਕ ਪਹੁੰਚ ਗਈ।" –ਮੇਰੀ ਜੀਵਨ ਕਹਾਣੀ

ਭਕਨਾ ਜੀ ਕਨੇਡਾ ਵਿੱਚ ਬਣੀ ਗਦਰ ਪਾਰਟੀ ਦੇ ਪ੍ਰਧਾਨ ਸਨ।

ਪੰਜਾਬ ਦੇਸ਼ ਭਗਤਾਂ ਤੇ ਰਾਜ ਭਗਤਾਂ ਵਿੱਚ ਵੰਡਿਆ ਗਿਆ ਸੀ। ਜਿਥੇ ਵੀ ਸਰਕਾਰ ਦੀ ਜ਼ਿਆਦਤੀ ਹੁੰਦੀ ਕੂਕੇ ਉਸ ਖਿਲਾਫ ਉਠ ਖੜ੍ਹੇ ਹੁੰਦੇ। ਭਾਵੇਂ ਸਿੱਧਾ ਉਸ ਨਾਲ ਉਹਨਾਂ ਦਾ ਸੰਬੰਧ ਨਾ ਹੁੰਦਾ। ਇਹੀ ਗਊ ਰਖਿਆ ਵੇਲੇ ਹੋਇਆ। ਇਹੀ ਇਹਨਾਂ 1914 ਈ. ਵਿਚ ਰਕਾਬਗੰਜ ਦੀ ਕੰਧ ਢਾਹੇ ਜਾਣ ਖ਼ਿਲਾਫ ਕੀਤਾ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤੇ ਨੇ ਸਰਦੂਲ ਸਿੰਘ ਕਵੀਸ਼ਰ, ਭਾਈ ਰਣਧੀਰ ਸਿੰਘ ਨਾਲ ਰਲ ਕੇ ਮੋਰਚਾ ਲਾਇਆ ਤਾਂ ਅਰਸ਼ੀ ਫਰਿਸ਼ਤੇ ਨੂੰ ਲੈ ਜਾ ਕੇ ਉਹਨਾਂ ਦੇ ਪਿੰਡ ਫਤੂਹੀ ਚੱਕ ਨਜ਼ਰਬੰਦ ਕੀਤਾ ਗਿਆ। ਇਸ ਬਾਰੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਲਾਹੌਰ ਸਾਰੀ ਸੰਗਤ ਦਾ ਇਕੱਠ ਕੀਤਾ। ਇਸ ਬਾਰੇ ਮਾਸਟਰ ਤਾਰਾ ਸਿੰਘ ਨੇ ਲਿਖਿਆ, "ਉਹਨਾਂ ਨੇ ਉਸ ਸਮੇਂ ਲਾਹੌਰ ਵਿਚ ਸਾਰੀਆਂ ਸੰਗਤਾਂ ਦਾ ਇਕ ਅਜੇਹਾ ਇਕੱਠ ਕੀਤਾ ਜਿਸਦੀ



Namdhari Elibrary NamdhariElibrary@gmail.com

ਬੜੀ ਭਾਰੀ ਲੋੜ ਸੀ ਤੇ ਜਿਹੜਾ ਲਾ ਮਿਸਾਲ ਸੀ। ਬਾਬਾ (ਸਤਿਗੁਰੂ ਪ੍ਰਤਾਪ ਸਿੰਘ) ਜੀ ਉਸ ਗੱਦੀ ਦੇ ਮਾਲਕ ਹਨ ਜਿਸ ਤੇ ਬਾਬਾ ਰਾਮ ਸਿੰਘ ਜੀ ਬਿਰਾਜਮਾਨ ਸਨ। ਉਹਨਾਂ ਨੇ ਬੜੇ ਨਾਜ਼ਕ ਸਮੇਂ ਸਿੱਖ ਪੰਥ ਨੂੰ ਜਗਾਇਆ।

ਗੁਰੂ ਕੇ ਬਾਗ ਦੇ ਮੋਰਚੇ ਵਿਚ ਮਹਿਤਾਬ ਸਿੰਘ ਨਾਮਧਾਰੀ ਸਾਹੋਵਾਲ (ਸਿਆਲਕੋਟ) ਨੇ ਗ੍ਰਿਫਤਾਰੀ ਦਿੱਤੀ।

1914 ਵਿੱਚ ਬਜ ਬਜ ਘਾਟ ਤੇ ਸਰਕਾਰੀ ਗੋਲੀਆਂ ਨਾਲ ਭੁੰਨੇ ਬੇਦੋਸ਼ਿਆਂ ਬਾਰੇ ਸਰਕਾਰ ਨੇ ਪੁਜਾਰੀਆਂ ਤੇ ਸਰਦਾਰਾਂ ਕੋਲੋਂ ਫਤਵਾ ਲੈਣਾ ਚਾਹਿਆ ਕਿ ਉਹ ਸਿੱਖ ਨਹੀਂ ਸਨ ਤਾਂ ਕਿ ਸਿੱਖਾਂ ਵਿੱਚ ਰੋਸ ਨਾ ਵਧੇ। ਸਤਿਗੁਰੂ ਪ੍ਰਤਾਪ ਸਿੰਘ ਨੇ ਸਿੱਖਾਂ ਨੂੰ ਦਲੇਰੀ ਦੇਣ ਲਈ ਹੁਸ਼ਿਆਰਪੁਰ ਚੋਣਵੇਂ ਆਗੂਆਂ ਦਾ ਇਕੱਠ ਕੀਤਾ ਜਿਸ ਵਿਚ ਮਤਾ ਪਾਸ ਕਰਵਾਇਆ ਕਿ ਉਹ ਸਿਖ ਸਨ। ਇਕੱਠ ਨੂੰ ਉਹਨਾਂ ਸ਼ਹੀਦਾਂ ਦੇ ਪਰਵਾਰਾਂ ਨਾਲ ਹਮਦਰਦੀ ਹੈ।

13 ਪੋਹ 1970 ਬਿ. ਨੂੰ ਸ੍ਰੀ ਸਤਿਗੁਰੂ ਜੀ ਦਾ ਅਨੰਦ ਕਾਰਜ ਸੰਤ ਸੁੰਦਰ ਸਿੰਘ ਮਾਈ ਰਾਮ ਕੌਰ ਪਿੰਡ ਗੁਰੂਸਰ ਜ਼ਿਲਾ ਫਿਰੋਜਪੁਰ ਦੀ ਲਾਡਲੀ ਬੀਬੀ ਵੀਰਾਂ ਨਾਲ ਗੁਰਸਿੱਖੀ ਅਨੰਦ ਮਰਯਾਦਾ ਨਾਲ ਹੋਇਆ। ਉਹਨਾਂ ਦਾ ਨਾਂ ਬੀਬੀ ਭੁਪਿੰਦਰ ਕੌਰ ਰਖਿਆ ਗਿਆ। ਉਹ ਜਗਤ ਮਾਤਾ ਹੋਏ।

1914 ਵਿਚ ਪਹਿਲਾ ਵਿਸ਼ਵ ਯੁਧ ਹੋਇਆ। ਸਿੰਘ ਸਭਾ, ਚੀਫ਼ ਖਾਲਸਾ ਦਿਵਾਨ, ਸੰਤਾਂ, ਮਹੰਤਾਂ, ਪੁਜਾਰੀਆਂ ਨੇ ਸਰਕਾਰ ਦੀ ਖੁਸ਼ੀ ਹਾਸਲ ਕਰਨ ਤੇ ਮੁਰੱਬੇ ਲੈਣ ਲਈ ਲੋਕ ਭਰਤੀ ਕਰਵਾਏ। ਕਾਂਗਰਸ ਨੇ ਵੀ ਸਰਕਾਰ ਦਾ ਸਾਥ ਦਿੱਤਾ। ਮੋਹਨ ਦਾਸ ਕਰਮ ਚੰਦ ਗਾਂਧੀ ਨੇ ਗੁਜਰਾਤ ਦੇ ਲੋਕਾਂ ਨੂੰ ਭਰਤੀ ਹੋਣ ਲਈ ਤਿਆਰ ਕੀਤਾ। ਪੰਜਾਬ ਵਿਚ 90 ਹਜ਼ਾਰ ਸਿਖ ਭਰਤੀ ਹੋਏ। ਪਰ ਸਤਿਗੁਰੂ ਪ੍ਰਤਾਪ ਸਿੰਘ ਦਾ ਹਾਕਮ ਨੂੰ ਜਵਾਬ ਸੀ, "ਮੈਂ ਆਪ ਨੂੰ ਕੋਈ ਮਦਦ ਨਹੀਂ ਦੇਣੀ" ਤੇ ਕੋਈ ਕੂਕਾ ਫੌਜ ਵਿਚ ਭਰਤੀ ਨਾ ਹੋਇਆ।

ਕਾਂਗਰਸ ਉਸ ਸਮੇਂ ਤਕ ਪੂਰੀ ਦੇਸ਼ ਭਗਤ ਜਮਾਤ ਨਹੀਂ ਸੀ। ਉਹ ਤਾਂ ਸਰਕਾਰ ਤੋਂ ਰਿਆਇਤਾਂ ਹੀ ਮੰਗਦੀ ਸੀ, ਆਜ਼ਾਦੀ ਨਹੀਂ। ਇਹ ਤਾਂ 1885 ਵਿਚ ਬਣੀ ਵੀ ਲਾਰਡ ਡਫਰਿਨ ਨਾਲ ਸਲਾਹ ਮਸ਼ਵਰਾ ਕਰਕੇ ਸੀ। ਏ. ਓ ਹਯੂਮ ਇਸ ਦੇ ਪਹਿਲੇ ਪ੍ਰਧਾਨ ਸਨ। 1905 ਤਕ ਇਸ ਨੂੰ ਨਹੀਂ ਸਮਝ ਆਇਆ ਕਿ ਉਹ ਕੀ ਕਰੇ, ਉਸ ਦਾ ਨਜ਼ਰੀਆ ਸਾਫ ਨਹੀਂ ਸੀ। 1905 ਤੋਂ 1919 ਤਕ ਵੀ ਉਹ ਵਿਕਾਸ, ਸਮਾਜਕ , ਸਭਿਆਚਾਰਕ, ਰਾਜਨੀਤਕ ਪੱਖ ਬਾਰੇ ਸੋਚਦੀ ਰਹੀ ਪਰ ਉਸ ਨੇ ਪੱਛਮੀ ਕ੍ਰਾਂਤੀ ਨੂੰ ਅਪਣਾਇਆ। ਇਸ ਸਮੇਂ ਇਸ ਦੇ ਗਰਮ ਦਲੀਏ ਵਖਰਾ ਸੋਚਣ ਲਗੇ ਤੇ ਬਾਲ ਗੰਗਾਧਰ ਤਿਲਕ ਨੇ ਨਾਅਰਾ ਦਿੱਤਾ, "ਸਵਰਾਜ ਮੇਰਾ ਜਨਮ ਸਿਧ ਅਧਿਕਾਰ ਹੈ ਮੈਂ ਇਸ ਨੂੰ ਲੈ ਕੇ ਰਹਾਂਗਾ।" ਉਹਨਾਂ ਸੁਦੇਸ਼ੀ ਦੀ ਵਰਤੋਂ ਤੇ ਵਿਦੇਸ਼ੀ ਚੀਜਾਂ ਦੇ ਬਾਈਕਾਟ ਦੀ ਵਕਾਲਤ ਕੀਤੀ। ਕੂਕਿਆਂ ਇਹ ਬਾਈਕਾਟ 1857 ਤੋਂ ਕੀਤਾ ਹੋਇਆ ਸੀ।

ਪਹਿਲੇ ਵਿਸ਼ਵ ਯੁਧ ਪਿਛੋਂ ਕੁਝ ਮਿਲਣ ਦੀ ਥਾਂ ਜਲ੍ਹਿਆਂਵਾਲੇ ਬਾਗ ਦੇ ਜਲਸੇ ਵਿਚ 25 ਬੰਦੂਕਾਂ ਤੋਂ ਗੋਲੀਆਂ ਚਲੀਆਂ। ਉਹ ਗੋਲੀਆਂ ਦਾਗਣ ਵਾਲੇ ਸਿੱਖ ਸਨ। ਅਕਾਲ ਤਖਤ ਦੇ ਸਰਬਰਾਹ ਨੇ ਗੋਲੀਆਂ ਚਲਵਾਉਣ ਦਾ ਹੁਕਮ ਦੇਣ ਵਾਲੇ ਜਨਰਲ



Namdhari Elibrary NamdhariElibrary@gmail.com

ਡਾਇਰ ਨੂੰ ਸਿਰੋਪਾ ਤੇ ਸੋਨੇ ਦਾ ਕੜਾ ਦਿਤਾ।

ਦੂਜੇ ਪਾਸੇ ਅੰਗਰੇਜ਼ਾਂ ਖਿਲਾਫ ਕੰਮ ਕਰਨ ਵਾਲੇ ਰਾਘੋ ਸਿੰਘ ਨਾਮਧਾਰੀ ਨੂੰ 1916 ਵਿੱਚ ਲਾਹੌਰ ਫਾਂਸੀ ਦੀ ਸਜ਼ਾ ਹੋਈ। ਮੁਹਾਵੇ ਵਾਲਿਆਂ ਦੇ ਸ਼ਰਧਾਲੂ ਫੌਜੀ ਕੇਹਰ ਸਿੰਘ ਜਿਹੜਾ ਨਾਮਧਾਰੀ ਸਿੱਖਾਂ ਨਾਲ ਸਨੇਹ ਰੱਖਦਾ ਸੀ, ਨੂੰ ਫੌਜ ਵਿਚ ਸੌ ਸਾਖੀ ਵੰਡਣ ਬਦਲੇ ਨੌਕਰੀ ਤੋਂ ਹੱਥ ਧੋਣੇ ਪਏ।

1919 ਤੋਂ ਕਾਂਗਰਸ ਦਾ ਰੁੱਖ ਸਵਰਾਜ, ਅਹਿੰਸਾ ਤੇ ਨਾ-ਮਿਲਵਰਤਨ ਵਲ ਹੋ ਗਿਆ। ਖ਼ਿਲਾਫਤ ਅੰਦੋਲਨ ਚਲਿਆ। 6 ਜੂਨ 1920 ਨੂੰ ਇੰਡੀਅਨ ਨੈਸ਼ਨਲ ਕਾਂਗਰਸ ਨੇ 7 ਨੁਕਾਤੀ ਪ੍ਰੋਗਰਾਮ ਦਿਤਾ। ਜਿਨਾਂ ਵਿਚ ਸਰਕਾਰੀ ਸਕੂਲਾਂ, ਕਾਲਜਾਂ, ਸਰਕਾਰੀ ਕਚਹਿਰੀਆਂ, ਚੋਣਾਂ, ਵਿਦੇਸ਼ੀ ਵਸਤਾਂ ਦਾ ਬਾਈਕਾਟ ਸੀ। ਪਰ ਕੂਕੇ ਤਾਂ ਰੇਲਾਂ ਤੇ ਡਾਕ ਪ੍ਰਬੰਧ ਦਾ ਵੀ ਬਾਈਕਾਟ ਕਰਦੇ ਸਨ। ਕੂਕਿਆਂ ਨੂੰ ਲੱਗਾ ਕੇ ਸਾਰੇ ਦੇਸ਼ ਦੇ ਗੁਰੂ ਰਾਮ ਸਿੰਘ ਦੇ ਨਾਮਿਲਵਰਤਨ ਨੂੰ ਅਪਨਾਉਣ ਕਰਕੇ ਸਵਰਾਜ ਛੇਤੀਂ ਆਏਗਾ। ਉਹ ਉਹਨਾਂ ਦੇ ਸੰਗ ਸਾਥ ਵੀ ਹੋ ਗਏ। ਪਰ ਨਾਮਧਾਰੀ ਸਿੰਘਾਂ ਆਪਣਾ ਸੰਗਠਨ ਤੇ ਮਾਣ ਮਰਯਾਦਾ ਕਾਇਮ ਰਖੀ। ਉਹ ਸਤਿਗੁਰੁ ਜੀ ਦੇ ਹੁਕਮ ਅਨੁਸਾਰ ਭਜਨ ਬੰਦਗੀ, ਪਾਠ, ਮੇਲੇ, ਹੋਲੇ ਮਹੱਲੇ ਤੇ ਆਪਣਾ ਪ੍ਰਚਾਰ ਕਰਦੇ ਰਹੇ।

1917 ਤੋਂ ਮਹਾਰਾਜਾ ਰਿਪੂਦਮਨ ਸਿੰਘ ਨਾਭਾ, ਦੇਸ਼ ਭਗਤੀ ਦੀ ਭਾਵਨਾ ਕਾਰਨ ਨਾਮਧਾਰੀ ਸਿੱਖਾਂ ਨਾਲ ਨੇੜ ਰੱਖਦਾ ਸੀ। ਉਸ ਰਾਜ ਘਰਾਣੇ ਨੂੰ ਸਿੱਖੀ ਭਾਵਨਾ ਤੇ ਦੇਸ਼ ਭਗਤੀ ਨਾਲ ਜੋੜੀ ਰਖਣ ਵਿਚ ਉਥੇ ਰਹਿੰਦੀ ਨਾਮਧਾਰੀ ਸੂਬਾ ਬੀਬੀ ਹੁਕਮੀ (ਮਾਈ ਮਹਾਤਮਾ) ਦਾ ਹੱਥ ਸੀ। ਉਸੇ ਦੀ ਪ੍ਰੇਰਨਾ ਨਾਲ ਰਾਜਾ ਸਤਿਗੁਰੂ ਦੀ ਸ਼ਰਨ ਆਇਆ ਤੇ ਪੁਤਰ ਦੀ ਦਾਤ ਮੰਗੀ। ਜੋ 1919 ਵਿੱਚ ਪੂਰੀ ਹੋਈ। ਰਾਜੇ ਨੇ ਸਤਿਗੁਰੂ ਜੀ ਦੇ ਚਰਨ ਪੁਆਏ, ਭਜਨ ਲਿਆ। ਉਸਨੇ ਭੇਟਾ ਵਜੋਂ ਆਪ ਨੂੰ ਰੋਲਜ਼ ਰਾਇਸ ਕਾਰ, ਘੋੜੇ, ਮਾਇਆ, 5860 ਵਿਘੇ ਦੀ ਬੀੜ ਮਰਾਰੜੂ ਭੇਟ ਕੀਤੀ ਤੇ ਬਖ਼ਸ਼ਸ਼ਾਂ ਮੰਗੀਆਂ।

17 ਤੋਂ 19 ਜਨਵਰੀ 1920 ਤਕ ਸ੍ਰੀ ਸਤਿਗੁਰੂ ਜੀ ਨੇ ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਮੁਠੱਡੇ (ਜਲੰਧਰ) ਮੇਲਾ ਕੀਤਾ। ਏਥੇ ਸਭ ਧਰਮਾਂ ਤੇ ਵਿਚਾਰਧਾਰਾਵਾਂ ਦੇ ਲੋਕ ਆਏ। ਸਤਿਗੁਰੂ ਜੀ ਨੂੰ ਜਲੂਸ ਦੀ ਸ਼ਕਲ ਵਿਚ ਫਿਲੌਰ ਤੋਂ ਸਤਿ ਸ੍ਰੀ ਅਕਾਲ, ਬੰਦੇ ਮਾਤਰਮ, ਅੱਲਾ ਹੂ ਅਕਬਰ ਦੇ ਨਾਅਰਿਆਂ ਨਾਲ ਪੰਡਾਲ ਵਿਚ ਲਿਆਂਦਾ ਗਿਆ। ਇਸ ਮੇਲੇ ਵਿਚ ਡਾ. ਸੈਫੂਦੀਨ ਕਿਚਲੂ, ਕੇਦਾਰਨਾਥ ਸਹਿਗਲ, ਕਿਸ਼ਨ ਸਿੰਘ ਤੇ ਹੋਰ ਬਹੁਤ ਸਾਰੇ ਆਗੂ ਸਨ। ਏਥੇ ਨਾਮਧਾਰੀ ਸਿਖਾਂ ਉੱਤੇ ਅੰਗਰੇਜ਼ਾਂ ਦੀਆਂ ਜ਼ਿਆਦਤੀਆਂ ਤੇ ਸ੍ਰੀ ਭੈਣੀ ਸਾਹਿਬ ਪੁਲਿਸ ਚੌਂਕੀ ਬਾਰੇ ਵੇਰਵੇ ਸਹਿਤ ਦਸਿਆ ਗਿਆ। ਇਹੋ ਜਿਹੀਆਂ ਕਾਨਫਰੰਸਾਂ ਸਨਖਤਰੇ ਤੇ ਹੁਸ਼ਿਆਰਪੁਰ ਵੀ ਹੋਈਆਂ।

1920 ਦੇ ਹੋਲੇ ਤੇ ਸਤਿਗੁਰੂ ਜੀ ਦੇ ਹੁਕਮ ਨਾਲ ਸਤਿਜੁਗ ਸਪਤਾਹਿਕ ਦਾ ਪ੍ਰਕਾਸ਼ਨ ਸ਼ੁਰੂ ਹੋਇਆ ਜਿਸ ਦੇ ਰੂਹੇ ਰਵਾਂ ਮਹਾਰਾਜ ਗੁਰਦਿਆਲ ਸਿੰਘ ਤੇ ਕਾਰਕੁਨ ਨਿਰੰਕਾਰ ਸਿੰਘ ਚੇਤਨ ਤੇ ਮੰਗਲ ਸਿੰਘ ਅਰਸ਼ੀ ਫਰਿਸ਼ਤਾ ਸਨ। ਇਸ ਦਾ ਨਿਸ਼ਾਨਾ ਆਪਸੀ ਪ੍ਰੇਮ ਵਧਾਣਾ, ਨਾਮਧਾਰੀ ਇਤਿਹਾਸ ਤੇ ਮਰਯਾਦਾ ਨੂੰ ਉਜਾਗਰ ਕਰਨਾ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਪਾਠਕਾਂ ਨੂੰ ਟੁੰਬਣਾ ਸੀ। ਇਸ ਦੀ ਤੇ ਉਸ ਤੋਂ ਪਹਿਲਾਂ ਦੀਆਂ ਕੇਵਲ ਨਾਮਧਾਰੀ ਲਿਖਤਾਂ ਬਾਰਾਂਮਾਂਹ ਬਾਬਾ ਚੰਦਾ ਸਿੰਘ, ਨਿਹਾਲ ਸਿੰਘ, ਕਾਲਾ ਸਿੰਘ ਆਦਿ ਦੀਆਂ ਲਿਖਤਾਂ ਦੀ ਸੁਰ ਹੀ ਸਮਰਾਜ ਵਿਰੋਧੀ ਰਹੀ। ਇਹੀ ਕਾਰਨ ਸੀ



Namdhari Elibrary NamdhariElibrary@gmail.com

ਕਿ ਇਹ ਪਰਚਾ ਫ਼ੌਜੀਆਂ ਲਈ ਪੜ੍ਹਨਾ ਮਨ੍ਹਾਂ ਸੀ। ਪੁਲਿਸ ਚੌਂਕੀ ਰੂਪੀ ਬੰਦੀਖਾਨੇ ਸ੍ਰੀ ਭੈਣੀ ਸਾਹਿਬ ਦੇ ਨਾਮਧਾਰੀ ਗੁਰਦੁਆਰੇ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ 22 ਨਵੰਬਰ 1920 (8 ਮੱਘਰ) ਸੋਮਵਾਰ ਅੰਮ੍ਰਿਤ ਵੇਲੇ ਮਾਤਾ ਭੁਪਿੰਦਰ ਕੌਰ ਦੀ ਸੁਲੱਖਣੀ ਕੁੱਖੋਂ ਹੋਇਆ। ਸਭ ਨੇ ਬਹੁਤ ਖ਼ੁਸ਼ੀ ਮਨਾਈ।

1921 ਦੇ ਹੋਲੇ ਉਤੇ ਸ੍ਰੀ ਸਤਿਗੁਰੂ ਜੀ ਨੇ ਰਾਜਨੀਤਕ ਤੇ ਧਾਰਮਿਕ ਸੰਗਠਨਾਤਮਕ ਕਾਰਜਾਂ ਤੇ ਪ੍ਰਚਾਰ ਪ੍ਰਸਾਰ ਲਈ 26 ਸੂਬੇ ਥਾਪੇ ਤੇ ਮਹਾਰਾਜ ਗੁਰਦਿਆਲ ਸਿੰਘ ਦੀ ਅਗਵਾਈ ਹੇਠ ਨਾਮਧਾਰੀ ਦਰਬਾਰ ਦੀ ਸਥਾਪਨਾ ਕੀਤੀ। ਜਿਸ ਦੀ 31 ਮੈਂਬਰਾਂ ਦੀ ਕਮੇਟੀ ਸੀ। ਸਾਰੇ ਰਾਜਨੀਤਕ ਪੱਖੋਂ ਸੂਝਵਾਨ ਤੇ ਸਮਰੱਥ ਸਨ।

ਇਹਨਾਂ ਥਾਂ ਪਰ ਥਾਂ ਇਕੱਤਰਤਾਵਾਂ ਕੀਤੀਆਂ। ਸਿਆੜ੍ਹ ਪਿੰਡ 1922 ਵਿਚ ਸ਼ਹੀਦੀ ਕਾਨਫਰੰਸ ਹੋਈ, ਜਿਸ ਵਿੱਚ ਕਿਹਾ ਗਿਆ ਕਿ ਸ੍ਰੀ ਭੈਣੀ ਸਾਹਿਬ ਤੋਂ ਪੁਲਿਸ ਚੌਂਕੀ ਨਾ ਚੁਕੀ ਗਈ ਤਾਂ ਉਹ ਸਿੱਧੀ ਕਾਰਵਾਈ ਕਰਨਗੇ।

ਏਸੇ ਤਰਾਂ ਦਾ ਇੱਕ ਮਤਾ ਪਾਸ ਕੀਤਾ। ਸਰਕਾਰ ਨੇ ਪਿੰਡ ਉਤੇ 7500 ਜੁਰਮਾਨਾ ਕੀਤਾ ਕਿ ਉਹਨਾਂ ਕਾਨਫਰੰਸਾਂ ਕਿਉਂ ਹੋਣ ਦਿੱਤੀਆਂ।

ਪੰਜਾਬ ਵਿਚ ਸਰਕਾਰ ਵਿਰੁਧ ਸਰਗਰਮੀਆਂ ਵਧ ਗਈਆਂ ਸਨ। ਅਕਾਲੀਆਂ ਵੀ ਗੁਰੂ ਕੇ ਬਾਗ ਦਾ ਮੋਰਚਾ ਲਾ ਲਿਆ ਸੀ। ਸਰਕਾਰ ਨੂੰ ਚੌਂਕੀ ਕਾਇਮ ਕਰਨਾ ਸਿਆਸੀ ਪੱਖੋਂ ਹੋਰ ਵੀ ਮਹਿੰਗਾ ਪੈਂਦਾ ਲਗਦਾ ਸੀ। ਸੋ ਉਸ ਨੇ ਕੂਕਿਆਂ ਨੂੰ ਦੂਜਿਆਂ ਤੋਂ ਵੱਖ ਕਰਨ ਲਈ 12 ਮਈ 1923 ਨੂੰ ਚੌਂਕੀ ਚੁੱਕ ਲਈ। ਜਿਸ ਬਾਰੇ ਪੀ. ਸੀ. ਹਿਲਟਨ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਮੁਕਾਮੀ ਗੁਰੂ ਸਾਹਿਬ (ਸਤਿਗੁਰੂ ਪ੍ਰਤਾਪ ਸਿੰਘ) ਨੂੰ ਚਿਠੀ ਲਿਖੀ ਤੇ ਨਾਲ ਹੀ ਕਿਹਾ ਕਿ ਕਿਸੇ ਮਫਰੂਰ ਨੂੰ ਪਨਾਹ ਨਾ ਦਿਤੀ ਜਾਏ। ਨਾਮਧਾਰੀ ਸਿੰਘਾਂ ਸ੍ਰੀ ਸਤਿਗੁਰੂ ਜੀ ਦੀ ਰਹਿਨਮੁਾਈ ਹੇਠ ਖੁਲ੍ਹੀ ਫਿਜ਼ਾ ਵਿੱਚ ਸਾਹ ਲੈਣਾ ਸ਼ੁਰੂ ਕੀਤਾ।

ਅੰਗਰੇਜ਼ ਹਾਕਮਾਂ ਨੇ ਦੇਸ਼ ਭਗਤ ਪੱਖੀ ਹੋ ਜਾਣ ਕਰਕੇ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਨੂੰ ਬਰਤਰਫ਼ ਕੀਤਾ। ਸਰਕਾਰ ਨੇ ਜੈਤੋਂ ਗੰਗਸਰ ਗੁਰਦੁਆਰੇ ਰੱਖੇ ਅਖੰਡ ਪਾਠਾਂ ਵਿਚ ਵਿਘਨ ਪਾਇਆ ਤਾਂ ਸਿੱਖ ਭੜਕ ਪਏ। ਉਹਨਾਂ ਜੈਤੋਂ ਦਾ ਮੋਰਚਾ ਲਾ ਦਿਤਾ। ਨਾਭੇ ਦੇ ਰਾਜ ਪ੍ਰਬੰਧਕ ਐਮ. ਜੀ. ਉਗਲਵੀ ਨੇ ਨਾਮਧਾਰੀ ਸਿੱਖਾਂ ਨੂੰ ਹੋਰ ਸਿੱਖਾਂ ਤੋਂ ਤੋੜਨ ਲਈ ਗਵਰਨਰ ਪੰਜਾਬ ਦੇ ਮੁਖ ਸਕੱਤਰ ਨੂੰ 2 ਅਗਸਤ 1922 ਨੂੰ ਚਿੱਠੀ ਲਿਖੀ ਕਿ ਹਾਲੇ ਨਾਮਧਾਰੀ ਸਿੱਖਾਂ ਤੋਂ ਨਾਭੇ ਦੀ ਬੀੜ ਦੇ ਹਕ ਵਾਪਸ ਲੈਣ ਬਾਰੇ ਕੋਈ ਕਾਰਵਾਈ ਨਾ ਕੀਤੀ ਜਾਵੇ। ਹੋਇਆ ਵੀ ਇੰਝ ਹੀ। ਪਰ ਨਾਮਧਾਰੀ ਸਿੱਖ ਸਰਕਾਰ ਦੀਆਂ ਵਧੀਕੀਆਂ ਦੇ ਖਿਲਾਫ਼ ਡੱਟੇ ਰਹੇ। ਉਹਨਾਂ ਸਤਿਜੁਗ ਅਖਬਾਰ ਰਾਹੀਂ ਵੀ ਮਹਾਰਾਜਾ ਨਾਭਾ ਦੀ ਬਰਤਰਫ਼ੀ ਦੀ ਨਿਖੇਧੀ ਕੀਤੀ। ਜੈਤੋਂ ਦੇ ਮੋਰਚੇ ਲਈ ਹਮਦਰਦੀ ਪ੍ਰਗਟ ਕੀਤੀ ਤੇ ਗ੍ਰਿਫਤਾਰੀਆਂ ਦਿਤੀਆਂ। ਇਹਨਾਂ ਵਿਚ ਸੰਤ ਧਰਮ ਸਿੰਘ ਤੇ ਸੰਤ ਬੁਢਾ ਸਿੰਘ ਪਿੰਡ ਛੋਟੀ ਮੱਖੀ ਦੇ ਕੈਦ ਭੁਗਤਣ ਦਾ ਹਵਾਲਾ ਵੀ ਸਰਕਾਰੀ ਰਿਕਾਰਡ ਵਿਚ ਹੈ। ਨਾਮਧਾਰੀ ਦਰਬਾਰ ਨੇ ਮੋਰਚੇ ਦੇ ਹੱਕ ਵਿਚ ਮਤਾ ਪਾਸ ਕੀਤਾ। ਸ਼ਹੀਦੀ ਜਥਿਆਂ ਦੀ ਬਹਾਦਰੀ ਤੇ ਵਧਾਈ ਦਿਤੀ।

1923 ਵਿੱਚ ਸਤਿਗੁਰੂ ਜੀ ਨੇ ਵਿਆਹ ਕਾਰਜਾਂ ਵਿਚ ਸੁਧਾਰ ਲਈ ਮੰਗਣਾ ਬੰਦ ਕਰਨ ਦਾ ਹੁਕਮ ਕੀਤਾ। ਕੇਵਲ ਗੁਰ ਮਰਯਾਦਾ ਨਾਲ ਅਨੰਦ ਹੋਣਗੇ। ਦਾਜ ਦਹੇਜ



Namdhari Elibrary NamdhariElibrary@gmail.com

ਪਹਿਲਾਂ ਹੀ ਬੰਦ ਸੀ।

ਇਸੇ ਵਰ੍ਹੇ ਮਾਤਾ ਭੁਪਿੰਦਰ ਕੌਰ ਨੇ ਇਕ ਹੋਰ ਬਾਲ ਨੂੰ ਜਨਮ ਦਿਤਾ। ਜਿਸ ਦਾ ਨਾਂ ਬੀਰ ਸਿੰਘ ਰਖਿਆ ਗਿਆ। ਮਾਤਾ ਜੀ ਦਾ ਸਰੀਰ ਟੀ. ਬੀ. ਕਾਰਨ ਢਿੱਲਾ ਪੈਣ ਲੱਗਾ ਤੇ 14 ਸਤੰਬਰ 1924 ਈ. ਨੂੰ ਉਹ ਪੰਜ ਭੂਤਕ ਸਰੀਰ ਨੂੰ ਛੱਡ ਗਏ।

ਦੇਸ਼ ਦੀ ਆਜ਼ਾਦੀ, ਸਤਿਗੁਰੂ ਰਾਮ ਸਿੰਘ ਜੀ ਦੀ ਭਾਲ ਤੇ ਭਜਨ ਬੰਦਗੀ ਲਈ ਇਕਾਂਤ ਇੱਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਚੁਪ ਕਰਕੇ ਹੀ ਕਮਰ ਕੱਸੇ ਕਰ ਲਏ। ਆਪ ਦੀ ਵਿਉਂਤ ਰੂਸ ਦੇ ਬਾਦਸ਼ਾਹ ਦੇ ਜਵਾਈ ਰੌਰਿਕ ਨੂੰ ਦਰੇ ਰੋਹਤਾਂਗ ਪਾਸ ਉਸ ਦੀ ਬਗੀਚੀ ਵਿਚ ਮਿਲਣ ਦੀ ਸੀ। ਫਿਰ ਆਪ ਚੀਨ ਦੇ ਰਸਤੇ ਰੂਸ ਪੁੱਜਣਾ ਚਾਹੁੰਦੇ ਸਨ। ਪਰ ਹਾਲਾਤ ਸਾਜਗਾਰ ਨਾ ਹੋਣ ਕਰਕੇ ਆਪ ਨੀਲੋਂ ਨਹਿਰ (ਨਹਿਰ ਸਰਹੰਦ) ਦੇ ਕੰਢੇ ਆਪਣੇ ਤਪ ਅਸਥਾਨ ਤੇ ਹੀ ਤਪ ਕਰਨ ਲਈ ਭਜਨ ਬੰਦਗੀ ਕਰਨ ਲਗ ਪਏ।

1925 ਈਸਵੀ ਵਿਚ ਅੰਗਰੇਜ਼ਾਂ ਵਿਰੁਧ ਪੰਜਾਬ ਕਾਂਗਰਸ ਨੇ ਬ੍ਰੈਡਲਾ ਹਾਲ ਲਾਹੌਰ ਤੋਂ ਮੋਰਚਾ ਲਾਇਆ। ਇਸ ਵਿਚ ਸੰਤ ਨਿਧਾਨ ਸਿੰਘ ਆਲਿਮ, ਸੰਤ ਮੰਗਲ ਸਿੰਘ, ਪੰਡਤ ਮਨਸ਼ਾ ਸਿੰਘ ਆਦਿ ਨੇ ਅਗਵਾਈ ਕੀਤੀ ਤੇ ਗ੍ਰਿਫ਼ਤਾਰੀਆਂ ਦਿਤੀਆਂ।

ਸ੍ਰੀ ਮਹਾਰਾਜ ਗੁਰਦਿਆਲ ਸਿੰਘ ਨੇ ਉਸ ਵਿਚ ਹਿੱਸਾ ਲਿਆ। ਸ਼ਾਨਾਂਮੱਤੇ ਨਾਮਧਾਰੀ ਇਤਿਹਾਸ ਬਾਰੇ 50 ਸਾਲਾਂ ਤੋਂ ਸਰਕਾਰ ਵਲੋਂ ਬਿਠਾਈ ਪੁਲਿਸ ਚੌਂਕੀ ਦੀ ਜ਼ਿਆਦਤੀ ਪੱਖੋਂ ਤੇ ਨਾਮਧਾਰੀ ਸਿੱਖਾਂ ਉਤੇ ਹੋ ਰਹੇ ਜ਼ੁਲਮ ਬਾਰੇ ਬੜੇ ਖੁਲ੍ਹ ਕੇ ਪ੍ਰਭਾਵਸ਼ਾਲੀ ਤਰੀਕੇ ਨਾਲ ਤਕਰੀਰ ਕੀਤੀ।

1927 ਵਿਚ ਸ੍ਰੀ ਸਤਿਗੁਰੂ ਜੀ ਨੇ ਮਲੇਰਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਕਾਨਫ਼ਰੰਸ ਕੀਤੀ। ਜਿਥੇ ਮਹਾਰਾਜ ਗੁਰਦਿਆਲ ਸਿੰਘ ਤੇ ਹੋਰ ਆਗੂਆਂ ਨੇ ਸਰਕਾਰ ਦੀਆਂ ਕੂਟਨੀਤੀਆਂ ਤੇ ਬਦ-ਨੀਤੀਆਂ ਬਾਰੇ ਪ੍ਰਚਾਰ ਕੀਤਾ ਤੇ ਅਜ਼ਾਦੀ ਲਈ ਸਰੋਤਿਆਂ ਦੀ ਭਾਵਨਾ ਨੂੰ ਹੋਰ ਉਜਾਗਰ ਕੀਤਾ।

ਇੱਕ ਸਾਲ ਛੱਡ ਕੇ 1929 ਵਿੱਚ ਕਾਂਗਰਸ ਨੇ ਲਾਹੌਰ ਪੂਰਨ ਸੁਤੰਤਰਤਾ ਦਾ ਮਤਾ ਪਾਸ ਕਰਨ ਲਈ 29 ਤੋਂ 31 ਦਸੰਬਰ ਦਾ ਸੈਸ਼ਨ ਰਖਿਆ ਸੀ। ਮਹਾਰਾਜ ਗੁਰਦਿਆਲ ਸਿੰਘ ਕੁਝ ਦਿਨ ਪਹਿਲੇ ਚੜ੍ਹਾਈ ਕਰ ਚੁਕੇ ਸਨ। ਸੋ ਹੁਕਮ ਅਨੁਸਾਰ ਮਹਾਰਾਜ ਨਿਹਾਲ ਸਿੰਘ ਨੂੰ ਨਾਮਧਾਰੀ ਦਰਬਾਰ ਦਾ ਪ੍ਰਧਾਨ ਬਣਾਇਆ ਗਿਆ। ਉਹ ਅਗਵਾਈ ਦੇਣ ਲਗੇ। ਕਾਂਗਰਸ ਦੇ ਸੈਸ਼ਨ ਵਿਚ ਸਿੱਖ ਦੋ ਧੜਿਆਂ ਵਿਚ ਵੰਡੇ ਗਏ ਸਨ। ਨਾਮਧਾਰੀ ਸਿੱਖ ਅਤੇ ਗੁਰਮੁਖ ਸਿੰਘ ਚਮਕ, ਮਾਸਟਰ ਤਾਰਾ ਸਿੰਘ, ਸਰਦੂਲ ਸਿੰਘ ਕਵੀਸ਼ਰ, ਬਾਬਾ ਗੁਰਦਿਤ ਸਿੰਘ ਆਦਿ ਅਸਲੀ ਆਗੂ ਤਾਂ ਕਾਂਗਰਸ ਨਾਲ ਧਿਰ ਬਣ ਕੇ ਖੜ੍ਹੇ ਹੋ ਗਏ। ਪਰ ਬਾਬਾ ਖੜਕ ਸਿੰਘ ਇਸ ਦੇ ਵਿਰੋਧ ਵਿਚ ਖੜ੍ਹੇ ਹੋ ਗਏ। ਉਹਨਾਂ ਐਲਾਨ ਕਰ ਦਿਤਾ ਕਿ ਜੋ ਕਾਂਗਰਸ ਦੇ ਸੈਸ਼ਨ ਵਿਚ ਜਾਏਗਾ ਉਹ ਸਿੱਖ ਨਹੀਂ। ਪਿੰਡਾਂ ਵਿਚੋਂ ਲਾਹੌਰ ਆਏ 70, 75 ਹਜ਼ਾਰ ਸਿੱਖ ਦੁਚਿਤੀ ਵਿਚ ਪੈ ਗਏ। ਪਰ ਬਾਬਾ ਗੁਰਦਿੱਤ ਸਿੰਘ ਆਦਿ ਹੋਕਾ ਦਿਵਾ ਦਿਤਾ ਕਿ ਜੋ ਇਸ ਸਮਾਗਮ ਵਿਚ ਹਿੱਸਾ ਨਾ ਲਵੇਗਾ ਉਹ ਸਿੱਖ ਨਹੀਂ। ਇਹਨਾਂ ਸਾਰਿਆਂ ਦੇ ਲੰਗਰ ਦਾ ਪ੍ਰਬੰਧ ਮਾਤਾ ਜੀਵਨ ਕੌਰ ਨੇ ਹੁਕਮ ਅਨੁਸਾਰ ਨਾਮਧਾਰੀ ਪੰਥ ਵਲੋਂ ਕੀਤਾ। ਲਾਹੌਰ ਪਹੁੰਚਣ ਤੇ ਪੰਡਤ ਜਵਾਹਰ ਲਾਲ



Namdhari Elibrary NamdhariElibrary@gmail.com

ਨਹਿਰੂ ਦੀ ਮਹਾਰਾਜ ਨਿਹਾਲ ਸਿੰਘ, ਮੰਗਲ ਸਿੰਘ ਅਰਸ਼ੀ ਫਰਿਸ਼ਤਾ, ਸ. ਆਤਮਾ ਸਿੰਘ ਤੇ ਸ. ਦਇਆ ਸਿੰਘ ਆਦਿ ਨੇ ਸੌ ਘੋੜਿਆਂ ਤੇ ਸਵਾਰ ਹੰਸਾਂ ਦੇ ਬਾਣੇ ਵਿੱਚ ਨਾਮਧਾਰੀ ਸਿੰਘਾਂ ਅਗਵਾਈ ਕੀਤੀ। ਇਥੇ ਪੂਰਨ ਸੁਤੰਤਰਤਾ ਦਾ ਮਤਾ ਸਰਬ ਸੰਮਤੀ ਨਾਲ ਪਾਸ ਹੋਇਆ। ਇਹਨਾਂ ਦਿਨਾਂ ਵਿਚ ਹੀ ਕੂਕਾ ਕਾਂਗਰਸ ਦਲ ਹੋਂਦ ਵਿਚ ਆਇਆ। ਸ੍ਰੀ ਭੈਣੀ ਸਾਹਿਬ ਤੋਂ ਪ੍ਰਕਾਸ਼ਿਤ ਹੋਣ ਵਾਲੇ ਸਤਿਜੁਗ ਸਪਤਾਹਿਕ ਵਿੱਚ ਇਸ ਸੈਸ਼ਨ ਦਾ ਵੇਰਵਾ ਤੇ ਖਬਰਾਂ ਛਾਪੀਆਂ ਗਈਆਂ।

ਇਸ ਬਾਅਦ ਬਰਤਾਨਵੀ ਹਾਕਮਾਂ ਖਿਲਾਫ ਸੰਘਰਸ਼ ਤੇਜ਼ ਹੋ ਗਿਆ ਤੇ ਸਰਕਾਰ ਵੀ ਚੌਕੰਨੀ ਹੋ ਗਈ। ਉਹ ਉਸ ਖਿਲਾਫ ਬੋਲਣ ਵਾਲੇ ਹਰ ਆਗੂ ਨੂੰ ਜੇਲ੍ਹ ਦੀ ਸਜ਼ਾ ਦਿੰਦੀ। ਬ੍ਰੈਡਲਾ ਹਾਲ ਲਾਹੌਰ ਕਾਂਗਰਸ ਦੀਆਂ ਸਰਗਰਮੀਆਂ ਦਾ ਕੇਂਦਰ ਸੀ। ਇਥੋਂ ਦੇਸ਼ ਭਗਤ ਸਤਿਆਗ੍ਰਹਿ ਕਰਕੇ ਜੇਲ੍ਹ ਜਾਣ ਲਗੇ। ਪੰਡਤ ਮਨਸ਼ਾ ਸਿੰਘ ਦੀ ਪ੍ਰੇਰਨਾ ਨਾਲ ਲਾਹੌਰ ਦੀਆਂ ਸੜਕਾਂ ਤੇ ਢੋਲਕੀ ਛੈਣਿਆਂ ਨਾਲ ਇਹ ਧਾਰਨ ਪੜ੍ਹਦਾ ਜਥਾ :

*ਹੁਣ ਚੁਕ ਲੈ ਫਰੰਗੀਆ ਡੇਰਾ ਤੂੰ ਕਰ ਲਿਆ ਰਾਜ ਬਥੇਰਾ।*

ਨਾਮਧਾਰੀ ਸਿੰਘਾਂ ਦੀ ਦੇਸ਼ ਭਗਤੀ, ਨਿਰਭੈਤਾ ਤੇ ਤਿਆਗ ਦਾ ਪ੍ਰਤੀਕ ਸੀ। ਕ੍ਰਾਂਤੀ ਤੇ ਦੇਸ਼ ਭਗਤੀ ਨੂੰ ਜਨੂੰਨ ਦੀ ਹੱਦ ਤਕ ਧਾਰਨ ਵਾਲੇ ਸ਼ਹੀਦ ਭਗਤ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਪੰਥ ਤੋਂ ਪ੍ਰਭਾਵਿਤ ਸਨ। ਉਹਨਾਂ ਨੇ ਲਿਖਿਆ ਇਸ ਪੰਥ ਨਾਲ ਨਿਆਂ ਨਹੀਂ ਹੋਇਆ ਅਤੇ ਗੁਰੂ ਰਾਮ ਸਿੰਘ ਜੀ ਦੀ ਤਸਵੀਰ ਛਾਪ ਕੇ ਵੰਡੀ ਜਾਏ ਪ੍ਰੇਰਨਾ ਲਈ। ਉਹਨਾਂ ਦੇ 1931 ਵਿਚ ਸ਼ਹੀਦ ਹੋਣ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਦੇ ਪਰਵਾਰ ਨੂੰ ਹੌਂਸਲਾ ਦੇਣ ਲਈ ਸੰਤ ਮੰਗਲ ਸਿੰਘ ਨੂੰ ਭੇਜਿਆ ਜੋ ਉਹਨਾਂ ਘਰ ਕਈ ਦਿਨ ਰਹੇ। ਉਹ ਸ਼ਹੀਦਾਂ ਦੀਆਂ ਗਾਥਾਵਾਂ ਕਰਦੇ ਰਹੇ।

ਗੁਰਮਤ ਸੰਗੀਤ ਤੇ ਤੰਤੀ ਸਾਜਾਂ ਦੀ ਕਲਾਕਾਰੀ ਨੂੰ ਪ੍ਰੋਤਸਾਹਿਤ ਕਰਨ ਲਈ ਸਤਿਗੁਰੂ ਜੀ ਨੇ 1933 ਈ. ਦੇ ਅੱਸੂ ਦੇ ਮੇਲੇ ਸਮੇਂ ਸੰਗੀਤ ਸੰਮੇਲਨ ਰਖਿਆ। ਇਸ ਵਿਚ ਜੱਜਾਂ ਵਿਚ ਭਾਈ ਕਾਨ੍ਹ ਸਿੰਘ ਨਾਭਾ ਸਨ ਤੇ ਮਹੱਤਵਪੂਰਨ ਵਿਅਕਤੀਆਂ ਵਿਚ ਬਾਬਾ ਸਾਵਣ ਸਿੰਘ ਰਾਧਾ ਸੁਆਮੀ ਬਿਆਸ, ਸ੍ਰੀ ਸਾਹਿਬ ਮਹਾਰਾਜ ਜੀ ਦਿਆਲ ਬਾਗ਼ ਆਗਰਾ, ਸ. ਤਾਰਾ ਸਿੰਘ, ਭਾਈ ਅਰਜਨ ਸਿੰਘ ਬਾਗੜੀਆਂ ਸ. ਜੋਗਿੰਦਰ ਸਿੰਘ, ਡਾ. ਗੋਕਲ ਚੰਦ ਨਾਰੰਗ, ਪ੍ਰਿੰ. ਗੰਗਾ ਸਿੰਘ ਆਦਿ।

ਏਸੇ ਸਾਲ ਆਪ ਨੇ ਨਵੰਬਰ ਵਿਚ ਸਿਆਮ (ਥਾਈਲੈਂਡ) ਦੇ ਦੌਰੇ ਲਈ ਸਿਖਾਂ, ਸੇਵਕਾਂ, ਰਾਗੀਆਂ ਸਹਿਤ ਕਮਰਕੱਸੇ ਕੀਤੇ। ਕਲਕਤੇ ਪੜਾਅ ਕਰਨ ਸਮੇਂ ਆਪ ਨੇ ਸਿਖਾਂ ਦੇ ਦੋ ਧੜਿਆਂ ਵਿਚ ਏਕਤਾ ਕਰਵਾਈ। ਉਥੋਂ ਆਪ ਸਮੁੰਦਰੀ ਜਹਾਜ ਰਾਹੀ ਰੰਗੂਨ ਪੁਜੇ ਤੇ ਸਤਿਗੁਰੂ ਰਾਮ ਸਿੰਘ ਦੇ ਨਜ਼ਰਬੰਦੀ ਵਾਲੇ ਬੰਗਲੇ ਦੇ ਦਰਸ਼ਨ ਕਰਕੇ ਸਭ ਵੈਰਾਗੀ ਹੋ ਗਏ। ਏਥੇ ਸਿੱਖਾਂ ਦੇ ਗੁਰਦੁਆਰੇ ਨੂੰ ਫੌਜੀਆਂ ਤੇ ਆਮ ਨਾਗਰਿਕਾਂ ਵਿਚ ਮੱਤਭੇਦ ਕਾਰਨ ਜੰਦਰਾ ਲਗਾ ਹੋਇਆ ਸੀ। ਆਪ ਜੀ ਨੇ ਉਹਨਾਂ ਵਿਚ ਏਕਤਾ ਕਰਵਾ ਕੇ ਗੁਰਦੁਆਰੇ ਸੰਗਤ ਦੇ ਆਉਣ ਦਾ ਰਾਹ ਖੋਲ੍ਹਿਆ। ਜਦ ਆਪ ਉਥੋਂ ਚੰਗਮਈ ਪਹੁੰਚੇ ਤਾਂ ਉਥੇ ਨਾਮਧਾਰੀ ਗ਼ੈਰ-ਨਾਮਧਾਰੀ ਸਿੱਖਾਂ, ਹਿੰਦੂ, ਮੁਸਲਮਾਨਾਂ ਨੇ ਆਪ ਦਾ ਸੁਆਗਤ ਸਤਿਕਾਰ ਕੀਤਾ। ਬੈਂਕਾਕ ਆਪ ਜੀ ਦੇ ਦਰਸ਼ਨ ਪਰਸਨ ਲਈ ਸਿੰਘ ਸਭਾ, ਹਿੰਦੂ ਮਹਾ ਸਭਾ, ਸਨਾਤਨ ਧਰਮ, ਆਰੀਆ ਸਮਾਜ, ਜਮਾਤ-ਉਲ-ਇਸਲਾਮ, ਇੰਡੀਅਨ ਚੈਂਬਰ ਆਫ ਕਾਮਰਸ ਸਭ ਦੇ ਆਗੂ ਪਹੁੰਚੇ। ਸੌ ਕਾਰਾਂ ਦਾ ਅਗਵਾਈ ਕਰਨ ਵਾਲਾ ਕਾਫਲਾ ਸੀ।



Namdhari Elibrary NamdhariElibrary@gmail.com

ਸਿੱਖਾਂ ਦੇ ਆਪਸੀ ਮਤਭੇਦ ਦੂਰ ਕਰਨ ਲਈ ਸ੍ਰੀ ਸਤਿਗੁਰੂ ਜੀ ਨੇ 14-15 ਅਕਤੂਬਰ 1934 ਨੂੰ ਸ੍ਰੀ ਭੈਣੀ ਸਾਹਿਬ ਵਿਚ ਗੁਰੂ ਨਾਨਕ ਨਾਮ ਲੇਵਾ ਸਰਬ ਸੰਪਰਦਾਇ ਕਾਨਫੰਰਸ ਕੀਤੀ। ਇਸ ਵਿੱਚ ਕਈਆਂ ਨੇ ਸ਼ਰਤ ਰੱਖੀ ਜੇ ਬਾਰਾਂ ਪਾਤਸ਼ਾਹੀਆਂ ਦਾ ਅਰਦਾਸਾ ਹੋਇਆ ਤਾਂ ਨਹੀਂ ਆਵਾਂਗੇ। ਸਤਿਗੁਰੂ ਜੀ ਨੇ ਏਕਤਾ ਲਈ ਦਸ ਪਾਤਸ਼ਾਹੀਆਂ ਦੀ ਅਰਦਾਸ ਕਰਨ ਦੀ ਪ੍ਰਵਾਨਗੀ ਦਿਤੀ। ਕਾਨਫ਼ਰੰਸ ਵਿਚ ਭਾਈ ਅਰਜਨ ਸਿੰਘ ਬਾਗੜੀਆਂ ਅਰਦਾਸਾ ਕਰਦੇ ਰਹੇ। ਪਰ ਆਸਾ ਦੀ ਵਾਰ ਦਾ ਅਰਦਾਸਾ ਬਾਰਾਂ ਪਾਤਸ਼ਾਹੀਆਂ ਦਾ ਹੁੰਦਾ ਰਿਹਾ। ਇਸ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਮੰਨਣ ਵਾਲੇ ਹਰ ਮੰਡਲ, ਪੰਥ, ਸਭਾ, ਤਖਤਾਂ ਦੇ ਜਥੇਦਾਰ ਪੁਜੇ ਤੇ ਨਿਰਨਾ ਲਿਆ- ਗੁਰਬਾਣੀ ਦਾ ਪ੍ਰਚਾਰ ਹੋਵੇ, ਖੰਡਨ ਨਹੀਂ ਮੰਡਨ ਰੂਪ ਵਿਚ ਸਭ ਪ੍ਰਚਾਰ ਕਰਨ। ਏਕਤਾ ਹੋਵੇ, ਜੇ ਕਿਤੇ ਮੁਕੱਦਮੇ ਹਨ ਤਾਂ ਆਪਸ ਵਿਚ ਬੈਠ ਕੇ ਨਬੇੜੇ ਜਾਣ। ਇੱਕ ਕਾਰਜਕਾਰਨੀ ਬਣੀ ਜਿਸ ਦੇ ਕਨਵੀਨਰ ਸ. ਗੁਰਮੁਖ ਸਿੰਘ ਮੁਸਾਫਰ ਬਣਾਏ ਗਏ। ਕਾਨਫ਼ਰੰਸ ਦਾ ਅਗਲਾ ਇਜਲਾਸ 19-22 ਅਪ੍ਰੈਲ 1935 ਨੂੰ ਗੁਜਰਾਂਵਾਲੇ ਹੋਇਆ।ਏਸੇ ਸਾਲ ਜਪ-ਪ੍ਰਯੋਗ ਦੇ ਭੋਗ ਸਮੇਂ ਭਵਿਖਤ ਵਿਚ ਬੱਚਿਆਂ ਦੇ ਅਨੰਦ ਕਾਰਜ ਮੇਲਿਆਂ ਸਮੇਂ ਕਰਨ ਦਾ ਹੁਕਮ ਹੋਇਆ।

ਸਰਕਾਰ ਦੇ ਅਨੁਕੂਲ ਨਾ ਲਿਖਣ ਤੇ ਸਹੀ ਸਹੀ ਨਾਮਧਾਰੀ ਇਤਿਹਾਸ ਪੇਸ਼ ਕਰਨ ਕਰਕੇ 1936 ਈ. ਦਾ ਸਤਿਜੁਗ ਦਾ ਬਸੰਤ ਅੰਕ ਤੇ ਸੰਤ ਖਾਲਸਾ ਕਾਵਿ ਪੁਸਤਕ ਜ਼ਬਤ ਕਰ ਲਏ ਗਏ।

1937 ਵਿੱਚ ਦੇਸ਼ ਦੇ ਸੂਬਿਆਂ ਵਿੱਚ ਚੋਣਾਂ ਹੋਈਆਂ। ਨਾਮਧਾਰੀ ਸਿੱਖਾਂ ਨੇ ਹੁਕਮ ਅਨੁਸਾਰ ਵੋਟਾਂ ਪਾਈਆਂ। ਪਰ ਚੋਣ ਨਤੀਜਿਆਂ ਤੋਂ ਬਾਅਦ ਬਣੀ ਸਥਿਤੀ ਅਨੁਸਾਰ ਸੰਘਰਸ਼ ਵਿਚ ਕਾਂਗਰਸ ਦਾ ਸਾਥ ਦੇਣ ਦਾ ਨਿਰਨਾ ਹੋਇਆ। ਸੱਜਿਓਂ ਜਾਂ ਖੱਬਿਓਂ ਪ੍ਰਕਰਮਾ ਕਰਨ ਬਾਰੇ ਵੀ ਮਤਭੇਦ ਸੀ। ਹੁਕਮ ਹੋਇਆ ਕਿ ਪ੍ਰਕਰਮਾ ਸੱਜਿਓਂ ਖੱਬੇ ਕਰਨੀ ਤਰਕ ਸੰਗਤ ਤੇ ਉਚਿਤ ਹੈ।

ਏਸੇ ਵਰ੍ਹੇ ਸਰਕਾਰ ਨੇ ਲਾਹੌਰ ਮਸ਼ੀਨੀ ਬੁਚੜਖਾਨਾ ਲਾਉਣ ਦੀ ਸਿਫਾਰਸ਼ ਪੰਜਾਬ ਸਰਕਾਰ ਵਲੋਂ ਕੇਂਦਰ ਨੂੰ ਭੇਜੀ। ਏਥੇ ਇਕ ਹਜ਼ਾਰ ਤੋਂ ਵੱਧ ਪਸ਼ੂ ਰੋਜ਼ਾਨਾ ਮਸ਼ੀਨਾਂ ਨਾਲ ਜ਼ਿਬਾਹ ਕਰਨੇ ਸਨ।

ਇਸ ਨੂੰ ਰੋਕਣ ਲਈ ਸਤਿਗੁਰੂ ਜੀ ਨੇ ਅਧਿਆਤਮਿਕ ਸ਼ਕਤੀ ਵਰਤੀ। 500 ਸਿੰਘਾਂ ਨੂੰ 9-18 ਸਤੰਬਰ 1937 ਨੂੰ ਸ੍ਰੀ ਭੈਣੀ ਸਾਹਿਬ ਚੰਡੀ ਦੀ ਵਾਰ ਦਾ ਲਗਾਤਾਰ ਹਵਨ ਯਗ ਕਰਨ ਲਾਇਆ। ਵੱਡੇ ਹਵਨ ਕੁੰਡ ਵਿਚ ਧਾਰ ਬੰਨ੍ਹ ਕੇ ਘਿਓ ਦੀ ਆਹੂਤੀ ਦਿਤੀ ਜਾਂਦੀ ਰਹੀ। ਸਾਧ ਸੰਗਤ ਨੇ ਪੂਰਨ ਸੁੱਚ ਸੋਧ ਮਰਯਾਦਾ ਵਿਚ ਰਹਿ ਕੇ 1 ਲੱਖ 27 ਹਜ਼ਾਰ ਪਾਠ ਕੀਤੇ। ਕੁਦਰਤੀ ਗਲ ਹੈ ਇਸ ਦਾ ਸੇਕ ਸਰਕਾਰ ਤਕ ਵੀ ਪਹੁੰਚਿਆ। ਉਸ ਨੂੰ ਨਾਮਧਾਰੀ ਸਿਖਾਂ ਦੇ ਰਾਜ ਰਿਸ਼ੀ ਹੋਣ ਦੇ ਨਾਲ-ਨਾਲ ਸਿਰਲੱਥ ਸੂਰੇ ਹੋਣ ਦੇ ਸੁਭਾ ਦਾ ਪਤਾ ਹੀ ਸੀ। ਸੋ ਉਹਨਾਂ ਬੁਚੜਖਾਨਾ ਨਾ ਖੋਲ੍ਹਣ ਦਾ ਐਲਾਨ ਕਰ ਦਿਤਾ। ਸਾਧ ਸੰਗਤ ਨੇ ਖ਼ੁਸ਼ੀਆਂ ਮਨਾਈਆਂ।

1938 ਵਿਚ ਅੰਗਰੇਜ਼ਾਂ ਦੀ ਸ਼ਹਿ ਤੇ ਮੁਸਲਮਾਨਾਂ ਨੇ ਸ਼ਹੀਦ ਗੰਜ ਲਾਹੌਰ ਦਾ ਝਗੜਾ ਛੇੜਿਆ। ਇਸ ਵਿਚ ਸਮੂਹ ਨਾਮਧਾਰੀ ਸਿੱਖਾਂ ਨੂੰ ਪੰਥ ਨਾਲ ਖਲੋਣ ਦਾ ਹੁਕਮ



Namdhari Elibrary NamdhariElibrary@gmail.com

ਹੋਇਆ। ਜਨਵਰੀ 1938 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਨ। ਸਤਿਜੁਗ ਵਿਚ ਛਾਪਿਆ ਗਿਆ ਕਿ ਕੋਸ਼ਿਸ਼ ਕਰੋ ਕਿ ਇਲਾਕਿਆਂ ਦੇ ਉਮੀਦਵਾਰਾਂ ਵਿੱਚ ਸਮਝੌਤਾ ਹੋ ਜਾਵੇ ਪਰ ਜੇ ਨਾ ਹੋ ਸਕੇ ਤਾਂ ਅਕਾਲੀ ਪਾਰਟੀ ਦੇ ਉਮੀਦਵਾਰ ਦੇ ਜਿੱਤਣ ਵਿੱਚ ਹਰ ਮਦਦ ਕੀਤੀ ਜਾਵੇ।

17 ਫਰਵਰੀ 1939 ਨੂੰ ਲੁਧਿਆਣੇ ਸਟੇਟ ਪੀਪਲਜ਼ ਕਾਨਫਰੰਸ ਕੀਤੀ ਗਈ। ਇਸ ਵਿਚ ਜਲੂਸ ਵਿਚ ਘੋੜਿਆਂ ਉਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਸ੍ਰੀ ਸਤਿਗੁਰੂ ਜੀ ਨਾਲ ਅਗਵਾਈ ਕੀਤੀ। ਇਸ ਵਿਚ ਮਾ. ਤਾਰਾ ਸਿੰਘ, ਡਾ. ਸੈਫੂਦੀਨ ਕਿਚਲੂ, ਡਾ. ਪਟਾਭਿਸੀਤਾ ਰਮਈਆ ਆਦਿ ਨੇ ਵੱਧ ਚੜ੍ਹ ਕੇ ਹਿਸਾ ਲਿਆ। ਇਸ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਨਾਮਧਾਰੀ ਸਿਖ ਬਹੁਤ ਸਰਗਰਮ ਸਨ। ਅਗਲੇ ਦਿਨ ਸ੍ਰੀ ਸਤਿਗੁਰੂ ਜੀ ਦੇ ਸੱਦੇ ਤੇ ਸਾਰੇ ਆਗੂ ਸ੍ਰੀ ਭੈਣੀ ਸਾਹਿਬ ਪਧਾਰੇ। ਏਥੇ ਸ. ਆਤਮਾ ਸਿੰਘ, ਸ. ਦਇਆ ਸਿੰਘ, ਸੰਤ ਨਿਧਾਨ ਸਿੰਘ ਆਲਿਮ, ਸੰਤ ਇੰਦਰ ਸਿੰਘ ਚਕਰਵਰਤੀ ਆਦਿ ਨੇ ਉਹਨਾਂ ਦੀ ਅਗਵਾਈ ਕੀਤੀ। ਉਹਨਾਂ ਨੂੰ ਇਤਿਹਾਸਕ ਥਾਵਾਂ ਕ੍ਰਾਂਤੀ ਮੰਦਰ, ਲੋਹ ਲੰਗਰ, ਅਕਾਲ ਬੁੰਗਾ ਆਦਿ ਤੇ ਨਾਮਧਾਰੀ ਇਤਿਹਾਸ ਬਾਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਜਾਣਕਾਰੀ ਦਿਤੀ ਗਈ। ਪੰਡਿਤ ਨਹਿਰੂ ਤੇ ਕਈਆਂ ਨੇ ਸਰਕਾਰ ਦੀਆਂ ਜ਼ਿਆਦਤੀਆਂ ਤੇ ਹਉਕਾ ਭਰਿਆ। ਇਕ ਸੁਆਗਤੀ ਸਭਾ ਕੀਤੀ ਗਈ ਜਿਸ ਵਿਚ ਆਲਿਮ ਜੀ ਨੇ ਮਾਣ ਪੱਤਰ ਪੜ੍ਹਿਆ।

ਦੂਜਾ ਵਿਸ਼ਵ ਯੁੱਧ ਸ਼ੁਰੂ ਹੋ ਚੁਕਾ ਸੀ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਕੋਈ ਨਾਮਧਾਰੀ ਫੌਜ ਵਿਚ ਭਰਤੀ ਨਾ ਹੋਵੇ ਤੇ ਨਾ ਹੀ ਸਰਕਾਰ ਦੀ ਮਦਦ ਕੀਤੀ ਜਾਵੇ।

ਸਰਕਾਰ ਨੇ ਦੇਸ਼ ਭਗਤ ਨੇਤਾਵਾਂ ਨੂੰ ਫੜਨ ਫੜਾਉਣ ਦਾ ਚੱਕਰ ਚਲਾਇਆ ਹੋਇਆ ਸੀ। ਤੇਜਾ ਸਿੰਘ ਸੁਤੰਤਰ, ਸੋਹਨ ਸਿੰਘ ਜੋਸ਼, ਰਤਨ ਸਿੰਘ, ਕਿਸ਼ਨ ਸਿੰਘ, ਮਾਸਟਰ ਮੋਤਾ ਸਿੰਘ ਆਦਿ ਰੂਹ ਪੋਸ਼ ਰਹਿਣ ਸਮੇਂ ਸ੍ਰੀ ਸਤਿਗੁਰੂ ਜੀ ਤੋਂ ਪਨਾਹ ਤੇ ਸਹਾਇਤਾ ਲੈਂਦੇ ਰਹੇ।

ਨੇਤਾ ਜੀ ਸੁਭਾਸ਼ ਚੰਦਰ ਬੋਸ ਰੂਹ ਪੋਸ਼ ਹੋ ਕੇ ਜਪਾਨ ਗਏ। ਉਹਨਾਂ ਆਜ਼ਾਦ ਹਿੰਦ ਫੌਜ ਬਣਾਈ। ਜਦ ਉਹਨਾਂ ਸਿਆਮ (ਥਾਈਲੈਂਡ) ਨੂੰ ਕੇਂਦਰ ਬਣਾਇਆ ਤਾਂ ਏਥੇ ਸੇਠ ਫੂਲਾ ਸਿੰਘ ਦੇ ਲੜਕੇ ਸੇਠ ਗੁਰਬਖਸ਼ ਸਿੰਘ ਪ੍ਰੀਤਮ ਨੇ ਸਪਲਾਈ ਸਕੱਤਰ ਦੀ ਜ਼ੁੰਮੇਵਾਰੀ ਸੰਭਾਲੀ। ਸੇਠ ਤਰਲੋਕ ਸਿੰਘ ਉਹਨਾਂ ਦੇ ਡ੍ਰਾਈਵਰ ਰਹੇ।

1942 ਵਿਚ ਦੇਸ਼ ਕਈ ਵਿਚਾਰਧਾਰਕ ਤਬਦੀਲੀਆਂ ਵਿਚੋਂ ਲੰਘ ਰਿਹਾ ਸੀ। ਮਹਾਤਮਾ ਗਾਂਧੀ ਨੇ ਅੰਗਰੇਜੋ ਭਾਰਤ ਛੱਡੋ ਦਾ ਨਾਅਰਾ ਦਿਤਾ।

ਸਤਿਗੁਰੂ ਜੀ ਨੇ ਮਾਤ ਭਾਸ਼ਾ ਪੰਜਾਬੀ ਦੀ ਤਰੱਕੀ ਬਾਰੇ ਚਰਚਾ ਲਈ ਸ਼ਿਮਲੇ ਪੰਜਾਬੀ ਕਾਨਫਰੰਸ ਰਖੀ। ਇਸ ਦੇ ਪ੍ਰਧਾਨ ਭਾਈ ਅਰਜਨ ਸਿੰਘ ਬਾਗੜੀਆਂ ਤੇ ਸਕੱਤਰ ਪ੍ਰੋ. ਅਬਦੁਲ ਮਜੀਦ ਬਣਾਏ ਗਏ। ਇਸ ਵਿਚ ਦਿੱਲੀ ਤੇ ਲਾਹੌਰ ਰੇਡੀਓ ਸਟੇਸ਼ਨਾਂ ਤੇ ਪੰਜਾਬੀ ਦੇ ਪ੍ਰਸਾਰਣ ਤੇ ਯੂਨੀਵਰਸਿਟੀ ਪੱਧਰ ਤਕ ਪੰਜਾਬੀ ਲਾਗੂ ਕਰਨ ਦੇ ਮਤੇ ਪਾਸ ਹੋਏ। 9 ਮਾਰਚ 1943 ਨੂੰ ਮਾਤਾ ਜੀਵਨ ਕੌਰ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਉਹਨਾਂ ਲਈ ਹਰ ਅੱਖ ਸਜਲ ਹੋਈ।

1943 ਦੇ ਹੋਲੇ ਸਮੇਂ 20 ਮਾਰਚ ਨੂੰ ਸ੍ਰੀ ਸਤਿਗੁਰੂ ਜੀ ਨੇ ਹਿੰਦੂ ਸਿਖ ਮਿਲਾਪ



Namdhari Elibrary NamdhariElibrary@gmail.com

ਕਾਨਫੰਰਸ ਕੀਤੀ। ਇਸ ਵਿਚ ਮੇਲ ਮਿਲਾਪ, ਗਊ ਰੱਖਿਆ, ਸਦੇਸ਼ੀ ਨੂੰ ਮੁਖ ਰੱਖਿਆ।

ਦੂਜੀ ਵਡੀ ਜੰਗ ਪਿਛੋਂ ਲਗਦਾ ਸੀ ਕਿ ਅੰਗਰੇਜ਼ ਭਾਰਤ ਛਡ ਜਾਣਗੇ। ਇਸ ਲਈ ਦੇਸ਼ ਵੰਡੇ ਜਾਣ ਦੀ ਮੰਗ ਵੀ ਉਠਣ ਲਗੀ। ਵਾਇਸਰਾਏ ਲਾਰਡ ਵੇਵਲ ਨੇ 25 ਜੂਨ 1945 ਨੂੰ ਕਾਂਗਰਸ, ਮੁਸਲਿਮ ਲੀਗ, ਅਕਾਲੀ ਦਲ ਤੇ ਹੋਰ ਸਿਆਸੀ ਪਾਰਟੀਆਂ ਦੀ ਮੀਟਿੰਗ ਸੱਦੀ ਤਾਂਕਿ ਇਸ ਦਾ ਕੋਈ ਨਿਗਰ ਹੱਲ ਕਢਿਆ ਜਾ ਸਕੇ। ਸ੍ਰੀ ਸਤਿਗੁਰੂ ਜੀ ਸਥਿਤੀ ਦਾ ਜਾਇਜਾ ਲੈਣ ਲਈ ਸੰਤ ਜਸਵੰਤ ਸਿੰਘ ਘਰ ਜਾ ਬਿਰਾਜੇ। ਡਾਕ ਘਰ ਆਪ ਦਰਸ਼ਨ ਦੇ ਰਹੇ ਸਨ ਤਾਂ ਕਣੀਆਂ ਪੈਣ ਲੱਗੀਆਂ। ਪੰਡਤ ਨਹਿਰੂ ਤੇ ਮੌਲਾਨਾ ਅਜ਼ਾਦ ਉਥੇ ਠਹਿਰ ਗਏ। ਉਹਨਾਂ ਵੰਡ ਹੋਣ ਦੀ ਚਿੰਤਾ ਪ੍ਰਗਟ ਕੀਤੀ ਤੇ ਸਤਿਗੁਰੂ ਜੀ ਦੀ ਮੰਗ ਪੁਛੀ। ਸਤਿਗੁਰੂ ਜੀ ਨੇ ਬਚਨ ਕੀਤਾ ਮੈ ਕੋਰੇ ਕਾਗਜ਼ ਤੇ ਦਸਤਖ਼ਤ ਕਰ ਦਿੰਦਾ ਹਾਂ ਸਾਨੂੰ ਕੁਝ ਨਹੀਂ ਚਾਹੀਦਾ। ਬਸ ਦੇਸ਼ ਆਜ਼ਾਦ ਹੋਏ। ਉਹ ਸੁਣ ਕੇ ਬੜੇ ਖੁਸ਼ ਹੋਏ।

ਸਤਿਗੁਰੂ ਜੀ ਦੀ ਦੂਰ ਦਰਸ਼ਤਾ ਨੇ ਸਮੇਂ ਦੀ ਨਬਜ਼ ਪਛਾਣ ਲਈ ਕਿ ਵੰਡ ਹੋਵੇਗੀ। ਮਾਝਾ ਵੰਡਿਆ ਜਾਵੇਗਾ। ਆਪ ਨੇ ਇਕ ਵਾਰ ਪੰਜਾਬ ਤੋਂ ਰਾਜਸਥਾਨ ਜਾਣ ਸਮੇਂ ਓਟੂ ਲੰਘ ਕੇ ਵੇਖੀ ਜ਼ਮੀਨ ਸਿਖਾਂ ਲਈ ਖਰੀਦਣ ਦਾ ਮਨ ਬਣਾਇਆ। ਸਿਖਾਂ ਕੋਲੋਂ ਪ੍ਰਤੀ ਮੁਰਬਾ 55 ਸੌ ਰੁਪਏ ਇਕੱਠਾ ਹੋਣ ਤੇ ਆਪ ਨੇ ਹਿਸਾਬ ਕਿਤਾਬ ਰਖਣ ਲਈ ਵਡੇ ਬਾਬਾ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਾਸਟਰ ਬਲਵੰਤ ਸਿੰਘ ਨੂੰ ਜ਼ੁੰਮੇਵਾਰੀ ਸੌਂਪੀ। 12 ਹਜ਼ਾਰ 430 ਏਕੜ ਰਕਬਾ ਖਰੀਦਿਆ ਗਿਆ। ਚੁਚਾਲ ਕੋਟਲੀ (ਜੀਵਨ ਨਗਰ) ਜਗ ਮਲੇਰਾ (ਸੰਤ ਨਗਰ) ਅਲੀਪੁਰ (ਹਰੀ ਪੁਰ) ਤੇ ਕੰਜਰਾਂ ਵਾਲ (ਦਮਦਮਾ) ਪਿੰਡਾਂ ਦਾ।

1947 ਦੇ ਸ਼ੇਖੂਪੁਰ ਬੇਦਾਦ ਦੇ ਹੋਲੇ ਤੇ ਆਪ ਨੇ ਸਿੱਖਾਂ ਨੂੰ ਰਾਵੀਓਂ ਪਾਰ ਹੋ ਜਾਣ ਦਾ ਹੁਕਮ ਕੀਤਾ। ਇਹ ਸੋਚ ਕੇ ਕਿਤੇ ਸਿਖ ਅਵੇਸਲੇ ਨਾ ਹੋ ਜਾਣ, ਪਿੰਡ ਪਿੰਡ ਸ਼ਹਿਰ ਸ਼ਹਿਰ ਆਪ ਜਾ ਕੇ, ਵਡੇ ਬਾਬਾ ਜੀ ਨੂੰ ਭੇਜ ਕੇ ਸਿਖਾਂ ਨੂੰ ਘਰਾਂ ਦਾ ਮੋਹ ਛੱਡ ਕੇ ਜਾਣ ਲਈ ਹੈ ਕਿਹਾ ਅਤੇ ਜਿੰਨ੍ਹਾਂ ਨੇ ਹੁਕਮ ਮੰਨਿਆ 1947 ਦੀ ਵੰਡ ਦੀ ਉਹਨਾਂ ਨੂੰ ਤੱਤੀ ਵਾ ਨਾ ਲਗੀ। ਉਹਨਾਂ ਨੇ ਹੱਥ ਦੇ ਕੇ ਰੱਖਣ ਲਈ ਸ੍ਰੀ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਇਧਰ ਆ ਕੇ ਪਰਵਾਰ ਦੀ ਸੰਭਾਲ ਤੇ ਕੰਮਾਂ ਦੀ ਭਾਲ ਕਰਨ ਲੱਗੇ।



Namdhari Elibrary NamdhariElibrary@gmail.com

# ਮੁੜ ਵਸੇਬਾ ਤੇ ਸਮਾਜ ਉਸਾਰੀ

15 ਅਗਸਤ 1947 ਜਿਥੇ ਭਾਰਤ ਲਈ ਅਜ਼ਾਦੀ ਲੈ ਕੇ ਆਇਆ, ਉਥੇ ਲੱਖਾਂ ਕਰੋੜਾਂ ਹਿੰਦੁਸਤਾਨੀਆਂ ਖ਼ਾਸ ਕਰਕੇ ਪੰਜਾਬੀਆਂ ਤੇ ਬੰਗਾਲੀਆਂ ਲਈ ਉਜਾੜਾ ਲੈ ਕੇ ਆਇਆ। ਆਮ ਤੌਰ ਉਤੇ ਕਿਸੇ ਰਾਜ ਦੇ ਸ਼ਾਸਕ ਬਦਲਦੇ ਰਹਿੰਦੇ ਹਨ ਕਿਸੇ ਇੱਕ ਦੂਜੇ ਤੇ ਜਿੱਤ ਹਾਰ ਕਾਰਨ। ਏਥੇ ਪਰਜਾ ਨੂੰ ਉਜੜਨਾ ਪਿਆ। ਵੰਡੇ ਹੋਏ ਮੁਲਕ ਹਿੰਦੁਸਤਾਨ ਨਾਲ ਬਣੇ ਭਾਰਤ ਤੇ ਪਾਕਿਸਤਾਨ ਵਿਚ। ਮੁਸਲਮਾਨਾਂ ਨੂੰ ਪਾਕਿਸਤਾਨ ਜਾਣਾ ਪਿਆ ਤੇ ਹਿੰਦੂ ਸਿਖਾਂ ਨੂੰ ਭਾਰਤ ਆਉਣਾ ਪਿਆ। ਇਹ ਆਉਣ ਜਾਣ ਵੀ ਸਹਿਜੇ ਤੇ ਅਮਨ ਅਮਾਨ ਨਾਲ ਨਹੀਂ ਹੋਇਆ। ਕੁਝ ਅਸਮਾਜਿਕ ਤੱਤਾਂ ਨੇ ਲੁੱਟ ਮਾਰ ਕੀਤੀ, ਇਜ਼ਤਾਂ ਲੁਟੀਆਂ ਤੇ ਜਾਨੀ ਤੇ ਮਾਲੀ ਨੁਕਸਾਨ ਕੀਤਾ।

ਇਸ ਨੁਕਸਾਨ ਤੋਂ ਹੀ ਆਪਣੇ ਸਿੱਖਾਂ ਨੂੰ ਬਚਾਉਣ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1947 ਦੇ ਸ਼ੇਖੂਪੁਰ ਬੇਦਾਦ ਜ਼ਿਲਾ ਗੁਜਰਾਂਵਾਲੇ ਦੇ ਹੋਲੇ ਤੇ ਹੁਕਮ ਕੀਤਾ ਸੀ ਕਿ ਚੰਗਾ ਹੋਵੇ ਕਿ ਬਿਆਸਾ ਦਰਿਆ ਪਾਰ ਕਰ ਜਾਓ ਨਹੀਂ ਤਾਂ ਰਾਵੀ ਜ਼ਰੂਰ ਪਾਰ ਕਰੋ। ਆਪ ਖ਼ੁਦ ਲਾਇਲਪੁਰ, ਮਿੰਟਗੁਮਰੀ, ਲਾਹੌਰ ਆਦਿ ਜ਼ਿਲ੍ਹਿਆਂ ਵਿਚ ਗਏ ਜਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭੇਜਿਆ ਕਿ ਸਿੱਖ, ਬਾਲ-ਬੱਚਾ ਤੇ ਜ਼ਰੂਰੀ ਸਮਾਨ ਲੈ ਕੇ ਨਿਕਲ ਜਾਣ। ਜਿਨ੍ਹਾਂ ਨੇ ਮੰਨਿਆ ਉਹ ਜਾਨੀ ਤੇ ਮਾਲੀ ਨੁਕਸਾਨ ਤੋਂ ਬਚ ਗਏ। ਬਾਕੀ ਮੌਤ ਦੇ ਮੂੰਹ ਵਿਚੋਂ ਮਸਾਂ ਬਚੇ, ਕਈ ਤਾਂ ਬਚ ਨਹੀਂ ਸਕੇ।

ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਨੁਕਸਾਨ ਦਾ ਖਦਸ਼ਾ ਪ੍ਰਗਟ ਕਰਦਿਆਂ ਹੀ ਆਪ ਜੀ ਨੇ ਬਾਲਮੀਕੀ ਮੰਦਰ ਦਿੱਲੀ ਵਿੱਚ ਮਹਾਤਮਾਂ ਗਾਂਧੀ ਨੂੰ ਦੇਸ਼ ਦਾ ਬਟਵਾਰਾ ਰੋਕਣ ਲਈ ਆਪਣਾ ਅਸਰ ਰਸੂਖ ਵਰਤਣ ਲਈ ਕਿਹਾ ਸੀ। ਉਹਨਾਂ ਨੇ ਲਾਪਰਵਾਹੀ ਵਿਖਾਈ ਤੇ ਕਿਹਾ ਜਾਨੀ ਮਾਲੀ ਨੁਕਸਾਨ ਦੇ ਸਭ ਘਾਟੇ ਪੂਰੇ ਹੋ ਜਾਣਗੇ। ਆਪ ਨੇ ਉਹਨਾਂ ਨੂੰ ਰੋਹ ਵਿਚ ਦੁਬਾਰਾ ਕਿਹਾ, "ਤੁਸੀਂ ਜਿਨਾਂ ਬੀਬੀਆਂ ਦੇ ਮੋਢਿਆਂ ਤੇ ਹੱਥ ਰਖਕੇ ਤੁਰੇ ਫਿਰਦੇ ਹੋ, ਜੇ ਕੋਈ ਉਹਨਾਂ ਦੀ ਇਜ਼ਤ ਨੂੰ ਹੱਥ ਪਾਏਗਾ ਤਾਂ ਇਸ ਦੀ ਪੂਰਤੀ ਕਿਵੇਂ ਹੋਵੇਗੀ ?" ਉਹ "ਇਹ ਤਾਂ ਠੀਕ ਹੈ", ਕਹਿ ਕੇ ਚੁਪ ਕਰ ਗਏ।

ਸਤਿਗੁਰੂ ਜੀ ਸਿੱਖਾਂ ਦੇ ਮੁੜ ਵਸੇਬੇ ਲਈ ਇਲਾਕਾ ਸ੍ਰੀ ਜੀਵਨ ਨਗਰ ਜ਼ਿਲ੍ਹਾ ਹਿਸਾਰ ਵਿੱਚ ਜ਼ਮੀਨ ਤਾਂ ਖਰੀਦ ਹੀ ਚੁਕੇ ਸਨ। ਸ੍ਰੀ ਜੀਵਨ ਨਗਰ (ਚੁਚਾਲ ਕੋਟਲੀ) ਵੰਡ ਤੋਂ ਪਹਿਲਾਂ ਹੀ ਆਪ ਜੀ ਨੇ ਰਜਿਸਟਰੀ ਕਰਾਉਣ ਪਿਛੋਂ ਆਪ ਜੀ ਨੇ 101 ਅਖੰਡ ਪਾਠ ਕਰਵਾਏ। ਏਥੇ ਸਿੱਖ ਆ ਕੇ ਵਸਣ ਲੱਗੇ, ਲੋਹ ਲੰਗਰ ਤਪਣ ਲੱਗਾ, ਨਾਮ ਸਿਮਰਨ ਦਾ ਪ੍ਰਵਾਹ ਚਲਣ ਲਗਾ ਜਿਸ ਦਾ ਪ੍ਰਭਾਵ ਆਲੇ ਦੁਆਲੇ ਦੇ ਬਾਗੜੀ ਹਿੰਦੂਆਂ ਤੇ ਮੁਸਲਮਾਨ ਪਿੰਡਾਂ ਤੇ ਪੈਣ ਲਗਾ। ਪਰ ਇਸ ਜ਼ਮੀਨ ਦਾ ਸੁਖ ਬਣਨ ਵਿਚ ਵੀ ਕਲਜੁਗ ਨੇ ਰੁਕਾਵਟ ਪੈਦਾ ਕਰਨੀ ਸੀ। ਇਸ ਬਾਰੇ 1947 ਦੇ ਬਸੰਤ ਦੇ ਮੇਲੇ ਸਮੇਂ



Namdhari Elibrary NamdhariElibrary@gmail.com

ਲਾਹੌਰ ਮਾਂਗੇ ਦੇ ਬਾਬਾ ਜੈਮਲ ਸਿੰਘ ਨੇ ਸਤਿਗੁਰੂ ਜੀ ਨੂੰ ਗੋਬਿੰਦ ਦੀ ਜਣਾਈ ਅਰਜ਼ ਕੀਤੀ, "ਇਹ ਸਿੱਖ ਆਪੋ ਵਿਚ ਲੜਨਗੇ ਤੁਹਾਨੂੰ ਭੀ ਸਿਧੇ ਹੋਣਗੇ, ਤੁਹਾਡੀ ਤੇ ਸਿੱਖਾਂ ਦੀ ਆਪੋ ਵਿਚ ਸ਼ਰਧਾ ਨਹੀਂ ਰਹੇਗੀ। ਮੈਨੂੰ ਗੋਬਿੰਦ ਆਂਹਦਾ ਏ।" ਸਤਿਗੁਰੂ ਜੀ ਨੇ ਬਚਨ ਕੀਤਾ, "ਜੋ ਸਿਰ ਪਵੇਗੀ ਸਹਿ ਲਵਾਂਗੇ।" ਅਤੇ ਰੌਲਿਆਂ ਬਾਅਦ ਸਿੱਖਾਂ ਨੂੰ ਆਸਰਾ ਤੇ ਧੀਰਜ ਦੇਣ ਲਈ ਜੁਟ ਪਏ।

ਆਪ ਨੇ ਸ੍ਰੀ ਅੰਮ੍ਰਿਤਸਰ, ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਸਿੱਖਾਂ ਲਈ ਲੰਗਰ ਲਾਏ, ਲੀੜੇ ਕਪੜੇ ਦਾ ਪ੍ਰਬੰਧ ਕੀਤਾ। ਆਪ ਨੇ ਸਿੱਖਾਂ ਨੂੰ ਮੁਸਲਮਾਨਾਂ ਤੋਂ ਸਾਵਧਾਨ ਰਹਿਣ ਤੇ ਹਿੰਦੂਆਂ ਨਾਲ ਇਤਫਾਕ ਰੱਖਣ ਦੀ ਤਾਕੀਦ ਕੀਤੀ। ਭਾਰਤ ਸਰਕਾਰ ਨੇ ਓਧਰੋਂ ਹਰ ਜ਼ਿਲੇ ਵਿਚੋਂ ਉੱਜੜਕੇ ਆਏ ਪੰਜਾਬੀਆਂ ਲਈ ਏਧਰ ਜ਼ਿਲ੍ਹਾ ਵਾਰ ਵੰਡ ਕੀਤੀ ਸੀ। ਪਰ ਸਤਿਗੁਰੂ ਜੀ ਨੇ ਮੁੜ ਵਸਾਊ ਮਹਿਕਮੇ ਦੇ ਮੁੱਖ ਅਧਿਕਾਰੀ ਸ. ਮਹਿੰਦਰ ਸਿੰਘ ਰੰਧਾਵਾ ਨੂੰ ਕਹਿ ਕੇ ਸਾਰੇ ਨਾਮਧਾਰੀ ਸਿੱਖਾਂ ਨੂੰ ਜ਼ਿਲਾ ਹਿਸਾਰ ਵਿੱਚ ਵੱਸਣ ਦੀ ਖੁਲ੍ਹ ਦਿਵਾ ਦਿਤੀ ਸੀ। ਜੇ ਕੋਈ ਆਪਣੀ ਮਰਜੀ ਨਾਲ ਕਿਤੇ ਹੋਰ ਵਸੇ ਤਾਂ ਵਖਰੀ ਗੱਲ ਸੀ। ਏਸੇ ਕਰਕੇ ਕਈ ਪਰਵਾਰ ਮੰਡੀ (ਹਿਮਾਚਲ ਪ੍ਰਦੇਸ਼), ਜੰਮੂ ਜਾਂ ਹੋਰ ਥਾਈਂ ਵੱਸ ਗਏ। ਕਈ ਪਟਨੇ (ਬਿਹਾਰ) ਤੇ ਥਾਈਲੈਂਡ ਵੀ ਚਲੇ ਗਏ। ਸਤਿਗੁਰੂ ਜੀ ਦੀ ਚਿੰਤਾ ਸਭ ਨੂੰ ਵਸਾਉਣ ਦੇ ਨਾਲ ਨਾਲ ਪਾਕਿਸਤਾਨ ਤੋਂ ਨਾ ਆ ਸਕੇ ਪਰਵਾਰਾਂ ਦੀ ਵੀ ਸੀ। ਆਪ ਜੀ ਨੇ 28 ਅ੍ਰਪੈਲ 1950 ਨੂੰ ਇਹ ਕਹਿ ਕੇ, "ਸਾਡੀ 20 ਹਜ਼ਾਰ ਲੜਕੀ ਓਧਰ ਬੈਠੀ ਹੈ," ਉਸ ਨੂੰ ਲਿਆਉਣ ਬਾਰੇ ਚਿੰਤਾ ਪ੍ਰਗਟ ਕੀਤੀ ਸੀ।

ਪ੍ਰਸਿੱਧ ਦੇਸ਼ ਭਗਤ ਤੇ ਗਦਰ ਪਾਰਟੀ ਦੇ ਆਗੂ ਬਾਬਾ ਸੋਹਨ ਸਿੰਘ ਭਕਨਾ ਨੇ ਨਾਮਧਾਰੀ ਸਿੱਖਾਂ ਦੀ ਅਜ਼ਾਦੀ ਨੂੰ ਦੇਣ ਬਾਰੇ ਲਿਖਿਆ : ਨਾਮਧਾਰੀਆਂ ਦੀਆਂ ਅਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਤੱਕੜੀ ਦੇ ਇਕ ਪਲੜੇ ਵਿਚ ਪਾਈਆਂ ਜਾਣ ਅਤੇ ਬਾਕੀ ਹਿੰਦੁਸਤਾਨ ਦੀਆਂ ਦੂਜੇ ਵਿਚ, ਜੇ ਇਹ ਭਾਰੀਆਂ ਨਾ ਹੋਈਆਂ ਤਾਂ ਘਟ ਨਹੀਂ ਹੋਣਗੀਆਂ।

ਅਜ਼ਾਦੀ ਤੇ ਵੰਡ ਦੇ ਸੁਖ ਦੁਖ ਦੇ ਕਪੜੇ ਹੰਢਾਉਂਦੇ ਨਾਮਧਾਰੀ ਸਿੱਖ ਆਪਣੇ ਪੈਰਾਂ ਤੇ ਖੜ੍ਹੇ ਹੋਣ ਲਗੇ। ਨਾਮਧਾਰੀ ਕਿਉਂਕਿ ਵੱਡੀ ਗਿਣਤੀ ਵਿਚ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਸਨ ਸੋ ਸਤਿਗੁਰੂ ਜੀ ਉਹਨਾਂ ਨੂੰ ਹਰ ਤਰ੍ਹਾਂ ਦੀ ਆਤਮਿਕ ਸ਼ਕਤੀ ਦੇਣ ਲਈ ਨਾਮ ਬਾਣੀ ਦਾ ਪ੍ਰਵਾਹ ਚਲਾਇਆ ਅਤੇ 1948, 49, 54, 55 ਦੇ ਹੋਲੇ ਉਸੇ ਇਲਾਕੇ ਵਿਚ ਸੰਤ ਨਗਰ ਜਾਂ ਨਕੌੜੇ ਪਿੰਡ ਕੀਤੇ। ਬਾਹਰ ਵੀ ਜਿਥੇ ਜਾਂਦੇ ਆਪ ਇਹਨਾਂ ਲੋਕਾਂ ਦੇ ਆਸਰੇ ਤੇ ਮਦਦ ਲਈ ਸੰਗਤ ਨੂੰ ਪ੍ਰੇਰਦੇ। ਵਾਹੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਉਹਨਾਂ ਦੀਆਂ ਬਣਦੀਆਂ ਜ਼ਮੀਨਾਂ ਵੰਡੀਆਂ ਤੇ ਗੈਰਕਾਸ਼ਤਕਾਰ ਗਰੀਬ ਸਿੱਖਾਂ ਨੂੰ ਮੁਫਤ ਜ਼ਮੀਨਾਂ ਦਿਤੀਆਂ ਗਈਆਂ। ਜਿਨ੍ਹਾਂ ਨੂੰ ਪਾਕਿਸਤਾਨ ਵਿਚ ਰਹੇ ਇਲਾਕੇ ਦੇ ਜ਼ਿਮੀਂਦਾਰਾਂ ਨੇ ਜ਼ਮੀਨਾਂ ਵਾਹੁਣ ਵਾਲਿਆਂ ਨੂੰ ਪ੍ਰੇਸ਼ਾਨ ਕੀਤਾ ਸੀ, ਉਹਨਾਂ ਕੰਮੋਆਂ ਤੇ ਸੈਣੀਆਂ ਨੂੰ ਪ੍ਰਤਾਪ ਨਗਰ ਤੇ ਸੰਤਾਂ ਵਾਲੀ ਪਿੰਡਾਂ ਵਿਚ ਜ਼ਮੀਨਾਂ ਦਿਤੀਆਂ ਗਈਆਂ। ਏਧਰ ਹੀ ਕਲੇਮਾਂ ਦੀਆਂ ਤੇ ਅਲਾਟਮੈਂਟ ਦੀਆਂ ਜ਼ਮੀਨਾਂ ਮਿਲੀਆਂ। ਅਜ਼ਾਦੀ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ, ਮੰਤਰੀਆਂ, ਪ੍ਰਾਂਤਾਂ ਦੇ ਮੁਖ ਮੰਤਰੀ ਤੇ ਮੰਤਰੀ ਕੁਦਰਤੀ ਆਪਣੇ ਹੀ ਬਣੇ। ਸ. ਪ੍ਰਤਾਪ ਸਿੰਘ ਕੈਰੋਂ ਵਰਗਿਆਂ ਮੰਤਰੀਆਂ ਨਾਮਧਾਰੀ ਸਿੱਖਾਂ ਨੂੰ ਮਿਲਣ ਗਿਆਂ ਨੂੰ ਏਥੋਂ ਤੱਕ ਕਿਹਾ, "ਓ ਕੂਕਿਓ ! ਤੁਸੀਂ ਸੱਚੇ। ਇਹ ਕਲਮ ਹੁਣ ਤੁਹਾਡੀ ਹੈ।"



Namdhari Elibrary NamdhariElibrary@gmail.com

ਪੰਡਿਤ ਨਹਿਰੂ ਤੇ ਹੋਰ ਰਾਜਨੀਤਕ ਆਗੂ ਸ੍ਰੀ ਸਤਿਗੁਰੂ ਜੀ ਦੇ ਉਚੇ ਸੁੱਚੇ ਕਿਰਦਾਰ, ਰੁਹਾਨੀ ਸ਼ਖ਼ਸੀਅਤ ਤੇ ਸ਼ਾਨਾਂਮੱਤੇ ਇਤਿਹਾਸ ਦੇ ਸਿਰਜਣਹਾਰੇ ਹੋਣ ਕਾਰਨ ਆਦਰ ਸਤਿਕਾਰ ਕਰਦੇ ਸਨ। ਕੇਂਦਰੀ ਸਰਕਾਰ ਨੇ ਗਊ ਰੱਖਿਆ ਕਮੇਟੀ ਬਣਾਈ ਜਿਸ ਦੇ ਦਸਾਂ ਮੈਂਬਰਾਂ ਿਵਚ ਸ੍ਰੀ ਸਤਿਗੁਰੂ ਜੀ ਨੂੰ ਪ੍ਰਵਾਨਗੀ ਲੈ ਕੇ ਰੱਖਿਆ ਗਿਆ। ਡਾ. ਰਜਿੰਦਰ ਪ੍ਰਸ਼ਾਦ ਭਾਰਤ ਦੇ ਰਾਸ਼ਟਪਤੀ ਨੇ 1952 ਈ. ਵਿਚ ਪਸ਼ੂ ਪ੍ਰਦਰਸ਼ਨੀ ਵਿਚ ਇਨਾਮ ਦੇਂਦਿਆਂ ਕਿਹਾ, "ਗਊ ਪਾਲਣ ਕਿਸੀ ਨੇ ਸੀਖਨਾ ਹੈ ਤੋਂ ਮਹਾਰਾਜ ਪ੍ਰਤਾਪ ਸਿੰਘ ਸੇ ਸੀਖੇਂ।"

ਭਾਰਤ ਦੇ ਨਵੇਂ ਸੰਵਿਧਾਨ ਅਨੁਸਾਰ ਏਥੇ ਪ੍ਰਜਾਤੰਤਰ ਤੇ ਅਮਲ ਸ਼ੁਰੂ ਕਰਨ ਲਈ 1952 ਈ. ਵਿਚ ਪਹਿਲੀਆਂ ਚੋਣਾਂ ਹੋਈਆਂ, ਜਿਨ੍ਹਾਂ ਵਿਚ ਸ. ਆਤਮਾ ਸਿੰਘ ਰਾਵਲਪਿੰਡੀ ਵਾਲਿਆਂ ਨੇ ਹੁਕਮ ਅਨੁਸਾਰ ਕਾਂਗਰਸ ਪਾਰਟੀ ਵਲੋਂ ਸਰਸੇ ਦੀ ਸੀਟ ਤੇ ਲੋਕ ਸਭਾ ਦੀ ਚੋਣ ਲੜੀ ਤੇ ਜਿਤੀ। ਰਾਜ ਸਭਾ ਵਿਚ ਮਹਾਰਾਜ ਨਿਹਾਲ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਅਤੇ ਪੰਜਾਬ ਵਿਧਾਨ ਪਰੀਸ਼ਦ ਦੇ ਮੈਂਬਰ ਸ. ਤੇਜਾ ਸਿੰਘ ਬਣਾਏ ਗਏ। ਚੋਣਾਂ ਤੇ ਰਾਜ ਭਾਗ ਦੀ ਹਿਸੇਦਾਰੀ ਵਿਚ ਭਾਵੇਂ ਸਤਿਗੁਰੂ ਜੀ ਸਿੱਧੇ ਤੌਰ ਤੇ ਸ਼ਾਮਲ ਨਹੀਂ ਪਰ ਉਹਨਾਂ ਦੀ ਇਛਾ ਰਹੀ ਕਿ ਨਾਮਧਾਰੀ ਵੋਟਾਂ ਨਾਲ ਜਿਤਣ ਵਾਲਾ ਕਾਂਗਰਸੀ ਨਿਰਪੱਖ, ਲੋਕ ਹਿਤੈਸ਼ੀ, ਦੇਸ਼ ਭਗਤ ਜਾਂ ਸੁਤੰਤਰਤਾ ਸੰਗਰਾਮੀ ਹੋਵੇ।

ਜੇ ਕਾਂਗਰਸ ਕਿਸੇ ਹੋਰ ਤਰ੍ਹਾਂ ਦੇ ਵਿਅਕਤੀ ਨੂੰ ਉਮੀਦਵਾਰ ਬਣਾਉਂਦੀ ਤਾਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਵੋਟਾਂ ਪਾਉਣ ਵਾਲੇ ਸਿੱਖ ਉਸਨੂੰ ਹਰਾਉਣ ਲਈ ਸਰਗਰਮ ਹੋ ਜਾਂਦੇ। ਏਸੇ ਕਰਕੇ ਦੇਵੀ ਲਾਲ ਸਰਸੇ ਦੇ ਇਲਾਕੇ ਵਿਚੋਂ ਵਿਧਾਨ ਸਭਾ ਦੀ ਚੋਣ ਹਾਰ ਵੀ ਗਿਆ ਸੀ। ਇਸ ਦਾ ਸਮੁੱਚੀ ਕਾਂਗਰਸ ਲੀਡਰਸ਼ਿਪ ਤੇ ਉਲਟਾ ਇਹ ਪ੍ਰਭਾਵ ਪਿਆ ਕਿ ਉਹ ਕੰਨਾਂ ਦੇ ਕੱਚੇ ਨਿਕਲੇ। ਸਤਿਗੁਰੂ ਜੀ ਤੇ ਨਾਮਧਾਰੀ ਸਿਖਾਂ ਪ੍ਰਤੀ ਉਹਨਾਂ ਦੀ ਪਹਿਲਾਂ ਵਰਗੀ ਸਦ-ਭਾਵਨਾ ਨਾ ਰਹੀ। ਉਹਨਾਂ ਇਲਾਕਾ ਸ੍ਰੀ ਜੀਵਨ ਨਗਰ ਦੇ ਗੁਰੂ ਘਰ ਤੇ ਨਾਮਧਾਰੀ ਸਿੱਖਾਂ ਨੂੰ ਪਾੜਣ ਲਈ ਪੂਰੀ ਵਾਹ ਲਾਈ ਤੇ ਕਿਸੇ ਹੱਦ ਤਕ ਕੁਝ ਨੂੰ ਬੇਮੁੱਖ ਕਰਨ ਵਿਚ ਕਾਮਯਾਬ ਹੋਏ। ਇਸ ਦੇ ਬਾਵਜੂਦ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸੰਗਠਨ ਵਿਚ ਪਾੜ ਨਹੀਂ ਪਿਆ, ਹਾਂ ਤਰੇੜ ਜ਼ਰੂਰ ਪੈ ਗਈ।

ਇਲਾਕਾ ਸ੍ਰੀ ਜੀਵਨ ਨਗਰ ਵਿਚ ਸ੍ਰੀ ਸਤਿਗੁਰੂ ਜੀ ਨੇ ਹਰ ਜਿਮੀਂਦਾਰ ਨੂੰ ਉਸ ਦੀ ਬਣਦੀ ਜ਼ਮੀਨ ਵੰਡ ਕੇ ਦੇ ਦਿੱਤੀ ਸੀ। ਇਸ ਵੰਡ ਵਿਚ ਅਲਾਟਮੈਂਟ ਤੇ ਕਲੇਮ ਦੀ ਜ਼ਮੀਨ ਵੀ ਸ਼ਾਮਲ ਸੀ। ਸਿੱਖਾਂ ਦੇ ਕਲੇਮ ਲੈਣ ਲਈ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ. ਤੇਜਾ ਸਿੰਘ, ਅਵਤਾਰ ਸਿੰਘ ਝੱਬਰ ਕਰੀਵਾਲਾ, ਕਰਮ ਸਿੰਘ ਪਟਵਾਰੀ ਨੇ ਮੁੜ ਵਸਾਊ ਮਹਿਕਮੇ ਦੇ ਜਲੰਧਰ ਦੇ ਮੁਖ ਦਫਤਰ ਨਾਲ ਰਾਬਤਾ ਬਣਾਈ ਰੱਖਿਆ। ਜਿਸ ਕਾਰਨ ਬਿਨਾਂ ਖਰਚ ਖੇਚਲ ਨਾਮਧਾਰੀ ਸਿੱਖਾਂ ਦੀ ਜ਼ਮੀਨ ਇਸ ਇਲਾਕੇ ਵਿਚ ਆ ਗਈ। ਅਲਾਟਮੈਂਟ ਲਈ ਸਤਿਗੁਰੂ ਜੀ ਨੇ ਸਰਦੂਲ ਸਿੰਘ ਤੇ ਮਾਂਗੇ ਰਾਮ ਪਟਵਾਰੀ ਦੀ ਤਕਨੀਕੀ ਮਦਦ ਲਈ ਤੇ ਸਹੀ ਅਲਾਟਮੈਂਟ ਹੋ ਗਈ। ਕਰੀਵਾਲੇ ਦੇ, ਚੁੱਕੇ ਚੁਕਾਏ ਲੋਕਾਂ ਨੇ ਸਰਕਾਰ ਤੋਂ ਅਲਾਟਮੈਂਟ ਕਰਾਈ ਜਿਸ ਕਾਰਨ ਚੜ੍ਹਦੇ ਵੱਲ ਦੀ ਆਬਾਦੀ ਨੂੰ ਲਹਿੰਦੇ ਵਲ ਦੀ ਤੇ ਲਹਿੰਦੇ ਵਲ ਦੀ ਆਬਾਦੀ ਨੂੰ ਚੜ੍ਹਦੇ ਵਲ ਦੀ ਜ਼ਮੀਨ ਮਿਲੀ। ਉਹਨਾਂ ਨੂੰ ਆਪਣੇ ਖੇਤਾਂ ਵਿਚ ਵਾਹੀ ਤੇ ਸੰਭਾਲ ਲਈ ਘਰਾਂ ਤੋਂ ਉਲਟੇ ਪਾਸੇ ਜਾਣਾ ਪੈਂਦਾ ਸੀ। ਸਤਿਗੁਰੂ ਜੀ ਇਕ ਪਾਸੇ ਤਾਂ ਇਸ ਇਲਾਕੇ ਦੇ ਸਿਖਾਂ ਨੂੰ ਧਰਮ, ਧੀਰਜ ਤੇ



Namdhari Elibrary NamdhariElibrary@gmail.com

ਚੱਲਣ ਲਈ ਸਮਝਾਉਂਦੇ, ਦੂਜੇ ਪਾਸੇ ਸੰਸਾਰ ਦੇ ਵੱਖ ਵੱਖ ਹਿਸਿਆਂ ਵਿਚ ਵੱਸਦੇ ਸਿੱਖਾਂ ਨੂੰ ਦਰਸ਼ਨ ਦਿੰਦੇ।

ਆਪ ਜੀ 1950 ਈ. ਦੇ ਹੋਲੇ ਦੀ ਬੈਂਕਾਕ, ਥਾਈਲੈਂਡ ਤੇ ਕਿਰਪਾ ਕੀਤੀ। ਇਹ ਹੋਲਾ ਭਾਵੇਂ 4 ਤੋਂ 5 ਮਾਰਚ ਤਕ ਹੋਣਾ ਸੀ ਪਰ ਸ੍ਰੀ ਸਤਿਗੁਰੂ ਜੀ ਨੇ 22 ਫਰਵਰੀ ਤੋਂ ਸਾਹਿਬਜ਼ਾਦਿਆਂ ਤੇ ਗੁਰੂ ਸਿਖਾਂ ਸੇਵਕਾਂ ਸਹਿਤ ਦਰਸ਼ਨ ਦਿਤੇ। ਆਪ ਜੀ ਨੇ ਏਥੇ ਸਿਦਕੀ ਸਿੱਖਾਂ ਦੀਆਂ ਕਥਾਵਾਂ ਕਰਕੇ ਸਿੱਖਾਂ ਨੂੰ ਉਚਾ ਸੁੱਚਾ ਕਿਰਦਾਰ ਰੱਖਣ ਦਾ ਉਪਦੇਸ਼ ਦਿਤਾ। ਆਪ ਨਵੰਬਰ, ਦਸੰਬਰ 1948 ਈ. ਵਿਚ ਪਹਿਲਾਂ ਵੀ ਸੰਗਤ ਨੂੰ ਨਿਹਾਲ ਕਰ ਆਏ ਸਨ।

9 ਫਰਵਰੀ 1951 ਦੇ ਬੈਂਕਾਕ ਦੇ ਉਪਦੇਸ਼ ਸਮੇਂ ਭਾਰਤ ਦੇ ਉਜੜੇ, ਅਕਾਲ ਤੇ ਹੜ੍ਹਾਂ ਮਾਰੇ ਲੋਕਾਂ ਬਾਰੇ ਦਸਦਿਆਂ ਬਚਨ ਕੀਤਾ, " ਉਹਨਾਂ ਲੋਕਾਂ ਦੇ ਘਰ ਖਾਣ ਨੂੰ ਨਹੀਂ, ਉਤੇ ਲੈਣ ਨੂੰ ਲੀੜਾ ਨਹੀਂ, ਡੰਗਰਾਂ ਨੂੰ ਪੱਠਾ ਨਹੀਂ ਮਿਲਦਾ। ਤੁਸੀਂ ਅਗਰ (ਪੈਸੇ ਭੇਜ ਕੇ) ਏਨਾ ਰਹਿਮ ਲੋਕਾਂ ਤੇ ਕਰੋ ਤਾਂ ਖਵਰੇ ਸਤਿਗੁਰੂ ਤੁਹਾਡੀ ਕਿੰਨੀ ਹੋਰ ਸੁਣੇ। "

ਥਾਈਲੈਂਡ (ਬੈਂਕਾਕ) ਤਾਂ ਨਾਮਧਾਰੀ ਸੰਗਤ ਵੀਂਹਵੀਂ ਸਦੀ ਦੇ ਪਹਿਲੇ ਅੱਧ ਤੋਂ ਹੀ ਵੱਸ ਰਹੀ ਸੀ। ਉਹ ਮਿਹਨਤ ਮੁਸ਼ਕਤ ਕਰਕੇ ਸਮਰਥ ਵੀ ਹੁੰਦੀ ਜਾ ਰਹੀ ਸੀ। ਉਸ ਦੀ ਗਿਣਤੀ ਵਿਚ ਵੀ ਵਾਧਾ ਹੋ ਰਿਹਾ ਸੀ। ਸੱਚੇ ਪਾਤਸ਼ਾਹ ਜੀ 1933 ਤੋਂ ਹੀ ਸਮੇਂ ਸਮੇਂ ਸਿਖੀ ਬਾਗ਼ ਨੂੰ ਸਰਸਬਜ਼ ਰੱਖਣ ਲਈ ਦਰਸ਼ਨ ਦਿਦਾਰ ਦਾ ਪਾਣੀ ਲਾ ਕੇ ਸਿੰਚਾਈ ਕਰਦੇ ਰਹਿੰਦੇ ਸਨ।

ਵੀਂਹਵੀਂ ਸਦੀ ਦੇ ਚੌਥੇ ਦਹਾਕੇ ਤੋਂ ਸਤਿਗੁਰੂ ਦੀ ਕਿਰਪਾ ਨਾਲ ਸਿੱਖੀ ਦੇ ਕੁਝ ਬੂਟੇ ਅਫ਼ਰੀਕਾ ਵਿਚ ਵੀ ਲੱਗ ਚੁਕੇ ਸਨ। ਸੂਬਾ ਲਾਲ ਸਿੰਘ ਜੀ ਓਧਰ ਗਏ ਸਨ। ਉਹਨਾਂ ਦੇ ਪੁਤਰ ਚੰਨਣ ਸਿੰਘ ਤੇ ਹੋਰ ਸਿੱਖਾਂ ਦੀ ਅਰਜ਼ ਮੰਨ ਕੇ ਸਤਿਗੁਰੂ ਜੀ ਨੇ ਸਿਖਾਂ ਸੇਵਕਾਂ ਸਹਿਤ ਅਪ੍ਰੈਲ-ਮਈ 1953 ਈ. ਵਿੱਚ ਅਫਰੀਕਾ ਦਾ ਦੌਰਾ ਕੀਤਾ। ਬੰਬਈ ਕੁਝ ਦਿਨ ਦਰਸ਼ਨ ਦੇ ਕੇ ਨਾਮ ਬਾਣੀ ਦਾ ਪ੍ਰਚਾਰ ਕਰਕੇ ਆਪ ਨੇ ਈਸਟ ਅਫਰੀਕਾ, ਕੀਨੀਆ, ਯੁਗਾਂਡਾ (ਤਨਜ਼ਾਨੀਆਂ) ਟਾਂਗਾਨੀਕਾ ਦੇ ਸ਼ਹਿਰਾਂ ਦਾ ਦੌਰਾ ਕੀਤਾ। ਮੁੱਖ ਸ਼ਹਿਰ ਸਨ : ਮੁੰਬਾਸਾ, ਕਹੀਚੋਂ, ਕਸੁਮੋ, ਨਕੋਰੋ, ਐਲਡੋਰੇਟ, ਮਗਾਢੀ, ਜਿੰਜਾ, ਕੰਪਾਲਾ, ਮੁਬਾਲੀ, ਅਰੂਸ਼ਾ, ਮੋਸ਼ੀ, ਨੈਰੋਬੀ ਆਦਿ। ਆਪ ਜੀ ਦੇ ਦਰਸ਼ਨ ਕਰਨ, ਕਥਾ ਕੀਰਤਨ ਸੁਣਨ ਹਿੰਦੂ ਮੁਸਲਮਾਨ, ਸਿੱਖ ਸਭ ਹੁੰਮ ਹੁਮਾ ਕੇ ਸ਼ਰਧਾ ਭਾਵਨਾ ਨਾਲ ਆਉਂਦੇ। ਉਹ ਸ੍ਰੀ ਸਤਿਗੁਰੂ ਜੀ ਨਾਲ ਆਏ ਸੰਤ ਦਰਸ਼ਨ ਸਿੰਘ, ਖ਼ਜਾਨ ਸਿੰਘ ਦੇ ਰਾਗੀ ਜਥੇ ਦੇ ਕੀਰਤਨ ਦਾ ਰਸ ਮਾਣਦੇ। ਸੰਤ ਨਿਧਾਨ ਸਿੰਘ ਆਲਿਮ ਦੇ ਕੀਰਤਨ- ਤਕਰੀਰ ਤੋਂ ਪ੍ਰਭਾਵਿਤ ਹੁੰਦੇ। ਉਹ ਪੰਡਤ ਗੁਪਾਲ ਸਿੰਘ ਦੇ ਦਿਵਾਨ ਦਾ ਅਸਰ ਕਬੂਲ ਕਰਦੇ। ਪਰ ਸਤਿਗੁਰੂ ਜੀ ਲੰਗਰ ਪ੍ਰਸ਼ਾਦੇ ਦਾ ਆਪਣਾ ਪ੍ਰਬੰਧ ਕਰਕੇ ਤੁਰੇ ਸਨ। ਕਿਸੇ ਘਰੋਂ ਕੁਝ ਨਾ ਛਕਿਆ ਜਾਂਦਾ। ਹਾਂ ਜੇ ਕੋਈ ਮਾਸ ਸ਼ਰਾਬ ਛਡ ਕੇ ਭਜਨ ਲੈ ਲੈਂਦਾ ਤੇ ਗੁਰਸਿੱਖੀ ਦੀ ਰਾਮ ਕਾਰ ਵਿਚ ਆ ਜਾਂਦਾ ਤਾਂ ਉਸ ਦੇ ਘਰ ਲੰਗਰ ਕੀਤਾ ਜਾਂਦਾ। ਹਰ ਸ਼ਹਿਰ ਵਿਚ ਬਹੁਤ ਸਾਰੇ ਸਿੱਖ ਸਤਿਗੁਰੂ ਦੇ ਚਰਨੀਂ ਲੱਗੇ। ਸੂਬਾ ਦਸੌਂਧਾ ਸਿੰਘ ਤੇ ਪ੍ਰੀਤਮ ਸਿੰਘ ਪੱਦੀ ਵਾਲਿਆਂ ਨੂੰ ਪ੍ਰਚਾਰ ਲਈ ਉਥੇ ਛਡ ਸ੍ਰੀ ਸਤਿਗੁਰੂ ਜੀ ਨੇ ਮਈ ਦੇ ਅੱਧ ਵਿੱਚ ਹਵਾਈ ਜਹਾਜ਼ ਰਾਹੀਂ ਵਾਪਸ ਭਾਰਤ ਦੀ ਧਰਤੀ ਨੂੰ ਭਾਗ ਲਾਏ। ਜਾਂਦੀ ਵਾਰ ਵੀ ਕੁਝ ਸਿੱਖ ਸਮੁੰਦਰੀ ਜਹਾਜ ਰਾਹੀਂ ਗਏ ਸਨ, ਸੋ ਉਹ ਉਂਜ ਹੀ ਵਾਪਸ ਪਰਤੇ। ਆਪ ਜੀ ਨੇ ਦੁਬਾਰਾ 14



Namdhari Elibrary NamdhariElibrary@gmail.com

ਨਵੰਬਰ ਤੋਂ 24 ਦਸੰਬਰ 1953 ਤੱਕ ਪੂਰਬੀ ਅਫਰੀਕਾ ਦੇ ਸਿੱਖਾਂ ਦੀ ਦੀਦ ਦੀ ਈਦ ਪੁਜਾਈ।

ਸਤਿਗੁਰੂ ਜੀ ਨੇ ਚਾਹੇ ਸਿੱਖੀ ਪ੍ਰਚਾਰ ਲਈ ਦੌਰੇ ਕੀਤੇ, ਸ੍ਰੀ ਭੈਣੀ ਸਾਹਿਬ ਲੁਧਿਆਣਾ (ਪੰਜਾਬ), ਮੰਡੀ (ਹਿਮਾਚਲ ਪ੍ਰਦੇਸ਼), ਟਾਹਲਾ ਸਾਹਿਬ (ਮਾਨਸਾ-ਪੰਜਾਬ) ਹੋਲਿਆਂ ਦੇ ਮਹਾਨ ਇਕੱਠ ਵਿੱਚ ਦਰਸ਼ਨ ਦਿਤੇ। ਪਰ ਆਪ ਜੀ ਨੇ ਕੇਂਦਰ ਸ੍ਰੀ ਜੀਵਨ ਨਗਰ ਨੂੰ ਹੀ ਬਣਾਇਆ। ਆਪ ਜੀ ਨੂੰ ਚਿੰਤਾ ਕੁਝ ਸਵਾਰਥੀ ਲੋਕਾਂ ਰਾਹੀਂ ਭੋਲੇ ਭਾਲੇ ਸਿਖਾਂ ਦੇ ਮਨਾਂ ਵਿਚ ਕੰਡਿਆਲੀਆਂ ਝਾੜੀਆਂ ਤੇ ਕੌੜੇ ਤੁੰਮਿਆਂ ਨੂੰ ਉਗਾਏ ਜਾਣ ਦੀ ਸੀ। ਘਸੀਟਾ ਸਿੰਘ ਜਿਹੜਾ ਕਦੀ ਗੁਰੂ ਘਰ ਦਾ ਆਗੂ ਸੀ, ਦੇ ਮਨ ਵਿਚ ਸੇਹ ਦਾ ਤੱਕਲਾ ਗੱਡਿਆ ਜਾ ਚੁਕਾ ਸੀ। ਲਾਭ ਸਿੰਘ ਕੱਕੇ ਦੀ ਸ਼ਰਧਾ ਵੀ ਥਿੜ੍ਹਕ ਚੁਕੀ ਸੀ। ਇਹ ਹੋ ਰਿਹਾ ਸੀ ਰਾਜਨੀਤਕਾਂ ਦੀਆਂ ਸ਼ਤਰੰਜ ਦੀਆਂ ਚਾਲਾਂ ਕਰਕੇ ਜਿਸ ਕਰਕੇ ਨਹਿਰੂ ਤੇ ਕੈਰੋਂ ਨੇ ਸਤਿਗੁਰੂ ਪ੍ਰਤੀ ਭਾਵਨਾਵਾਂ ਪਹਿਲੇ ਵਾਲੀਆਂ ਨਹੀਂ ਸਨ ਰੱਖੀਆਂ। ਸ. ਆਤਮਾ ਸਿੰਘ 7 ਜਨਵਰੀ 1954 ਨੂੰ ਗੁਜਰ ਗਏ। ਕਾਂਗਰਸ ਪਾਰਟੀ ਨੇ ਉਹਨਾਂ ਦੀ ਥਾਂ ਸ੍ਰੀ ਸਤਿਗੁਰੂ ਜੀ ਤੋਂ ਸਲਾਹ ਲਏ ਬਿਨਾਂ ਆਪਣੀ ਮਰਜ਼ੀ ਦਾ ਉਮੀਦਵਾਰ ਖੜ੍ਹਾ ਕਰ ਦਿਤਾ।

ਦੂਜੇ ਪਾਸੇ ਜਿਹੜੀ ਬੀੜ ਭਮਾਰਸੀ ਰਾਜਾ ਨਾਭਾ ਨੇ ਸਤਿਗੁਰੂ ਜੀ ਨੂੰ ਭੇਟ ਕੀਤੀ ਸੀ ਪੈਪਸੂ ਰਾਜ ਦੇ ਹਾਕਮਾਂ ਨੇ ਉਸ ਤੋਂ ਅੱਖਾਂ ਫੇਰ ਲਈਆਂ। ਉਥੇ ਡੰਗਰ ਚੁਗਣੇ ਛਡਵਾ ਦਿੱਤੇ ਤੇ ਨਿਲਾਮੀ ਦਾ ਹੁਕਮ ਦੇ ਦਿਤਾ। ਭਾਵੇਂ ਮੁਖ ਮੰਤਰੀ ਰਘਬੀਰ ਸਿੰਘ ਤੋਂ ਗਿਆਨ ਸਿੰਘ ਰਾੜੇਵਾਲਾ ਤੇ ਬ੍ਰਿਸ਼ਭਾਨ ਤਕ ਬਦਲਦੇ ਰਹੇ ਪਰ ਸਰਕਾਰ ਦਾ ਰਵਈਆ ਨਕਾਰਾਤਮਕ ਹੀ ਰਿਹਾ। ਸਤਿਗੁਰੂ ਜੀ ਦਾ ਆਸਾਰਾ ਲੈ ਫਤਿਹਗੜ੍ਹ ਦੀ ਦਿਵਾਨੀ ਅਦਾਲਤ ਵਿਚ ਕੇਸ ਕਰਨਾ ਪਿਆ। 30 ਮਈ 1955 ਨੂੰ ਜੱਜ ਦੇ ਹੁਕਮ ਨਾਲ ਨਿਲਾਮੀ ਰੁਕੀ। ਆਖਰੀ ਫੈਸਲਾ ਕਪੂਰਥਲੇ 14 ਜੂਨ 1956 ਨੂੰ ਨਾਮਧਾਰੀ ਸਿੱਖਾਂ ਦੇ ਹੱਕ ਵਿਚ ਸੁਣਾਇਆ ਗਿਆ। ਇਸ ਕੇਸ ਵਿੱਚ ਮਹਾਰਾਣੀ ਸਰੋਜਨੀ ਦੇਵੀ ਨਾਭਾ ਜਿਸ ਘਰ ਸਾਹਿਬਜ਼ਾਦੇ ਦੇ ਜਨਮ ਦੀ ਖੁਸ਼ੀ ਵਿਚ ਬੀੜ ਤੇ ਹੋਰ ਭੇਟਾ ਸ੍ਰੀ ਸਤਿਗੁਰੂ ਜੀ ਨੂੰ ਦਿਤੀ ਗਈ ਸੀ, ਦੀ ਗਵਾਹੀ ਖਾਸ ਮਹੱਤਵ ਵਾਲੀ ਸੀ।

ਇਲਾਕਾ ਸ੍ਰੀ ਜੀਵਨ ਨਗਰ ਵਿਚ 1955 ਈ. ਵਿਚ ਲਾਭ ਸਿੰਘ ਕੱਕੇ ਦਾ ਕਤਲ ਹੋ ਗਿਆ ਪਾਰਟੀ ਬਾਜ਼ੀ ਕਾਰਨ। ਸ਼ੱਕ ਕੰਧਾਰਾ ਸਿੰਘ ਤੇ ਸੀ ਪਰ ਕਾਨੂੰਨ ਨੇ ਉਸ ਨੂੰ ਬਰੀ ਕਰ ਦਿਤਾ।

ਦੂਜੀਆਂ ਵੱਡੀਆਂ ਚੋਣਾਂ ਵਿੱਚ ਹੁਕਮ ਅਨੁਸਾਰ ਨਾਮਧਾਰੀ ਸਿੱਖਾਂ ਦੀ ਮਦਦ ਨਾਲ ਗੈਰ ਕਾਂਗਰਸੀ ਉਮੀਦਵਾਰ ਸਰਸੇ ਤੋਂ ਐਮ. ਐਲ. ਏ. ਚੁਣਿਆ ਗਿਆ। ਇਥੇ ਇੱਕ ਪਾਸੇ ਸਤਿਗੁਰੂ ਜੀ ਦੇ ਹੁਕਮ ਦੀ ਸ਼ਕਤੀ ਪ੍ਰਦਰਸ਼ਿਤ ਹੋਈ ਦੂਜੇ ਪਾਸੇ ਗੁਟਬੰਦੀ ਵਧ ਗਈ। ਗੁਰੂ ਦੋਖੀ ਧਿਰਾਂ ਨੇ ਘਸੀਟਾ ਸਿੰਘ ਨੂੰ ਹਥਿਆਰ ਬਣਾ ਕੇ ਵਰਤਿਆ। ਉਸ ਦੀ ਬੁਧੀ ਐਸੀ ਫਿਰੀ ਕਿ ਕਿਥੇ ਤਾਂ ਉਸਨੂੰ ਸਤਿਗੁਰੂ ਜੀ ਨੇ ਮੁਖਤਿਆਰਾਂ ਵਿਚ ਸ਼ਾਮਲ ਕੀਤਾ ਸੀ ਤੇ ਕਿਥੇ ਉਹ ਸਤਿਗੁਰੂ ਜੀ ਨਾਲ ਹੀ ਆਢਾ ਲਾ ਬੈਠਾ। ਸਤਿਗੁਰੂ ਜੀ ਨੇ ਸਿੱਖਾਂ ਦੀ ਸਹੀ ਬਣਦੀ ਜ਼ਮੀਨ ਵੰਡ ਕੀਤੀ ਸੀ। ਜਿਸ ਅਨੁਸਾਰ ਲੋੜ ਪੈਣ ਤੇ ਜ਼ਮੀਨਾਂ ਦੇ ਤਬਾਦਲੇ ਵੀ ਹੋਏ ਸਨ। ਘਸੀਟਾ ਸਿੰਘ ਹਾਰਨੀ ਤਬਾਦਲੇ ਦੇ ਬਾਵਜੂਦ ਤੇ ਲਿਖਤ ਪੜ੍ਹਤ ਨੂੰ ਛਿਕੇ ਟੰਗ ਕੇ ਭਗਤ ਹਜ਼ਾਰਾ ਸਿੰਘ, ਸੰਤੋਖ ਸਿੰਘ ਤੋਂ ਧੱਕੇ ਨਾਲ ਤੇ ਸਰਕਾਰ



Namdhari Elibrary NamdhariElibrary@gmail.com

ਦੇ ਕਰਿੰਦਿਆਂ ਨੂੰ ਹੱਥ ਵਿਚ ਹੋਇਆ ਮੰਨ ਕਬਜ਼ਾ ਲੈਣ ਲਈ ਸੰਤ ਨਗਰ 20 ਮਈ 1958 ਨੂੰ ਹਲ ਜੋਣ ਲਗਾ। ਪਰ ਸਤਿਗੁਰੂ ਦੇ ਹੁਕਮ ਅਨੁਸਾਰ ਸਿੱਖ ਸੰਗਤ ਮਾਲਾ ਫੜ ਪੈਲੀ ਵਿਚ ਜਾ ਬੈਠੀ ਤੇ ਉਹ ਹੱਥ ਮਲਦਾ ਰਹਿ ਗਿਆ। ਗੁਟਬੰਦੀ ਦੇ ਸਿੱਟੇ ਵਜੋਂ 21 ਜੁਲਾਈ 1958 ਨੂੰ ਰਾਤੀਂ ਘਸੀਟਾ ਸਿੰਘ ਦਾ ਕਤਲ ਹੋ ਗਿਆ। ਸੂਈ ਕੰਧਾਰਾ ਸਿੰਘ ਵੱਲ ਗਈ ਪਰ ਨਾਲ ਹੀ ਅਵਤਾਰ ਸਿੰਘ, ਅਮਰ ਸਿੰਘ, ਗੁਰਦੀਪ ਸਿੰਘ ਤੋਂ ਬਿਨਾਂ ਬਾਬਾ ਬੀਰ ਸਿੰਘ ਵਿਰੁੱਧ ਕਤਲ ਦਾ ਪਰਚਾ ਦਿਤਾ ਗਿਆ।

ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਿਰਦੋਸ਼ ਛੋਟੇ ਭਰਾ ਦਾ ਨਾਂ ਪਰਚੇ ਵਿਚੋਂ ਕਢਵਾਉਣ ਲਈ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਤੇ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਗੱਲ ਕੀਤੀ ਪਰ ਦੋਹਾਂ ਹੀ ਕੰਨ ਨਾ ਧਰਿਆ। ਮਹਾਰਾਜ ਜੀ ਨੂੰ 11 ਅਗਸਤ 1958 ਨੂੰ ਅਦਾਲਤ ਪੇਸ਼ ਹੋਣਾ ਪਿਆ। ਉਹਨਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਉਹ 8 ਮਹੀਨੇ ਸਰਸੇ ਜਾਂ ਫ਼ਿਰੋਜਪੁਰ ਦੀ ਜੇਲ੍ਹ ਵਿੱਚ ਰਹੇ ਤੇ 29 ਅਪ੍ਰੈਲ 1959 ਨੂੰ ਰਿਹਾ ਹੋਏ। ਸਾਧ ਸੰਗਤ ਦੀਆਂ ਖੁਸ਼ੀਆਂ ਦਾ ਟਿਕਾਣਾ ਨਹੀਂ ਸੀ। ਵਰਤਮਾਨ ਸਤਿਗੁਰੂ ਜੀ ਨੇ ਸੁਖ ਦਾ ਸਾਹ ਲਿਆ। ਬਾਕੀਆਂ ਵਿਚੋਂ ਕੰਧਾਰਾ ਸਿੰਘ ਨੂੰ ਫਾਂਸੀ ਹੋਈ ਤੇ ਹੋਰ ਤਿੰਨਾਂ ਨੇ ਉਮਰ ਕੈਦ ਕੱਟੀ।

ਮਹਾਰਾਜ ਜੀ ਨੇ ਇਹ ਲਿਖ ਕੇ "ਮੇਰੀਆਂ ਊਣਤਾਈਆਂ ਨੂੰ ਨਾ ਵੇਖਦਿਆਂ ਹੋਇਆਂ ਸਾਧ ਸੰਗਤ ਨੇ ਮੇਰੀ ਬੰਦ ਖਲਾਸੀ ਵਾਸਤੇ ਜੋ ਭਜਨ ਬੰਦਗੀ ਅਤੇ ਅਰਦਾਸੇ ਕੀਤੇ ਉਹਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਮੈਂ ਇਸ ਦਾ ਦੇਣਾ ਨਹੀਂ ਦੇ ਸਕਦਾ।" ਸੰਗਤ ਪ੍ਰਤੀ ਕ੍ਰਿਤਗਤਾ ਪ੍ਰਗਟ ਕੀਤੀ।

ਇਸੇ ਕੇਸ ਵਿਚ ਭਾਵੇਂ ਅਨਿਆਂ ਹਾਰਿਆ ਸੀ ਪਰ ਸੱਤਾ ਨੂੰ ਇਹ ਹਾਰ ਪਸੰਦ ਨਹੀਂ ਸੀ। ਉਹ ਤਾਂ ਸਤਿਗੁਰੂ ਨੂੰ ਝੁਕਾਉਣਾ ਚਾਹੁੰਦੀ ਸੀ। ਉਸ ਲਈ ਜਾਲ ਫੈਲਾਉਣਾ ਚਾਹੁੰਦੀ ਸੀ। ਹਰ ਸ਼ਾਸਕ ਵਾਂਗ ਉਹ ਵਾਧੂ ਹਿਮਾਕਤ ਵਰਤ ਰਹੀ ਸੀ। ਸੱਚੇ ਪਾਤਸ਼ਾਹ ਨਾਲੋਂ ਆਪਣੀ ਵਕਤੀ ਤਾਕਤ ਤੇ ਗਰਵ ਕਰ ਰਹੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਉਤੇ 14 ਦਿਵਾਨੀ ਕੇਸ ਕੀਤੇ ਗਏ। ਇਸ ਨਾਲ ਸਮੁਚੇ ਨਾਮਧਾਰੀ ਪੰਥ ਦਾ ਹਿਰਦਾ ਵਲੂੰਧਰਿਆ ਗਿਆ। ਕੇਸ ਕਰਨ ਵਾਲੇ ਵੀ ਸਮਝਦੇ ਸਨ ਕਿ ਕੇਸ ਸਚੇ ਨਹੀਂ ਹਨ, ਪਰ ਉਹ ਸਤਿਗੁਰੂ ਜੀ ਨੂੰ ਕਚਹਿਰੀ ਚੜ੍ਹਾਉਣਾ ਚਾਹੁੰਦੇ ਸਨ। ਪ੍ਰਤਿਵਾਦੀ ਨਹੀਂ ਸਨ ਚਾਹੁੰਦੇ ਕਿ ਸਤਿਗੁਰੂ ਜੀ ਦੀ ਥਾਂ ਕੋਈ ਵਕੀਲ ਜਾਂ ਮੁਖਤਿਆਰ ਹਾਜ਼ਰ ਹੋਵੇ। ਉਹਨਾਂ ਆਪ ਜੀ ਦੇ ਕਚਹਿਰੀ ਹਾਜ਼ਰ ਹੋ ਕੇ ਖੁਦ ਬਿਆਨ ਦੇਣ ਦੀ ਤਾਰੀਖ ਰਖੀ। ਸਤਿਗੁਰੂ ਜੀ ਝੂਠੀ ਕਚਹਿਰੀ ਵਿਚ ਹਾਜ਼ਰ ਨਾ ਹੋਣ ਦਾ ਸਿਰੜ ਰਖਦੇ ਸਨ। ਆਪ ਜੀ ਨੇ ਸਮੇਂ ਸਮੇਂ ਨਾਮਧਾਰੀ ਸਿੱਖਾਂ ਦੀ ਰਹਿਨੁਮਾਈ ਕਰਨ ਵਾਲੀ ਹਸਤੀ ਬਾਰੇ ਸੰਕੇਤ ਦੇਣੇ ਸ਼ੁਰੂ ਕਰ ਦਿਤੇ ਸਨ।

26 ਵਸਾਖ 2016 (ਮਈ 1959) ਨੂੰ ਆਪ ਜੀ ਨੇ ਡੇਰੇ ਦੇ ਮੁਖਤਿਆਰਾਂ ਤੇ ਸੇਵਾਦਾਰਾਂ ਨੂੰ ਕਿਹਾ,

"ਅੱਜ ਤੋਂ ਜਿਸ ਨੇ ਇਸ ਜਗਜੀਤ ਸਿੰਘ ਵੱਡੇ ਕਾਕੇ ਦੇ ਆਖੇ ਵਿਚ ਰਹਿਣਾ ਹੈ, ਉਹ ਇਥੇ ਰਹੇ। ਦੂਜਾ ਸਭ ਜਿਧਰੋਂ ਆਇਆ ਹੈ ਉਸ ਰਾਹ ਪਵੇ।"

–ਜੱਸ ਜੀਵਨ ਭਾਗ 6



Namdhari Elibrary NamdhariElibrary@gmail.com

27 ਵਸਾਖ ਨੂੰ ਸਰਸੇ ਸਤਿਗੁਰੂ ਜੀ ਨੂੰ ਸਿੱਖਾਂ ਗੁਰਦੁਆਰਿਆਂ ਦੀਆਂ ਵੋਟਾਂ ਬਾਰੇ ਅਰਜ਼ ਕੀਤੀ ਤਾਂ ਆਪ ਨੇ ਬਚਨ ਕੀਤਾ, "ਵੱਡੇ ਕਾਕੇ ਨੂੰ ਪੁਛ ਲਵੋ।"

ਸ੍ਰੀ ਭੈਣੀ ਸਾਹਿਬ ਸਰੀਰ ਢਿਲਾ ਹੋਣ ਸਮੇਂ ਆਪ ਨੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਚਨ ਕੀਤੇ, "ਕਾਕਾ ਤੁਸਾਂ ਪਾਠ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਨਮਿਤ ਆਰੰਭੇ ਜ਼ਰੂਰ ਸਿਰੇ ਚਾੜ੍ਹਨੇ ਭਾਵੇਂ ਕੋਠਿਆਂ ਦੀਆਂ ਕੜੀਆਂ ਵੀ ਵਿਕ ਜਾਣ।"

–ਜੱਸ ਜੀਵਨ ਭਾਗ 6

ਏਸੇ ਤਰਾਂ ਦੇ ਬਚਨ ਸੰਤ ਇੰਦਰ ਸਿੰਘ ਚਕਰਵਰਤੀ ਤੇ ਪ੍ਰੀਤਮ ਸਿੰਘ ਕਵੀ ਦੀਆਂ ਪੁਸਤਕਾਂ ਅਟੱਲ ਪ੍ਰਤਾਪੀ ਤੇ ਬੀਤੇ ਦੀਆਂ ਪੈੜਾਂ ਵਿਚ ਵੀ ਦਰਜ਼ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਕਚਹਿਰੀ ਪੇਸ਼ ਹੋਣ ਦੀ ਤਾਰੀਖ ਤੋਂ ਦੋ ਦਿਨ ਪਹਿਲਾਂ ਹੀ 22 ਅਗਸਤ ਨੂੰ ਅੰਮ੍ਰਿਤ ਵੇਲੇ 12–30 ਵਜੇ ਇਸ ਅਸਾਰ ਸੰਸਾਰ ਨੂੰ ਅਲਵਿਦਾ ਕਹਿ ਗਏ। ਸਿੱਖ ਸੰਗਤ ਲਈ ਇਕ ਵਾਰ ਘੁਪ ਹਨੇਰਾ ਹੋ ਗਿਆ, ਇੰਜ ਲੱਗਾ ਜਿਵੇਂ ਬਿਜਲੀ ਡਿਗੀ ਹੋਵੇ। ਉਹ ਰੋਣ ਕੁਰਲਾਣ ਤੇ ਵਿਲਕਣ ਲਗੇ। ਸ਼ਾਮ ਨੂੰ ਸਜਲ ਨੇਤਰੀਂ ਆਪ ਜੀ ਦਾ ਸਸਕਾਰ ਕੀਤਾ ਗਿਆ।

ਅਗਲੇ ਦਿਨ 23 ਅਗਸਤ 1959 ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿੱਚ ਸਤਿਗੁਰੂ ਸੂਰਜ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਿੱਖ ਜਗਤ ਨੂੰ, ਗੱਦੀ ਨੂੰ ਸੁਭਾਏ ਮਾਨ ਕਰਕੇ ਰੋਸ਼ਨੀ ਬਖਸ਼ਣੀ ਸ਼ੁਰੂ ਕੀਤੀ। ਮਹਾਰਾਜ ਨਿਹਾਲ ਸਿੰਘ, ਬਾਬਾ ਜੰਗ ਸਿੰਘ, ਸੰਤ ਇੰਦਰ ਸਿੰਘ ਚਕਰਵਰਤੀ, ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ ਨੇ ਆਪ ਜੀ ਨੂੰ ਪਹਿਲਾਂ ਨਮਸਕਾਰ ਕੀਤੀ ਤੇ ਫਿਰ ਬਾਕੀ ਸੰਗਤ ਨੇ।

10 ਸਤੰਬਰ ਸ੍ਰੀ ਸਤਿਗੁਰੂ ਜੀ ਦੇ ਭੋਗ ਦਾ ਮਹਾਨ ਮੇਲਾ ਹੋਇਆ। ਇਸ ਵਿੱਚ ਵਡੀ ਗਿਣਤੀ ਵਿਚ ਧਾਰਮਿਕ, ਰਾਜਨੀਤਕ, ਸਮਾਜਕ ਆਗੂਆਂ, ਅਖਬਾਰਾਂ ਦੇ ਨੁਮਾਇੰਦਿਆਂ ਤੇ ਸਿਖ ਸੰਗਤ ਨੇ ਦਰਸ਼ਨ ਦਿਤੇ। ਇਸ ਦਿਨ ਹੀ ਮਹਾਰਾਜ ਬੀਰ ਸਿੰਘ ਦੇ ਸ਼ਬਦਾਂ ਵਿਚ "ਸ੍ਰੀ ਸਤਿਗੁਰੂ ਜੀ ਦੇ ਸਦਾ ਨਿਕਟਵਰਤੀ ਭਾਈ ਵਜ਼ੀਰ ਸਿੰਘ ਜੀ ਹੱਥੀਂ ਨਾਮਧਾਰੀ ਸਾਧ ਸੰਗਤ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਸਤਾਰ ਅਰਪਣ ਕੀਤੀ ਗਈ।" –ਨਾਮਧਾਰੀ ਅਤੇ ਕਾਂਗਰਸ

ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸੰਪਰਦਾਵਾਂ ਵਿੱਚੋਂ ਮੁੱਖ ਤੌਰ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਰਾਧਾ ਸੁਆਮੀ, ਬਿਆਸ ਤੇ ਆਗਰਾ, ਸਨਾਤਨ ਧਰਮ ਸਭਾ, ਨਿਰਮਲ ਮਹਾਂ ਮੰਡਲ, ਉਦਾਸੀਨ ਮਹਾਂ ਮੰਡਲ, ਸੇਵਾ ਦਲ, ਅੱਡਣ ਸ਼ਾਹੀ ਆਦਿ ਵਿਅਕਤੀਆਂ ਵਿਸ਼ੇਸ਼ ਵਿਚੋਂ ਭਾਈ ਸਾਹਿਬ ਭਾਈ ਅਰਦਮਨ ਸਿੰਘ ਬਾਗੜੀਆਂ, ਮਹਾਰਾਜਾ ਪਟਿਆਲਾ, ਗਿਆਨ ਸਿੰਘ ਰਾੜੇਵਾਲਾ, ਲਾਲਾ ਹਰਦੇਵ ਸਹਾਇ, ਜੇ. ਐਨ. ਮਾਨਕਰ, ਸ. ਭਗਵੰਤ ਸਿੰਘ ਹਰੀ, ਘੁਮੰਡੇ ਕੇ ਪਰਵਾਰ ਆਦਿ ਤੋਂ ਇਲਾਵਾ ਗੁਰੂ ਘਰ ਪ੍ਰਤੀ ਸ਼ਰਧਾ ਪਿਆਰ ਰੱਖਣ ਵਾਲੀਆਂ ਪੰਚਾਇਤਾਂ ਨੇ ਆਪ ਜੀ ਦੇ ਸਨਮੁਖ ਪੱਗਾਂ ਦਾ ਢੇਹ ਲਾ ਦਿੱਤਾ। ਸੱਚੇ ਪਾਤਸ਼ਾਹ ਜੀ ਨੇ ਦਸਤਾਰ ਸਜਾ ਕੇ ਦਰਸ਼ਨ ਦਿਤੇ। ਸਾਧ ਸੰਗਤ ਦਾ ਇਕੱਠ, ਚਾਅ ਅਤੇ ਉਤਸ਼ਾਹ ਨਾਲ ਆਪਣੀ ਥਾਂ ਤੋਂ ਹੀ ਆਪ ਨੂੰ ਨਤਮਸਤਕ ਹੋਇਆ।

10 ਸਤੰਬਰ 1959 ਨੂੰ ਸਤਿਗੁਰੂ ਜੀ ਦੇ ਸਤਿਕਾਰ ਵਿੱਚ ਇਕੱਤਰ ਹੋਈ ਸਾਧ ਸੰਗਤ ਵਿੱਚ ਪ੍ਰਤਿਸ਼ਠਾਵਾਨ ਵਿਅਕਤੀਆਂ ਨੇ ਇੱਕ ਪਾਸੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ



Namdhari Elibrary NamdhariElibrary@gmail.com

ਸ਼ਰਧਾਂਜਲੀਆਂ ਅਰਪਣ ਕੀਤੀਆਂ ਦੂਜੇ ਪਾਸੇ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਤੀ ਸਤਿਕਾਰ ਪ੍ਰਗਟ ਕੀਤਾ ਅਤੇ ਗੁਰਗੱਦੀ ਉਤੇ ਸੁਸ਼ੋਭਿਤ ਹੋਣ ਤੇ ਵਧਾਈ ਦਿਤੀ।। ਮਾਸਟਰ ਤਾਰਾ ਸਿੰਘ ਦੇ ਸ਼ਬਦ ਸਨ : "ਹੁਣ ਮੈਂ ਬਾਬਾ ਜਗਜੀਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਤੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਆਪ ਨੂੰ ਬਰਕਤ ਬਖਸ਼ੇ ਜਿਸ ਨਾਲ ਮੁੜ ਉਹ ਬਰਕਤ ਕਾਇਮ ਰਹੇ।" ਸ. ਸਵਰਨ ਸਿੰਘ ਦਾ ਕਹਿਣਾ ਸੀ ਕਿ, "ਮੈਨੂੰ ਆਸ ਹੈ ਕਿ ਮਹਾਰਾਜ ਜਗਜੀਤ ਸਿੰਘ ਜੀ ਦੇਸ਼ ਤੇ ਕੌਮ ਖਾਤਰ ਉਸੇ ਤਰਾਂ ਕੰਮ ਕਰਨਗੇ ਜਿਵੇਂ ਵੱਡੇ ਮਹਾਰਾਜ ਕੀਤਾ ਕਰਦੇ ਸਨ।" ਗਿਆਨੀ ਜੈਲ ਸਿੰਘ ਦੇ ਸ਼ਰਧਾ ਭਰੇ ਬੋਲ ਸਨ, "ਅੱਜ ਮੈਂ ਮਹਾਰਾਜ ਜਗਜੀਤ ਸਿੰਘ ਜੀ ਨੂੰ ਮੁਬਾਰਕਬਾਦ ਦਿੰਦਿਆਂ ਅਰਜ਼ ਕਰਾਂਗਾ ਕਿ ਇਹ ਗੱਦੀ ਕੇਵਲ ਸਾਧੂ ਮਹਾਤਮਾਵਾਂ ਦੀ ਹੀ ਨਹੀਂ ਸਗੋਂ ਇਸ ਗੱਦੀ ਨੇ ਤਾਂ ਭਾਰਤ ਵਿੱਚੋਂ ਇਕ ਇਨਕਲਾਬ ਪੈਦਾ ਕੀਤਾ ਸੀ ਇਸ ਗੱਦੀ ਦੀਆਂ ਫੂਕਾਂ ਨੇ ਹੀ ਤਾਂ ਇਨਕਲਾਬੀ ਲਹਿਰਾਂ ਉਠਾਈਆਂ ਸਨ। ਮਹਾਰਾਜਾ ਜਗਜੀਤ ਸਿੰਘ ਜੀ, ਤੁਹਾਡੀਆਂ ਜ਼ੁੰਮੇਵਾਰੀਆਂ ਵੱਧ ਗਈਆਂ ਹਨ। ਦੇਸ਼ ਤੇ ਉਠੇ ਖਤਰੇ ਲਈ ਹਿੰਦ ਦੀ ਰਾਖੀ ਲਈ ਤੁਸਾਂ ਹੀ ਸਭ ਤੋਂ ਮੂਹਰੇ ਹੋਣਾ ਹੈ।"

ਪੰਡਤ ਯਗ ਦੱਤ ਸ਼ਰਮਾ ਦੇ ਸ਼ਬਦ ਸਨ ਕਿ, "ਮੈਂ ਉਸ ਆਤਮਾ ਨੂੰ ਪੁਸ਼ਪ ਭੇਟ ਕਰਦਾ ਹਾਂ ਜਿਸ ਆਤਮਾ ਨੇ ਮਹਾਰਾਜ ਜਗਜੀਤ ਸਿੰਘ ਜੀ ਵਿਚ ਆਪਣਾ ਤੇਜ ਰਖਿਆ ਹੈ।"

ਭਾਈ ਅਰਦਮਨ ਸਿੰਘ ਬਾਗੜੀਆਂ ਦਾ ਕਹਿਣਾ ਸੀ ਕਿ, "ਮੈਂ ਉਮੀਦ ਕਰਦਾ ਹਾਂ ਕਿ ਮਹਾਰਾਜ ਜਗਜੀਤ ਸਿੰਘ ਜੀ, ਮਹਾਰਾਜ ਪਰਤਾਪ ਸਿੰਘ ਜੀ ਦੀ ਰੂਹਾਨੀ ਸ਼ਕਤੀ ਨਾਲ ਥਾਂ ਪੂਰੀ ਕਰਨਗੇ।"

ਮਹਾਰਾਜ ਕਿਰਪਾਲ ਸਿੰਘ ਰਾਧਾ ਸੁਆਮੀ ਨੇ ਬਚਨ ਕੀਤੇ, "ਮੇਰੇ ਅੰਦਰ ਉਹਨਾਂ ਦੀ ਮਹਾਨ ਇਜ਼ਤ ਹੈ ਤੇ ਖੁਸ਼ੀ ਹੈ ਕਿ ਮਹਾਰਾਜ ਜੀ ਦੀ ਜ਼ਿੰਦਗੀ ਦੀ ਪ੍ਰੇਰਨਾ ਬਾਬਾ ਜਗਜੀਤ ਸਿੰਘ ਨੂੰ ਵੀ ਮਿਲੇਗੀ।"

ਸ਼੍ਰੀ ਜੇ. ਐਨ. ਮਾਨਕਰ ਅਤੇ ਲਾਲਾ ਹਰਦੇਵ ਸਹਾਇ ਨੇ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਪਹਿਲਾਂ ਵਾਂਗ ਹੀ ਗਊ ਪ੍ਰੇਮ ਰੱਖਣ ਦੀ ਆਸ ਜ਼ਾਹਰ ਕੀਤੀ।

ਗੁਰਸਿੱਖਾਂ ਲਈ ਕਾਇਆ ਪਲਟ ਕੇ ਆਈ ਉਸੇ ਜੋਤਿ ਅਤੇ ਜੁਗਤ ਪ੍ਰਤੀ ਆਪਣੀ ਆਸਥਾ ਰੱਖ ਕੇ ਸ਼ਰਧਾ ਭਾਵਨਾ ਪ੍ਰਗਟ ਕਰ ਕੇ, ਰੋਗ ਸੋਗ ਮਿਟਾਉਣ ਦੇ ਸੁੱਖਾਂ ਦੀ ਸ਼ੁਰੂਆਤ ਹੋ ਚੁਕੀ ਸੀ।

ਅਜ਼ਾਦੀ ਤੋਂ 12 ਸਾਲ ਬਾਅਦ ਤੱਕ ਨਾਮਧਾਰੀ ਸਿੱਖ ਬਦਲਦੇ ਰਾਜਨੀਤਕ, ਸਮਾਜਕ ਮਾਹੌਲ ਦੇ ਬਾਵਜੂਦ ਆਪਣੇ ਸਤਿਗੁਰ ਦੇ ਆਸਰੇ ਨਾਲ ਆਪਣੇ ਪੈਰਾਂ ਤੇ ਖੜ੍ਹੇ ਹੋ ਚੁਕੇ ਸਨ। ਉਹਨਾਂ ਦਾ ਭਾਰਤ ਦੇ ਵੱਖ ਵੱਖ ਪਿੰਡਾਂ ਸ਼ਹਿਰਾਂ ਵਿਚ ਹੀ ਨਹੀਂ ਥਾਈਲੈਂਡ ਤੇ ਈਸਟ ਅਫਰੀਕਾ ਦੇ ਰਾਜਾਂ ਵਿਚ ਵੀ ਵਸੇਬਾ ਹੋ ਚੁਕਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ 1959 ਤੱਕ ਇਹਨਾਂ ਥਾਵਾਂ ਦੀ ਸੰਗਤ ਨੂੰ ਨਿਵਾਜਦੇ ਰਹੇ ਸਨ। ਆਪ ਜੀ ਨੇ 1959 ਦਾ ਆਖਰੀ ਹੋਲਾ ਕੰਪਾਲਾ (ਯੂਗੰਡਾ) ਕੀਤਾ ਸੀ। ਉਹ ਆਪਣੇ ਵਿਕਾਸ ਲਈ ਨਵਿਆਂ ਦਿਸਹੱਦਿਆਂ ਦੀ ਭਾਲ ਕਰਨ ਲਗ ਪਏ ਸਨ।



Namdhari Elibrary NamdhariElibrary@gmail.com

# ਸੰਗਠਨ ਤੇ ਪ੍ਰਸਾਰ

ਜਿਨ੍ਹਾਂ ਪ੍ਰਸਥਿਤੀਆਂ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ 1959 ਵਿਚ ਦੇਹ ਦਾ ਉਹਲਾ ਕਰਨਾ ਪਿਆ, ਉਹਨਾਂ ਨੇ ਸ਼ਰਧਾਵਾਨ ਸਿੱਖਾਂ ਦੇ ਮਨਾਂ ਵਿਚ ਉਦਾਸੀ ਲਿਆ ਦਿਤੀ ਸੀ। ਉਹ ਸੋਚਣ ਲਈ ਮਜਬੂਰ ਸਨ ਕਿ ਕਿਸੇ ਦੇ ਚੁੱਕੇ ਚੁਕਾਏ ਕੁਝ ਭੁੱਲੜ ਸਿਖਾਂ ਵਲੋਂ ਪੈਦਾ ਕੀਤੇ ਸੰਕਟ ਵਿਚੋਂ ਪੰਥ ਕਿਵੇਂ ਉਭਰੇਗਾ? ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਕਿਹੜੀਆਂ ਜੁਗਤਾਂ ਅਪਨਾਉਣਗੇ?

ਸਤਿਗੁਰੂ ਜੀ ਸਿੱਖਾਂ ਦੇ ਉਦਾਸ ਚਿਹਰੇ ਦੇਖ ਕੇ ਉਹਨਾਂ ਦੀ ਫਿਕਰ, ਚਿੰਤਾ, ਨਿਰਾਸ਼ਾ ਤੇ ਉਦਾਸੀ ਦੀ ਮਨੋ ਦਸ਼ਾ ਨੂੰ ਸਮਝ ਰਹੇ ਸਨ। ਉਹਨਾਂ ਲਈ ਪੰਥ ਵਿੱਚ ਫਿਰ ਬਸੰਤ ਬਹਾਰ ਲਿਆਉਣਾ ਕਿਹੜੀ ਔਖੀ ਗੱਲ ਸੀ। ਉਹਨਾਂ ਨੇ ਸਭ ਤੋਂ ਪਹਿਲਾਂ ਕਲਮਾਂ ਵਾਲਿਆਂ ਨੂੰ ਸੱਦਾ ਦਿਤਾ ਕਿ ਲੋਕ ਮਨਾਂ ਵਿਚ ਜਾਗਰੂਕਤਾ, ਚੇਤਨਤਾ ਪੈਦਾ ਕਰਨ। ਆਪ ਜੀ ਨੇ 3 ਅਕਤੂਬਰ 1959 ਨੂੰ ਲੁਧਿਆਣੇ ਹੋਈ ਤੀਸਰੀ ਸਰਬ ਹਿੰਦ ਲੇਖਕ ਕਾਨਫਰੰਸ ਵਿੱਚ ਆਪਣੇ ਪ੍ਰਥਮ ਲੋਕ ਭਾਸ਼ਣ ਵਿਚ ਫੁਰਮਾਇਆ,

"ਸਾਹਿਤਕਾਰਾਂ ਜ਼ੁੰਮੇ ਇੱਕ ਬੜਾ ਭਾਰਾ ਫਰਜ਼ ਹੈ-ਉਹ ਜਨਤਾ ਨੂੰ ਵਿਦਿਆ ਦੇਣ, ਗਿਆਨ ਦੇਣ ਤੇ ਉਚਾ ਉਠਣ ਦੀ ਪ੍ਰੇਰਨਾ ਦੇਣ। ਉਹ ਅਜੇਹਾ ਸਾਹਿਤ ਪੈਦਾ ਕਰਨ ਜਿਸ ਰਾਹੀਂ ਜਨ ਸਧਾਰਨ ਦਾ ਆਚਰਣ ਉਚਾ ਉਠ ਸਕੇ। ਢੱਠੇ ਨਿਤਾਣੇ, ਕਮਜ਼ੋਰਾਂ ਵਿੱਚ ਹੌਂਸਲੇ ਦਾ ਸੰਚਾਰ ਹੋ ਸਕੇ ਤਾਂ ਕਿ ਸਾਡੇ ਦੇਸ਼ ਦਾ ਕਲਿਆਣ ਹੋਵੇ। ਇਸ ਦਾ ਦੂਜੇ ਦੇਸਾਂ ਵਿੱਚ ਸਤਿਕਾਰ ਵਧੇ ਫੁਲੇ।"

ਇਹ ਦਿਸ਼ਾ ਨਿਰਦੇਸ਼ ਨਾਮਧਾਰੀ ਸਾਹਿਤਕਾਰਾਂ ਲਈ ਵੀ ਸੀ ਜਿਨ੍ਹਾਂ ਵਿਚੋਂ ਉਸ ਸਮੇਂ ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਤਰਨ ਸਿੰਘ ਵਹਿਮੀ, ਮੰਗਲ ਸਿੰਘ ਲਾਇਲਪੁਰੀ, ਪ੍ਰੀਤਮ ਸਿੰਘ ਕਵੀ, ਬਿਸ਼ਨ ਸਿੰਘ ਹਿਸਟੋਰੀਅਨ, ਅਮਰ ਭਾਰਤੀ ਆਦਿ ਪ੍ਰਮੁੱਖ ਸਨ। ਕਵੀ ਜੀ ਸਤਿਜੁਗ ਦੇ ਸੰਪਾਦਕ ਸਨ ਤੇ ਲਾਇਲਪੁਰੀ ਜੀ ਤੇ ਭਾਰਤੀ ਜੀ ਰੋਜ਼ਾਨਾ ਨਵਾਂ ਹਿੰਦੁਸਤਾਨ ਦੇ। ਬਾਕੀ ਸੁਤੰਤਰ ਕਲਮਾਂ ਸਨ।

ਸਤਿਗੁਰੂ ਜੀ ਦੇ ਸਿਮਰਨ, ਨਿਮਰਤਾ, ਦ੍ਰਿੜਤਾ, ਦੂਰਅੰਦੇਸ਼ੀ ਤੇ ਧੀਰਜ ਦੇ ਕਾਰਨ ਝੂਠੇ ਮੁਕੱਦਮੇ ਆਪਣੀ ਮੌਤ ਆਪ ਮਰਨ ਲੱਗੇ। ਆਪ ਜੀ ਨੇ 8 ਤੋਂ 10 ਸਤੰਬਰ 1960 ਦੇ ਪੰਜਾਬੀ ਸਮਾਗਮ ਵਿਚ ਉਦਾਰਤਾ ਦਿਖਾ ਕੇ ਐਲਾਨ ਕਰਵਾ ਦਿਤਾ ਕਿ ਭਟਕੇ ਹੋਏ ਸਾਰੇ ਸਿਖਾਂ ਦੀ ਬਖ਼ਸ਼ਬੰਦੀ ਕੀਤੀ ਜਾਂਦੀ ਹੈ। ਇਸ ਨੇ ਉਹਨਾਂ ਮਨਾਂ ਦੀ ਕਠੋਰਤਾ ਨੂੰ ਪੰਘਾਰਿਆ ਜਿਹੜੇ ਕੁਰਾਹੇ ਪੈ ਗਏ ਸਨ। ਸ੍ਰੀ ਸਤਿਗੁਰੂ ਜੀ ਦੇ ਪ੍ਰਚਾਰ ਦੌਰਿਆਂ ਗੰਗਾ ਨਗਰ, ਸ੍ਰੀ ਭੈਣੀ ਸਾਹਿਬ, ਬਾਜਾਖਾਨਾ (ਫਰੀਦਕੋਟ), ਸੰਤ ਨਗਰ, ਜ਼ਿਲ੍ਹਾ ਹਿਸਾਰ ਦੇ ਵਖ ਵਖ ਥਾਵਾਂ ਦੇ ਹੋਲਿਆਂ ਤੇ ਵਸਾਖੀ 1962 ਦੇ ਹਰਿਦੁਆਰ ਕੁੰਭ ਦੇ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦਿਦਾਰ ਨਾਲ ਸਾਧ ਸੰਗਤ ਦੀ ਦਰਸ ਪਿਆਸ ਦੀ ਤ੍ਰਿਪਤੀ ਹੁੰਦੀ ਤੇ ਬਚਨ ਸੁਣਕੇ ਮਨ ਹਰਿਆ ਹੁੰਦਾ। ਇਹਨਾਂ ਸਮਾਗਮਾਂ ਤੇ ਨਵੇਂ ਸਿੱਖ ਵੀ ਸਜਦੇ



Namdhari Elibrary NamdhariElibrary@gmail.com

ਜਿਸ ਲਈ ਪੰਡਤ ਗੁਪਾਲ ਸਿੰਘ ਦਾ ਦਿਵਾਨ ਵੱਧ ਪ੍ਰਭਾਵਸ਼ਾਲੀ ਰਹਿੰਦਾ।

ਰਾਜਨੀਤਕ ਹਲਕਿਆਂ ਵਿਚ ਵੀ ਆਗੂਆਂ ਦੀ ਸੋਚ ਵਿਚ ਮੋੜਾ ਪਿਆ। ਸਤਿਗੁਰੂ ਜੀ ਨੇ ਆਪ ਹੀ ਐਸੀ ਬਿਧ ਬਣਾਈ ਕਿ ਇਕ ਦਿਨ ਕਾਰ ਉਤੇ ਲੁਧਿਆਣੇ ਤੋਂ ਸਿੱਖਾਂ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਆਉਂਦਿਆਂ ਆਪ ਨੇ ਤਿੰਨ ਕੁ ਕਾਰਾਂ ਜਮਾਲਪੁਰ ਲਾਗੇ ਸੜਕ ਕੰਢੇ ਰੁਕੀਆਂ ਵੇਖੀਆਂ। ਆਪ ਰੁਕ ਗਏ ਕਿ ਜੇ ਉਹਨਾਂ ਕਾਰਾਂ ਵਿੱਚ ਕੋਈ ਖ਼ਰਾਬੀ ਹੋਵੇ ਤਾਂ ਮਦਦ ਕਰੀਏ। ਪਰ ਨੇੜਿਓਂ ਹੀ ਬਾਜਰੇ ਦੀਆਂ ਪੈਲੀਆਂ ਵਿਚੋਂ ਪੰਜਾਬ ਦੇ ਮੁਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਨਿਕਲੇ। ਉਹ ਜਲ ਵਰਤ ਕੇ (ਪਿਸ਼ਾਬ ਕਰਕੇ) ਆ ਰਹੇ ਸਨ। ਉਹਨਾਂ ਸਤਿਗੁਰੂ ਜੀ ਵਲ ਆ ਕੇ ਗੋਡੀਂ ਹੱਥ ਲਾ ਕੇ ਸਤਿਕਾਰ ਪ੍ਰਗਟ ਕੀਤਾ ਤੇ ਨਾਲ ਹੀ ਕਿਹਾ ਕਿ ਤੁਸੀਂ ਮਿਲਣ ਨਹੀਂ ਆਉਂਦੇ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, "ਮਿਲਣ ਵਾਲੇ ਹਾਲਾਤ ਬਣਨ ਤਾਂ ਹੀ ਮਿਲਿਆ ਜਾ ਸਕਦਾ ਹੈ।" ਫਿਰ ਕੈਰੋਂ ਦੇ ਸੱਦੇ ਤੇ ਆਪ ਚੰਡੀਗੜ੍ਹ ਪਧਾਰੇ। ਉਥੇ ਹੋਏ ਬਚਨ ਬਿਲਾਸਾਂ ਤੋਂ ਕੈਰੋਂ ਨੂੰ ਅਹਿਸਾਸ ਹੋਇਆ ਕਿ ਨਾਮਧਾਰੀ ਪੰਥ ਨਾਲ ਜ਼ਿਆਦਤੀ ਹੋਈ ਹੈ। ਉਸ ਨੇ ਉਸ ਜ਼ਿਆਦਤੀ ਦਾ ਪਸਚਾਤਾਪ ਕੀਤਾ। ਉਹ ਸ੍ਰੀ ਸਤਿਗੁਰੂ ਜੀ ਦਾ ਹੁਕਮ ਮੰਨ ਕੇ 24 ਮਾਰਚ 1962 ਨੂੰ ਹੋਲੇ ਮਹੱਲੇ ਤੇ ਧਾਜੇਖਾਨੇ ਤੇ 13 ਜੂਨ 1962 ਈ. ਨੂੰ ਪਸ਼ੂ ਪ੍ਰਦਰਸ਼ਨੀ ਵਿਚ ਸ੍ਰੀ ਜੀਵਨ ਨਗਰ ਆ ਕੇ ਇਹ ਦੂਰੀ ਖ਼ਤਮ ਕਰਨ ਲਈ ਪਹੁੰਚੇ ਤੇ ਢੁਕਵੇਂ ਸ਼ਬਦ ਕਹੇ।

ਇਸ ਸਾਲ ਪਹਾੜਾਂ ਤੇ ਮੂਸਲਾਧਾਰ ਬਾਰਸ਼ਾਂ ਹੋਣ ਨਾਲ ਇਲਾਕਾ ਸ੍ਰੀ ਜੀਵਨ ਨਗਰ ਵਿਚੋਂ ਲੰਘਦੇ ਦਰਿਆ ਘੱਗਰ ਵਿਚ ਹੜ੍ਹ ਆ ਗਿਆ। ਪਿੰਡਾਂ ਦੇ ਲੋਕ ਦੋਹੀਂ ਕੰਢੀਂ ਬੰਨ੍ਹ ਉਤੇ ਖੜ੍ਹੇ ਸਨ ਤਾਂਕਿ ਬੰਨ੍ਹ ਟੁੱਟਣ ਨਾਲ ਨੁਕਸਾਨ ਨਾ ਹੋਵੇ। ਸ੍ਰੀ ਸਤਿਗੁਰੂ ਜੀ ਨੇ ਉਹਨਾਂ ਦੇ ਹੌਂਸਲੇ ਬੁਲੰਦ ਰਖਣ ਲਈ ਬੰਨ੍ਹ ਉਤੇ ਦਰਸ਼ਨ ਦਿਤੇ। ਉਸਨੂੰ ਮਿੱਟੀ ਪਾ ਪਾ ਕੇ ਉੱਚਾ ਕਰਦੇ ਰਹਿਣ ਲਈ ਬਚਨ ਕੀਤਾ। ਇਸਦਾ ਅਸਰ ਇਹ ਵੀ ਹੋਇਆ ਕਿ ਬੰਨ੍ਹ ਤੇ ਖੜ੍ਹੇ ਲੋਕਾਂ ਦੇ ਦੂਜੀ ਧਿਰ ਵਲੋਂ ਬੰਨ੍ਹ ਤੋੜਨ ਦੇ ਭੈਅ ਦੀ ਕੜਵਾਹਟ ਖ਼ਤਮ ਹੋ ਗਈ ਤੇ ਕਿਸੇ ਬੰਨ੍ਹ ਤੋੜਿਆ ਵੀ ਨਾ, ਸਗੋਂ ਪੱਕਾ ਕੀਤਾ।

1963 ਈ. ਦੇ ਸੰਤ ਨਗਰ ਦੇ ਹੋਲੇ ਸਮੇਂ ਕੇਂਦਰੀ ਮੰਤਰੀ ਰਾਮ ਸੁਭਾਗ ਸਿੰਘ ਦੇ ਬੈਠਿਆਂ ਸ. ਤੇਜਾ ਸਿੰਘ (ਖੂਹ ਅੰਮ੍ਰਿਤਸਰੀਆਂ ਦਾ ਇਲਾਕਾ ਸ੍ਰੀ ਜੀਵਨ ਨਗਰ) ਨੇ ਦਸਿਆ ਕਿ ਉਸ ਦੇ ਅਤੇ ਉਸਦੇ ਸਾਥੀਆਂ ਰਾਹੀਂ ਸਤਿਗੁਰੂ ਪ੍ਰਤਾਪ ਸਿੰਘ ਅਤੇ ਆਪ ਜੀ ਦੇ ਪੱਖੀਆਂ ਉਤੇ ਕੀਤੇ ਤੇ ਕਰਵਾਏ ਮੁਕੱਦਮੇ ਝੂਠੇ ਸਨ। ਉਹ ਈਰਖਾ, ਵੈਰ ਭਾਵ ਅਤੇ ਵਿਰੋਧ ਲਈ ਕੀਤੇ ਗਏ ਸਨ। ਇਸ ਦਾ ਉਹਨਾਂ ਨੂੰ ਹੁਣ ਪਛਤਾਵਾ ਹੈ। ਇਸ ਨਾਲ ਤਸਵੀਰ ਹੋਰ ਸਾਫ਼ ਹੋ ਗਈ। ਹੋਲੇ ਵਿਚ ਆਏ ਦੇਸਾਂ ਪ੍ਰਦੇਸਾਂ ਦੇ ਨਾਮਧਾਰੀ ਸਿੱਖਾਂ ਨੇ ਸੁਖ ਦਾ ਸਾਹ ਲਿਆ।

ਜੂਨ 1963 ਵਿਚ ਪੰਜਾਬ ਦਾ ਸਧਾਰਨ ਜਿਹਾ ਪਿੰਡ ਖੋਟੇ (ਫਿਰੋਜ਼ਪੁਰ) ਸੰਸਾਰ ਦੀ ਪ੍ਰੈਸ ਦੀਆਂ ਸੁਰਖੀਆਂ ਤੇ ਮੀਡੀਏ ਦੀ ਪਹੁੰਚ ਵਿਚ ਆ ਗਿਆ। ਇਥੇ 3 ਜੂਨ ਨੂੰ ਅਨੰਦ ਕਾਰਜ ਸ਼ਤਾਬਦੀ ਮਨਾਈ ਗਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 100 ਸਾਲ ਪਹਿਲਾਂ ਇਸੇ ਪਿੰਡ ਵਿਚ ਗੁਰਮਤ ਅਨੰਦ ਮਰਯਾਦਾ ਆਰੰਭ ਕੀਤੀ ਸੀ। ਆਪ ਜੀ ਨੇ ਪਹਿਲੀ ਵਾਰ ਬਿਨਾਂ ਦਾਜ, ਦਹੇਜ, ਅੰਤਰਜਾਤੀ, ਸਮੂਹਿਕ 6 ਜੋੜਿਆਂ ਨੂੰ ਸਣੇ ਕੇਸੀਂ ਇਸ਼ਨਾਨ ਕਰਵਾ ਕੇ ਅੰਮ੍ਰਿਤ ਛਕਾ ਕੇ, ਹਵਨ ਦੁਆਲੇ ਬੇਦੀ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਪੜ੍ਹ ਕੇ ਅਤੇ ਚਾਰ ਲਾਵਾਂ ਲੈ ਕੇ ਅਨੰਦ ਕਾਰਜ ਕੀਤੇ ਸਨ। ਸ੍ਰੀ ਸਤਿਗੁਰੂ ਜੀ ਇਸ ਸ਼ਤਾਬਦੀ ਤੇ 149



Namdhari Elibrary NamdhariElibrary@gmail.com

ਅਨੰਦ ਕਾਰਜ ਇਕੱਠੇ ਉਸੇ ਮਰਯਾਦਾ ਨਾਲ ਕੀਤੇ। ਇਸ ਦੀ ਵਿਸ਼ਵ ਭਰ ਵਿਚ ਸੋਭਾ ਹੋਈ।

ਇਹਨਾਂ ਦਿਨਾਂ ਵਿਚ ਕੀਨੀਆਂ ਦੇ ਨਵੇਂ ਹਾਕਮ ਨਾਲ ਨਾਮਧਾਰੀ ਸਿੱਖਾਂ ਦਾ ਸੰਬੰਧ ਪੱਕਾ ਹੋਇਆ। ਕੀਨੀਆਂ ਅਜ਼ਾਦ ਹੋਇਆ ਤਾਂ ਜੋਮੋ ਕਨਿਆਟਾ ਇਸ ਦੇ ਪਹਿਲੇ ਪ੍ਰਧਾਨ ਮੰਤਰੀ ਨੂੰ ਸ੍ਰੀ ਸਤਿਗੁਰੂ ਜੀ ਨੇ 9 ਜਨਵਰੀ 1963 ਨੂੰ ਇਕ ਪੱਤਰ ਰਾਹੀਂ ਸ਼ੁਭ ਕਾਮਨਾਵਾਂ ਭੇਜੀਆਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ 1959 ਦੇ ਦੌਰੇ ਸਮੇਂ ਫੁਰਮਾਇਆ ਸੀ ਕਿ ਕੀਨੀਆਂ ਦਸ ਸਾਲਾਂ ਵਿਚ ਆਜ਼ਾਦ ਹੋ ਜਾਵੇਗਾ। ਏਸੇ ਬਾਰੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਇਹ ਬਚਨ 16 ਮਈ 1962 ਨੂੰ ਅਖਬਾਰ ਈਸਟ ਅਫਰੀਕਨ ਸਟੈਂਡਰਡ ਨੇ ਛਾਪੇ – "ਉਹਨਾਂ ਨੂੰ ਆਸ ਹੈ ਜਦੋਂ ਮੈਂ ਫਿਰ ਆਵਾਂਗਾ ਉਦੋਂ ਤਕ ਅਫਰੀਕੀ ਲੋਕਾਂ ਨੇ ਆਜ਼ਾਦੀ ਦਾ ਉਦੇਸ਼ ਪ੍ਰਾਪਤ ਕਰ ਲਿਆ ਹੋਵੇਗਾ।" ਸਮਝਿਆ ਜਾਂਦਾ ਸੀ ਕਿ ਆਪ ਜੀ ਦਾ ਵਰ ਹੀ ਫਲੀਭੂਤ ਹੋਇਆ ਸੀ। ਆਪ ਨੇ ਅਪਰੈਲ–ਮਈ 1962 ਵਿਚ ਕੀਨੀਆਂ, ਯੁਗਾਂਡਾ ਦਾ ਦੌਰਾ ਕੀਤਾ ਸੀ। ਉਂਜ ਉਸ ਤੋਂ ਪਹਿਲਾਂ ਵੀ 1961 ਵਿਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਲਾਹਾ ਥਾਈਲੈਂਡ, ਜਪਾਨ, ਹਾਂਗਕਾਂਗ ਦੇ ਵਸਨੀਕਾਂ ਤੇ ਸੰਗਤ ਨੂੰ ਮਿਲਦਾ ਰਿਹਾ ਸੀ। ਆਉਣ ਵਾਲੇ ਸਾਲਾਂ 1963–64 ਵਿਚ ਵੀ ਥਾਈਲੈਂਡ ਤੇ ਈਸਟ ਅਫਰੀਕੀ ਦੇਸਾਂ ਕੀਨੀਆਂ, ਯੁਗਾਂਡਾ, ਤਨਜ਼ਾਨੀਆ ਦੇ ਨਾਮਧਾਰੀ ਸਿਖਾਂ ਨੇ ਸ੍ਰੀ ਸਤਿਗੁਰੂ ਜੀ ਦੇ ਦੌਰਿਆਂ ਸਮੇਂ ਅੱਖਾਂ ਵਿਛਾਈ ਰਖੀਆਂ ਸਨ।

ਭਾਰਤ ਦੇ ਰਾਜਨੀਤਕ ਆਗੂ ਸੁਤੰਤਰਤਾ ਸੰਗ੍ਰਾਮ ਸਮੇਂ ਦੀ ਸਾਂਝ ਕਾਰਨ ਨਾਮਧਾਰੀ ਸਤਿਗੁਰੂ ਤੇ ਸਿੱਖਾਂ ਪ੍ਰਤੀ ਸਨਮਾਨ ਦੀ ਭਾਵਨਾ ਰਖਦੇ ਸਨ। ਸੋ ਇਹਨਾਂ ਦੇ ਸਮਾਗਮਾਂ ਵਿਚ ਸ਼ਾਮਲ ਹੋ ਕੇ ਖੁਸ਼ੀ ਮਹਿਸੂਸ ਕਰਦੇ ਸਨ। ਇਹਨਾਂ ਵਲੋਂ ਵੀ ਦੇਸ਼ ਦੀ ਉਸਾਰੀ ਵਿਚ ਸਰਕਾਰ ਦਾ ਪੂਰਾ ਸਹਿਯੋਗ ਦਿਤਾ ਜਾਂਦਾ। ਦਿੱਲੀ 1964 ਈ. ਦੇ ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਮਨਾਏ ਗਏ ਬਸੰਤ ਦੇ ਮੇਲੇ ਸਮੇਂ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਅਤੇ ਗ੍ਰਹਿ ਮੰਤਰੀ ਸ਼੍ਰੀ ਗੁਲਜਾਰੀ ਲਾਲ ਨੰਦਾ ਉਚੇਚਾ ਪਧਾਰੇ।

ਪੰਡਤ ਨਹਿਰੂ ਦੇ 27 ਮਈ 1964 ਨੂੰ ਪ੍ਰਲੋਕ ਸਿਧਾਰਨ ਬਾਅਦ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਨੂੰ ਪ੍ਰਧਾਨ ਮੰਤਰੀ ਚੁਣਿਆ ਗਿਆ ਤਾਂ ਸ੍ਰੀ ਸਤਿਗੁਰੂ ਜੀ ਨੇ ਸਭ ਨੂੰ ਫਿਕਰ ਝਮੇਲੇ ਤੇ ਪ੍ਰਾਂਤਕ ਸੋਚ ਛਡਕੇ ਉਹਨਾਂ ਦੀ ਮਦਦ ਕਰਨ ਲਈ ਸੰਦੇਸ਼ ਦਿਤਾ।

ਨਾਮਧਾਰੀ ਸਿਖ ਗਊ ਰਖਿਅਕ ਹੀ ਨਹੀਂ ਗਊ ਪਾਲਕ ਵੀ ਹਨ। ਇਹਨਾਂ ਦੀਆਂ ਗਊਆਂ ਰੀਝ ਨਾਲ ਪਾਲੀਆਂ ਹੋਣ ਕਰਕੇ ਨਰੋਏ ਪਿੰਡੇ ਵਾਲੀਆਂ ਤੇ ਵਧ ਦੁੱਧ ਦੇਣ ਵਾਲੀਆਂ ਸਨ। ਸ੍ਰੀ ਭੈਣੀ ਸਾਹਿਬ ਇਹਨਾਂ ਦੀਆਂ ਘੁੜਸ਼ਾਲਾਵਾਂ ਦੇ ਨਾਲ ਗਊਸ਼ਾਲਾਵਾਂ ਸਨ। ਇਹ ਸਮੇਂ ਸਮੇਂ ਪਸ਼ੂ ਪ੍ਰਦਰਸ਼ਨੀ ਵਿਚ ਹਿੱਸਾ ਲੈਂਦੇ ਹਨ। 1962 ਦੇ ਸੈਂਟਰਲ ਕੌਂਸਲ ਆਫ ਗੋ ਸੰਵਰਧਨ (ਭਾਰਤ ਸਰਕਾਰ) ਵਲੋਂ ਕਰਵਾਏ ਮੁਕਾਬਲਿਆਂ ਵਿੱਚ ਸਾਹੀਵਾਲ ਨਸਲ ਦੀ ਪੁਤਲੀ ਨਾਂ ਦੀ ਗਊ ਨੇ ਰੋਜ਼ਾਨਾਂ 21 ਸੇਰ ਦੁੱਧ ਦੇ ਕੇ ਪਹਿਲਾ ਤੇ ਨੌਲੱਖੀ ਨੇ 20 ਸੇਰ ਦੁਧ ਦੇ ਕੇ ਦੂਜਾ ਮੁਕਾਬਲਾ ਜਿਤਿਆ। ਪੁਤਲੀ ਦੇ ਹੋਰ ਵੱਧ ਦੁਧ ਦੇਣ ਕਰਕੇ 23 ਮਾਰਚ 1965 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਭਾਰਤ ਸਰਕਾਰ ਨੇ ਗੋਪਾਲ ਰਤਨ ਦਾ ਤਮਗਾ ਭੇਟ ਕੀਤਾ। ਇਸ ਸੰਬੰਧੀ ਗੋ ਸੰਵਰਧਨ ਸੰਮੇਲਨ ਹੈਦਰਾਬਾਦ (ਆਂਧਰਾ ਪ੍ਰਦੇਸ਼)



Namdhari Elibrary NamdhariElibrary@gmail.com

ਵਿਚ 21 ਤੋਂ 23 ਮਾਰਚ 1965 ਤਕ ਹੋਇਆ। ਜਿਸ ਵਿਚ ਸਰਕਾਰੀ ਤੇ ਗੈਰਸਰਕਾਰੀ ਅਦਾਰਿਆਂ ਨੇ ਹਿੱਸਾ ਲਿਆ। ਪਹਿਲੇ ਦਿਨ ਪ੍ਰਦੇਸ਼ ਦੇ ਮੁੱਖ ਮੰਤਰੀ ਕੇ. ਬ੍ਰਹਮਾ ਰੈਡੀ ਨੇ ਆਏ ਹਜ਼ਾਰਾਂ ਪ੍ਰਾਹੁਣਿਆਂ ਦਾ ਸੁਆਗਤ ਕੀਤਾ। ਕੇਂਦਰੀ ਖੇਤੀ ਤੇ ਖੁਰਾਕ ਮੰਤਰੀ ਸੀ. ਸੁਭਰਾਮਨੀਅਮ ਨੇ ਗਊ ਵੰਸ਼ ਦੀ ਸੰਭਾਲ ਬਾਰੇ ਤਕਰੀਰ ਕੀਤੀ। ਇਸ ਸੰਮੇਲਨ ਦਾ ਉਦਘਾਟਨ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਕੀਤਾ। ਪੁਤਲੀ ਨੇ 62 ਪੌਂਡ ਦੁੱਧ ਦੇ ਕੇ ਪ੍ਰਥਮ ਸਥਾਨ ਪ੍ਰਾਪਤ ਕੀਤਾ।

ਇਹਨਾਂ ਵਰ੍ਹਿਆ ਵਿਚ ਹੀ ਨਾਮਧਾਰੀ ਸਿਖਾਂ ਦੇ ਰੋਜ਼ਾਨਾ ਅਖ਼ਬਾਰ ਨਵਾਂ ਹਿੰਦੁਸਤਾਨ ਨੇ ਪ੍ਰੈਸ ਜਗਤ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ। ਇਹ ਅਖ਼ਬਾਰ ਪਹਿਲਾਂ ਸਪਤਾਹਿਕ ਸੀ ਅਤੇ 1962 ਵਿਚ ਰੋਜ਼ਾਨਾ ਕਰ ਦਿਤਾ ਸੀ।

ਸਤਿਜੁਗ ਸਦਾ ਵਾਂਗ ਸਪਤਾਹਿਕ ਅਖ਼ਬਾਰ ਸੀ। ਉਸ ਦਾ ਕਰਮ ਖੇਤਰ ਧਾਰਮਕ, ਸਮਾਜਿਕ ਤੇ ਸਾਹਿਤਕ ਸੀ। ਉਹ ਪੰਥਕ ਗਤੀਵਿਧੀਆਂ ਦਾ ਬੁਲਾਰਾ ਸੀ। ਨਵਾਂ ਹਿੰਦੁਸਤਾਨ ਸਮੁਚੇ ਰਾਜਨੀਤਕ ਸਮਾਜਕ ਤੇ ਧਾਰਮਕ ਜਗਤ ਵਿਚ ਵੀ ਵਿਸ਼ੇਸ਼ ਥਾਂ ਰਖਦਾ ਸੀ ਖਾਸ ਕਰਕੇ ਲਾਇਲਪੁਰੀ ਜਾਂ ਭਾਰਤੀ ਜੀ ਦੇ ਸੰਪਾਦਕੀਆਂ ਕਰਕੇ। ਉਂਝ ਦੋਵੇਂ ਸ੍ਰੀ ਸਤਿਗੁਰੂ ਜੀ ਦੀ ਦੱਸੀ ਨੀਤੀ ਅਨੁਸਾਰ ਚਲਦੇ ਸਨ।

ਨਾਮਧਾਰੀ ਸਿੰਘਾਂ ਦਾ ਰਹਿਤ ਮਰਯਾਦਾ, ਭਜਨ ਬੰਦਗੀ ਦਾ ਅਮਲ ਤੇ ਪ੍ਰਚਾਰ ਭਾਵੇਂ ਲਗਾਤਾਰ ਚਲਦਾ ਸੀ, ਫਿਰ ਵੀ ਲੋੜ ਨੂੰ ਮਹਿਸੂਸ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਨੌਜਵਾਨਾਂ ਨੂੰ ਸੰਗਠਿਤ ਕਰਨ ਵਿਚ ਨਿਜੀ ਨੇਤਾ ਬਖਸ਼ੀ। ਆਪ ਜੀ ਨੇ 1 ਸਤੰਬਰ 1962 ਨੂੰ ਉਹਨਾਂ ਦੀ ਇਕੱਤਰਤਾ ਬੁਲਾਈ। ਆਪ ਦੇ ਸਕੱਤਰ ਸੰਤ ਗੁਰਦੇਵ ਸਿੰਘ ਨੇ ਹੁਕਮ ਅਨੁਸਾਰ ਉਚੇਚੀਆਂ ਚਿਠੀਆਂ ਲਿਖੀਆਂ। ਇਸ ਬੈਠਕ ਪਿਛੋਂ ਕੁਝ ਸਮਾਂ ਤਾਂ ਖਾਸ ਮਹੱਤਵਪੂਰਨ ਬੈਠਕਾਂ ਨਹੀਂ ਹੋਈਆਂ। ਪਰ 1964 ਵਿਚ ਮੰਡੀ ਵਿਚ ਬੈਠਕ ਹੋਈ। ਫਿਰ ਅਗਲੇ ਸਾਲ 29 ਮਈ ਤੋਂ 6 ਜੂਨ ਤਕ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਮੇਲਨ ਹੋਇਆ ਤੇ ਗੱਡੀ ਚਲ ਪਈ, ਜੋਸ਼ ਤੇ ਉਤਸ਼ਾਹ ਨਾਲ।

ਸੱਠਵਿਆਂ ਦੇ ਸ਼ੁਰੂ ਵਿਚ ਹੀ ਇਕ ਹੋਰ ਖੇਤਰ ਵਿਚ ਨਾਮਧਾਰੀ ਸਿਖਾਂ ਦੀ ਸਰਗਰਮੀ ਵਧੀ। ਉਹ ਸੀ ਅਮਨ ਲਹਿਰ, ਭਾਵੇਂ ਨਾਮਧਾਰੀ ਸਦਾ ਹੀ ਅਮਨ ਪਸੰਦ ਰਹੇ ਹਨ ਪਰ ਉਹਨਾਂ ਦੀ ਇਹਨਾਂ ਸਾਲਾਂ ਵਿਚ ਇਹ ਸਰਗਰਮੀ, ਪ੍ਰਾਂਤ, ਦੇਸ਼ ਤੇ ਕੌਮਾਂਤਰੀ ਪੱਧਰ ਤਕ ਵਧ ਗਈ। ਸ੍ਰੀ ਸਤਿਗੁਰੂ ਜੀ ਨੇ ਵਿਸ਼ਵ ਅਮਨ ਕੌਂਸਲ ਦੇ ਹਰਿਆਣਾ ਦੇ ਹਿੱਸੇ ਦਾ ਪ੍ਰਧਾਨ ਬਣਨਾ ਪ੍ਰਵਾਨ ਕਰ ਲਿਆ। ਇਸ ਦੇ ਅਰਥ ਪੂਰਨ ਸੰਮੇਲਨ ਜਪਾਨ, ਪਾਕਿਸਤਾਨ, ਫਿਨਲੈਂਡ ਆਦਿ ਦੇਸ਼ਾਂ ਵਿਚ ਹੋਏ। ਭਾਰਤ ਵਿਚ ਅੰਮ੍ਰਿਤਸਰ, ਹੈਦਰਾਬਾਦ, ਦਿੱਲੀ ਆਦਿ ਵਿਚ ਸੰਮੇਲਨ ਹੋਏ।

ਦਿੱਲੀ ਵਿੱਚ 1966 ਦੇ ਨਾਮਧਾਰੀ ਹੋਲੇ ਮਹੱਲੇ ਸਮੇਂ ਹੋਈ ਕਾਨਫ਼ਰੰਸ ਵਿਚ ਅਮਨ ਕੌਂਸਲ ਦੀ ਪ੍ਰਧਾਨ ਈਸਾਬਲ ਬਲੂਮਾ, ਸਕੱਤਰ ਰਮੇਸ਼ ਤੇ ਗਾਂਧੀ ਪੀਸ ਕੌਂਸਲ ਦੇ ਚੇਅਰਮੈਨ ਡਾ. ਆਰ. ਆਰ. ਦਿਵਾਕਰ, ਅਮਰੀਕਾ ਦੇ ਰਾਜਦੂਤ ਚੈਸਟਰ ਬਾਊਲਜ਼ ਤੇ ਅਰੁਨਾ ਆਸਿਫ ਅਲੀ ਪੁਜੇ। ਵੀਅਤਨਾਮ ਦੀ ਜੰਗ ਸਮੇਂ ਵਿਸ਼ਵ ਸ਼ਾਂਤੀ ਲਈ ਇਸ ਕੌਂਸਲ ਦੀਆਂ ਸਰਗਰਮੀਆਂ ਵਧੀਆਂ। ਹੈਲਸਿੰਕੀ (ਫਿਨਲੈਂਡ) ਵਿਚ ਹੋਈ ਇਕੱਤਰਤਾ ਦਾ ਵਿਸ਼ੇਸ਼ ਮਹੱਤਵ ਰਿਹਾ।



Namdhari Elibrary NamdhariElibrary@gmail.com

ਸ਼ੁੱਧ, ਸਵੱਛ, ਸਾਤਵਿਕ, ਸ਼ਾਕਾਹਾਰੀ ਭੋਜਨ ਤਾਂ ਸੰਤ ਬਿਰਤੀ ਵਾਲੇ ਸਾਧਕ, ਸਮੁਚੇ ਨਾਮਧਾਰੀ ਪੰਥ ਦਾ ਕੇਵਲ ਪ੍ਰਵਾਨਿਤ ਭੋਜਨ ਰਿਹਾ ਹੈ। ਇਹ ਜੀਵ ਰੱਖਿਆ ਤੇ ਜੀਵ ਕਲਿਆਣ ਵੱਲ ਤੋਰਦਾ ਹੈ। ਜਦ ਵਿਸ਼ਵ ਦੇ ਕੁਝ ਹੋਰ ਸੂਝਵਾਨ ਲੋਕਾਂ ਨੇ ਇਸ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਮਾਗਮ ਕੀਤੇ ਤਾਂ ਨਾਮਧਾਰੀ ਸਿਖਾਂ ਨੇ ਉਸਨੂੰ ਆਪਣਾ ਕੰਮ ਸਮਝ ਕੇ ਸਰਗਰਮੀ ਨਾਲ ਹਿੱਸਾ ਲਿਆ। ਸ੍ਰੀ ਸਤਿਗੁਰੂ ਜੀ ਨੇ ਅੰਤਰ ਰਾਸ਼ਟਰੀ ਸ਼ਾਕਾਹਾਰੀ ਸੰਗਠਨ ਨੂੰ ਅਗਵਾਈ ਦਿੱਤੀ। ਪ੍ਰੀਤੀ ਭੋਜ ਦਿੱਤਾ ਤੇ ਇਕੱਤਰਤਾਵਾਂ ਵਿਚ ਸਰਗਰਮ ਰਹੇ।

ਸੱਠਵਿਆਂ ਦੇ ਦੂਜੇ ਅੱਧ ਵਿਚ ਕੁਝ ਨਾਮਧਾਰੀ ਪਰਵਾਰ ਈਸਟ ਅਫਰੀਕਾ ਤੋਂ ਜਾ ਕੇ ਇੰਗਲੈਂਡ ਵਿਚ ਵੱਸ ਗਏ। ਉਹਨਾਂ ਆਪਣੀ ਬਾਣੀ, ਬਾਣੇ, ਦਸਤਾਰ, ਗੁਫਤਾਰ ਨਾਲ ਆਪਣਾ ਪ੍ਰਭਾਵ ਬਣਾਇਆ ਤੇ ਕੰਮੀਂ ਕਾਰੀਂ ਲੱਗੇ।

ਸ੍ਰੀ ਸਤਿਗੁਰੂ ਜੀ ਨੇ 1966 ਵਿਚ ਥਾਈਲੈਂਡ, ਸਿੰਗਾਪੁਰ, ਮਲੇਸ਼ੀਆ ਦੇ ਦੌਰੇ ਪਿਛੋਂ 27 ਅਗਸਤ 1967 ਨੂੰ, ਯੂ. ਕੇ. ਦੀ ਸਾਧ ਸੰਗਤ ਨੂੰ ਦਰਸ਼ਨ ਦਿਤੇ। ਇਹ ਆਪ ਜੀ ਦਾ ਪੱਛਮੀ ਦੇਸ਼ਾਂ ਦਾ ਪਹਿਲਾ ਦੌਰਾ ਸੀ। ਆਪ ਪਸ਼ੂ ਪ੍ਰਦਰਸ਼ਨੀ ਵੇਖਣ ਲਈ ਪੱਛਮੀ ਜਰਮਨੀ ਤੇ ਡੈਨਮਾਰਕ ਗਏ। ਇਥੇ ਇਕ ਗਊ ਨੂੰ ਧਿਆਨ ਨਾਲ ਵੇਖ ਕੇ ਆਪ ਜੀ ਨੇ ਉਸ ਦੁਆਰਾ ਦਿਤੇ ਜਾਣ ਵਾਲੇ ਦੁੱਧ ਦਾ ਅੰਦਾਜਾ ਦਸਿਆ ਤਾਂ ਪ੍ਰਬੰਧਕ ਹੈਰਾਨ ਰਹਿ ਗਏ ਕਿ ਬਿਲਕੁਲ ਠੀਕ ਅੰਦਾਜ਼ਾ ਸੀ। ਉਹਨਾਂ ਲਈ ਇਹ ਕਿਸੇ ਦੈਵੀ ਸ਼ਕਤੀ ਰਾਹੀਂ ਕੀਤੇ ਚਮਤਕਾਰ ਨਾਲੋਂ ਘਟ ਨਹੀਂ ਸੀ। ਇਸ ਨਾਲ ਸੁਖਾਵੀਂ ਚਰਚਾ ਹੋਈ। ਆਪ ਜੀ ਦੇ ਸਿੱਖ ਹੋਣ ਕਰਕੇ ਨਾਮਧਾਰੀ ਸਿੱਖਾਂ ਪ੍ਰਤੀ ਉਹਨਾਂ ਦੀ ਸਦਭਾਵਨਾ ਵਧੀ।

1971 ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅਨੰਦਪੁਰ ਸਾਹਿਬ ਮਨਾਏ ਗਏ ਹੋਲੇ ਦੀ ਸ਼ਤਾਬਦੀ ਮਨਾਈ ਗਈ। ਇਸ ਵਿਚ ਆਪਣੀ ਹਾਜ਼ਰੀ ਲੁਆਉਣ ਲਈ ਪੰਜਾਬ ਦੇ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਉਚੇਚੇ ਪਹੁੰਚੇ। ਇਹੀ ਵਰ੍ਹਾ ਰਾਏਕੋਟ, ਅੰਮ੍ਰਿਤਸਰ, ਲੁਧਿਆਣੇ ਸ਼ਹੀਦ ਹੋਏ ਨਾਮਧਾਰੀ ਸਿੰਘਾਂ ਦਾ ਸ਼ਤਾਬਦੀ ਵਰ੍ਹਾ ਸੀ। ਇਹ ਦਿਨ ਉਚੇਚੇ ਤੌਰ ਤੇ ਹੋਲੇ ਤੋਂ ਹੀ ਮਨਾਣੇ ਸ਼ੁਰੂ ਹੋ ਗਏ ਸਨ।

ਅਗਲੇ ਸਾਲ ਹੋਰ ਹੋਣੀਆਂ ਭਰਪੂਰ ਸ਼ਤਾਬਦੀਆਂ ਦਾ ਵਰ੍ਹਾ ਸੀ। ਮਲੇਰਕੋਟਲੇ ਦੇ ਸ਼ਹੀਦਾਂ ਦੀ ਸ਼ਤਾਬਦੀ, ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਦੀ ਸ਼ਤਾਬਦੀ ਦਾ ਵਰ੍ਹਾ ਸੀ। ਇਹਨਾਂ ਨੂੰ ਮਨਾਉਣ ਲਈ ਸ. ਹਰਵਿੰਦਰ ਸਿੰਘ ਹੰਸਪਾਲ ਦੀ ਸੰਪਾਦਨਾ ਹੇਠ ਸ਼ਤਾਬਦੀ ਨਿਊਜ ਮਾਸਿਕ ਕਢਿਆ ਗਿਆ। ਸਮੁਚੇ ਪ੍ਰੈਸ ਨਾਲ ਸੰਪਰਕ ਕਰਕੇ ਲੇਖ ਛਪਵਾਏ ਗਏ ਤੇ ਵਖ ਵਖ ਇਕੱਤਰਤਾਵਾਂ ਕੀਤੀਆਂ ਗਈਆਂ। ਵੂਲਵਰਹੈਂਪਟਨ (ਯੂ.ਕੇ.) ਵਿਚ ਬ੍ਰਾਡਵੇ ਹਾਲ (ਈਲਿੰਗ) ਵਿੱਚ ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਵਿਚ ਯਾਦਗਾਰੀ ਸਮਾਗਮ ਹੋਇਆ। ਜਿਸ ਵਿਚ ਵੂਲਵਰਹੈਂਪਟਨ ਦੇ ਮੇਅਰ ਨੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਖੋਜ ਭਰਪੂਰ ਸਮੱਗਰੀ ਤਿਆਰ ਕੀਤੀ ਤੇ ਵੰਡੀ ਗਈ।

ਇਸ ਸਾਲ 2 ਥਾਈਂ ਹੋਲੇ ਮਹੱਲੇ ਕੀਤੇ ਗਏ। ਇਕ ਜਗਜੀਤ ਨਗਰ (ਸਰਸਾ) ਤੇ ਦੂਜਾ ਬੈਂਕਾਕ (ਥਾਈਲੈਂਡ) ਵਿਚ ਸੇਠ ਪਿਆਰਾ ਸਿੰਘ ਨਰੂਲਾ ਦੇ ਫਲੈਟਾਂ ਵਿਚ। ਇਹਨਾਂ ਦਾ ਮੰਤਵ ਹੋਰਾਂ ਤੋਂ ਇਲਾਵਾ ਪ੍ਰਦੇਸੀ ਪ੍ਰੀਤਮ ਦੀਆਂ ਕਥਾ ਕਹਾਣੀਆਂ, ਕੀਰਤੀਆਂ ਨੂੰ ਹੋਰ ਵੱਧ ਥਾਵਾਂ ਤੇ ਉਜਾਗਰ ਕਰਨਾ ਸੀ।



Namdhari Elibrary NamdhariElibrary@gmail.com

1973 ਵਿਚ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਕਾਰ ਸੇਵਾ ਸ੍ਰੀ ਸਤਿਗੁਰੂ ਜੀ ਨੇ ਸਿੱਖਾਂ ਸੇਵਕਾਂ ਸਹਿਤ ਸ਼ੁਰੂ ਕਰਨ ਦੀ ਕਿਰਪਾ ਕੀਤੀ। ਇਸ ਵਿਚ ਸੰਗਤ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।

ਸੱਠਵਿਆਂ ਵਿੱਚ ਨਾਮਧਾਰੀ ਸਿਖਾਂ ਦਾ ਵਿਦਿਆ ਵੱਲ ਰੁਝਾਨ ਵਧਿਆ ਸੀ। ਉਹਨਾਂ ਦੇ ਬੱਚੇ ਸਕੂਲਾਂ, ਕਾਲਜਾਂ ਵਿੱਚ ਨੌਕਰੀਆਂ ਕਰਨ ਲਗੇ। ਸ੍ਰੀ ਸਤਿਗੁਰੂ ਜੀ ਨੇ ਉਹਨਾਂ ਨੂੰ ਹੀ ਵਿਦਿਅਕ ਜਥਿਆਂ ਵਿੱਚ ਸੰਗਠਿਤ ਕੀਤਾ ਹੈ। ਜਿਸ ਦੇ ਸੰਮੇਲਨ ਪੰਜਾਬ ਤੋਂ ਬਾਹਰ ਮੰਡੀ (ਹਿਮਾਚਲ ਪ੍ਰਦੇਸ਼), ਦਿੱਲੀ, ਡਾਲਟਨਗੰਜ (ਬਿਹਾਰ), ਜੰਮੂ ਆਦਿ ਵਿਚ ਹੋਏ।

ਡਾਲਟਨਗੰਜ ਦੇ ਸੇਠ ਜੋਧ ਸਿੰਘ ਦੇ ਪਰਵਾਰ ਨੇ ਆਪ ਸਕੂਲ ਕਾਲਜ ਖੋਲ੍ਹੇ। ਇਹਨਾਂ ਸੰਤ ਜੋਧ ਸਿੰਘ ਮਹਿਲਾ ਵਿਦਿਆਲਾ ਸ਼ੁਰੂ ਕੀਤਾ ਜੋ 1968 ਵਿਚ ਕਾਲਜ ਦੇ ਰੂਪ ਵਿਚ ਕੰਮ ਕਰਨਾ ਲੱਗਾ। 1974 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਨਾਮਧਾਰੀ ਕਾਲਜ ਤੇ ਫਿਰ ਪਲਾਮੂ ਜ਼ਿਲੇ ਵਿਚ ਬਲਵੰਤ ਸਿੰਘ ਨਾਮਧਾਰੀ ਕਾਲਜ ਸਥਾਪਤ ਕੀਤੇ ਗਏ।

1975 ਵਿਚ ਸੂਬਾ ਸਾਹਿਬ ਸਿੰਘ ਦੇ ਹਜ਼ਾਰੀ ਬਾਗ ਬਿਹਾਰ (ਹੁਣ ਝਾਰਖੰਡ) ਦੀ ਜੇਲ੍ਹ ਵਿਚ ਚੜ੍ਹਾਈ ਕਰ ਜਾਣ ਦੀ ਸ਼ਤਾਬਦੀ ਮਨਾਈ ਗਈ। ਉਹਨਾਂ ਬਾਰੇ ਜਾਣਕਾਰੀ ਭਰਪੂਰ ਸਾਹਿਤ ਛਾਪ ਕੇ ਵੰਡਿਆ ਗਿਆ ਤੇ ਮੇਲਾ ਕੀਤਾ ਗਿਆ।

ਸ਼ਾਕਾਹਾਰੀ ਸੰਮੇਲਨ ਨਾਲ ਲਗਾਤਾਰ ਜੁੜੇ ਰਹਿਣ ਦਾ ਸਿਲਸਿਲਾ ਚਲਦਾ ਆ ਰਿਹਾ ਸੀ। ਇਸੇ ਨਾਲ ਇੰਗਲੈਂਡ ਦੀ ਇਕ ਜਮੀਨੀ ਸ਼ਾਕਾਹਾਰੀ ਜਥੇਬੰਦੀ ਵਿਚ ਨਾਮਧਾਰੀ ਸਿੱਖ ਸਤਿਗੁਰੂ ਜੀ ਦੀ ਰਹਿਨੁਮਾਈ ਵਿਚ ਸਰਗਰਮ ਰਹੇ। ਇਹ ਜਥੇਬੰਦੀ ਕੇਵਲ ਸ਼ਾਕਾਹਾਰੀ ਹੀ ਨਹੀਂ ਸੀ ਸਗੋਂ ਰਸਾਇਣੀ ਖਾਦਾਂ ਰਹਿਤ ਫਸਲਾਂ ਦੀ ਪੈਦਾਵਾਰ ਦਾ ਵੀ ਪ੍ਰਚਾਰ ਪ੍ਰਸਾਰ ਕਰਦੀ ਹੈ। ਸ੍ਰੀ ਸਤਿਗੁਰੂ ਜੀ ਵੀ ਖ਼ੇਤਾਂ ਵਿਚ ਰਸਾਇਣੀ ਖਾਦਾਂ ਦੀ ਵਰਤੋਂ ਤੋਂ ਵਰਜਦੇ ਹਨ।। 1971 ਵਿੱਚ ਹੇਗ (ਹਾਲੈਂਡ), 1973 ਵਿੱਚ ਸਵੀਡਨ, 1975 ਵਿਚ ਲੰਕਾ ਤੇ ਸ਼ਿਕਾਗੋ (ਯੂ. ਐਸ. ਏ.) ਵਿੱਚ ਸ਼ਾਕਾਹਾਰੀ ਸੰਮੇਲਨਾਂ ਵਿੱਚ ਹਿੱਸਾ ਲਿਆ ਗਿਆ। ਸੰਗਠਨ ਹਰ ਦਸਵੇਂ ਵਰ੍ਹੇ ਭਾਵ 1957, 1967, 1977 ਆਦਿ ਵਿਹ ਭਾਰਤ ਵਿਚ ਸਮਾਗਮ ਕਰਦਾ ਹੈ। ਇਸ ਸੰਗਠਨ ਨਾਲ ਜੁੜਨ ਪਿਛੋਂ ਸ੍ਰੀ ਸਤਿਗੁਰੂ ਜੀ ਵਲੋਂ ਪ੍ਰੀਤੀ ਭੋਜ ਦਿਤਾ ਜਾਂਦਾ ਰਿਹਾ। 25 ਨਵੰਬਰ 1977 ਨੂੰ ਥਾਈਲੈਂਡ ਦੇ ਸ਼ਾਂਤੀਦੂਤ ਡਾ. ਸੁਚਾਟ ਸ੍ਰੀ ਭੈਣੀ ਸਾਹਿਬ ਪਧਾਰੇ। ਉਹ ਅਮਨ ਤੇ ਸ਼ਾਕਾਹਾਰ ਦੇ ਰਹਿਨੁਮਾ ਸ੍ਰੀ ਸਤਿਗੁਰੂ ਜੀ ਨੂੰ ਥਾਈਲੈਂਡ ਦੇ ਬਾਦਸ਼ਾਹ ਵਲੋਂ ਸੁਨਹਿਰੀ ਚਿੰਨ੍ਹ, ਪੁਸਤਕਾਂ, ਮਾਲਾਵਾਂ ਆਦਿ ਭੇਟ ਕਰਨ ਆਏ ਸਨ। ਏਸੇ ਵਰ੍ਹੇ ਭਾਰਤੀ ਸ਼ਾਕਾਹਾਰੀ ਕਾਂਗਰਸ ਦੇ ਜਨਰਲ ਸਕੱਤਰ ਸ਼੍ਰੀ ਸੁਰਿੰਦਰ ਮਹਿਤਾ ਨਾਲ ਨਾਈਜੀਰੀਆ ਦੇ ਪ੍ਰਤੀਨਿਧ ਆਪ ਜੀ ਦੇ ਦਰਸ਼ਨ ਕਰਨ ਪਹੁੰਚੇ। ਇਸ ਤੋਂ ਪਹਿਲਾਂ 20 ਤੋਂ 23 ਨਵੰਬਰ 1976 ਨੂੰ ਵਿਗਿਆਨ ਭਵਨ ਦਿੱਲੀ ਵਿਖੇ ਚੌਵੀਵਾਂ ਸੰਸਾਰ ਸ਼ਾਕਾਹਾਰੀ ਸੰਮੇਲਨ ਹੋ ਚੁਕਾ ਸੀ ਜਿਸ ਵਿਚ 50 ਤੋਂ ਵੱਧ ਦੇਸ਼ਾਂ ਦੇ ਡੈਲੀਗੇਟ ਪੁਜੇ ਸਨ। ਉਹਨਾਂ ਨੇ ਸ੍ਰੀ ਸਤਿਗੁਰੂ ਜੀ ਪ੍ਰਤੀ ਕ੍ਰਿਤਗਤਾ ਪ੍ਰਗਟ ਕੀਤੀ।

1976 ਵਿਚ ਹੀ ਇੰਗਲੈਂਡ ਹੋਈ ਸ੍ਰੀ ਸਤਿਗੁਰੂ ਜੀ ਦੀ ਇੱਕ ਕਿਰਪਾ ਨੇ ਵਿਸ਼ਵ ਵਿਚ ਸ੍ਰੀ ਸਤਿਗੁਰੂ ਜੀ ਪ੍ਰਤੀ ਸ਼ਰਧਾ ਤੇ ਨਾਮਧਾਰੀ ਸਿਖਾਂ ਪ੍ਰਤੀ ਸਤਿਕਾਰ ਵਿੱਚ ਵਾਧਾ ਕੀਤਾ। ਔੜ ਮਾਰੇ ਯੂ. ਕੇ. ਵਿੱਚ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਮੀਂਹ ਪੈਣ ਨਾਲ ਉਥੋਂ ਦੀਆਂ ਅਖਬਾਰਾਂ ਨੇ ਆਪ ਨੂੰ ਮੀਂਹ ਦਾ ਦੇਵਤਾ ਲਿਖਿਆ।



Namdhari Elibrary NamdhariElibrary@gmail.com

26 ਅਗਸਤ 1976 ਦੇ ਇਗਲੈਂਡ ਦੇ ਇੱਕ ਅਖਬਾਰ ਵਿੱਚ ਸੋਕੇ ਬਾਰੇ ਸੋਮਾ ਮੁਖੀ ਡੈਨਿਸ ਹੋਵੈਲ ਦਾ ਬਿਆਨ ਛਪਿਆ ਕਿ ਉਹ ਕਹਿੰਦੇ ਹਨ ਕਿ ਪਿਛਲੇ 500 ਸਾਲਾਂ ਵਿਚ ਇੰਗਲੈਂਡ ਤੇ ਵੇਲਜ ਵਿਚ ਸੋਕੇ ਦਾ ਇਹ ਸਭ ਤੋਂ ਭਿਆਨਕ ਸਮਾਂ ਹੈ। ਅਗਲੇ ਦਿਨ 27 ਅਗਸਤ ਨੂੰ ਨੈਸ਼ਲਨ ਵਾਟਰ ਕੌਂਸਲ ਦੇ ਚੇਅਰਮੈਨ ਲਾਰਡ ਨੂਜੈਂਟ ਦਾ ਕਹਿਣਾ ਸੀ ਕਿ ਸਤੰਬਰ ਤੱਕ ਮੀਂਹ ਦੀ ਕੋਈ ਆਸ ਨਹੀਂ, ਦਰਿਆ ਥੇਮਜ਼ ਦਾ ਪਾਣੀ ਥੱਲੇ ਜਾ ਲੱਗਾ ਸੀ। ਪਾਣੀ ਦੀ ਵਰਤੋਂ ਤੇ ਪਾਬੰਦੀ ਲੱਗ ਗਈ ਸੀ।

ਸ੍ਰੀ ਸਤਿਗੁਰੂ ਜੀ 8 ਅਗਸਤ ਤੋਂ ਇੰਗਲੈਂਡ ਦੇ ਦੌਰੇ ਉਤੇ ਪਹੁੰਚੇ ਸਨ। ਬਹੁਤ ਸਾਰੀਆਂ ਸੰਸਥਾਵਾਂ ਵਲੋਂ ਸਲੋਅ ਵਿਚ ਆਪ ਜੀ ਦਾ ਸੁਆਗਤ ਸਤਿਕਾਰ ਹੋਇਆ ਸੀ। ਸੁਆਗਤ ਕਰਤਾਵਾਂ ਵਿਚ ਇੰਟਰਨੈਸ਼ਨਲ ਵੈਜੀਟੇਰੀਅਨ ਸੁਸਇਟੀ ਦੇ ਪ੍ਰਧਾਨ ਡਾ. ਰਹੋਰਡਨ ਲਾਟੋ, ਸਲੋਅ ਸ਼ਹਿਰ ਦੇ ਸਾਬਕਾ ਮੇਅਰ, ਕੌਂਸਲ ਦੇ ਲੀਡਰ, ਇੰਡੀਅਨ ਲੀਗ, ਅਕਾਲੀ ਦਲ ਤੇ ਨਾਮਧਾਰੀ ਸੰਗਤ ਦੇ ਆਗੂ ਸਨ। ਫਿਰ ਸਤਿਗੁਰੂ ਜੀ ਦਾ ਵੁਲਵਰਹੈਂਪਟਨ ਦੀ ਹਿੰਦੂ, ਸਿਖ, ਮੁਸਲਮਾਨਾਂ, ਯਹੂਦੀਆਂ ਦੀ ਸਾਂਝੀ ਸੰਸਥਾ ਇੰਟਰ ਫੇਥ ਗਰੁਪ ਵਲੋਂ ਸਤਿਕਾਰ ਕੀਤਾ ਗਿਆ। 26 ਅਗਸਤ ਨੂੰ ਆਪ ਸਾਊਥਹਾਲ ਪਹੁੰਚੇ। ਏਥੇ ਮਾਂਗਟ ਹਾਲ ਵਿਚ ਨਾਮ ਸਿਮਰਨ ਤੇ ਕੀਰਤਨ ਸੀ। ਹਾਲ ਦੇ ਮਾਲਕ ਨੇ ਬੀ. ਬੀ. ਸੀ. ਰੇਡੀਓ, ਟੈਲੀਵੀਜ਼ਨ ਰਾਹੀਂ ਸ਼ਰਾਰਤ ਨਾਲ ਖ਼ਬਰ ਲੁਆ ਦਿਤੀ ਕਿ ਨਾਮਧਾਰੀ ਸਤਿਗੁਰੂ ਜੀ ਮੀਂਹ ਪੁਆਉਣ ਲਈ ਇੰਗਲੈਂਡ ਆਏ ਹਨ।

ਨਾਮਧਾਰੀ ਸਿੱਖ ਚਿੰਤਾ ਵਿਚ ਸਨ ਜੇ ਮੀਂਹ ਨਾ ਪਿਆ ਤਾਂ ਜੱਗ ਹਸਾਈ ਹੋਵੇਗੀ। ਉਹਨਾਂ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ। ਆਪ ਜੀ ਨੇ ਬਚਨ ਕੀਤਾ ਇਹ ਅਕਾਲ ਪੁਰਖ ਦੇ ਹੱਥ ਵੱਸ ਹੈ। ਪਰ ਉਹਨਾਂ ਦੀ ਅਧੀਨਗੀ ਤੇ ਵਿਚਾਰਗੀ ਤੋਂ ਪੰਘਰ ਕੇ 27 ਅਗਸਤ 1976 ਨੂੰ ਪੰਡਤ ਗੁਪਾਲ ਸਿੰਘ ਤੋਂ ਅਰਦਾਸ ਕਰਵਾ ਕੇ ਆਪ ਤੁਠ ਪਏ ਤੇ ਚਮਤਕਾਰ ਹੋ ਗਿਆ। ਸਭ ਭਵਿਖਤ ਬਾਣੀਆਂ ਫੇਲ੍ਹ ਕਰਕੇ ਮੋਹਲੇਧਾਰ ਮੀਂਹ ਪੁਆ ਕੇ ਜਲ ਥਲ ਕਰ ਦਿਤਾ ਤੇ ਸਿੱਖਾਂ ਦੇ ਹਿਰਦਿਆਂ ਵਿਚ ਠੰਢ ਪਾਈ। 27 ਅਗਸਤ ਦੀਆਂ ਸ਼ਾਮ ਦੀਆਂ ਤੇ 28 ਅਗਸਤ ਸ਼ਨਿਚਰਵਾਰ ਦੀਆਂ ਸਵੇਰੇ ਦੀਆਂ ਅਖਬਾਰਾਂ ਨੇ ਸੁਰਖੀਆਂ, ਖਬਰਾਂ ਤੇ ਤਸਵੀਰਾਂ ਰਾਹੀਂ ਰੱਜ ਰੱਜ ਸ੍ਰੀ ਸਤਿਗੁਰੂ ਜੀ ਦੀ ਸੋਭਾ ਕੀਤੀ ਤੇ ਜੈ ਜੈ ਕਾਰ ਕੀਤੀ।

ਏਸੇ ਵਰ੍ਹੇ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਨੁਹਾਰ ਬਦਲਣ ਦੀ ਕਾਰ ਸੇਵਾ, ਰਾਮਸਰ ਤੋਂ ਆਰੰਭ ਕੀਤੀ।

ਨਾਮਧਾਰੀ ਕਲਾਕਾਰਾਂ ਨੇ ਸੰਗੀਤ ਦੇ ਖੇਤਰ ਵਿਚ ਨਵੀਂ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਇਸ ਦੀ ਸਿੱਖਿਆ ਤੇ ਰਿਆਜ਼ ਲਈ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਬੱਚਿਆਂ ਨੂੰ ਉਸਤਾਦ ਸੰਗੀਤਕਾਰਾਂ ਦੇ ਸ਼ਗਿਰਦ ਬਣਾਇਆ। ਸੰਤ ਗੁਰਦੇਵ ਸਿੰਘ, ਹਰਭਜਨ ਸਿੰਘ ਉਸਤਾਦ, ਪਿਆਰਾ ਸਿੰਘ ਤਾਰਸ਼ਹਿਨਾਈ, ਉਸਤਾਦ ਅਮਜਦ ਅਲੀ ਖਾਂ ਦੇ ਸ਼ਗਿਰਦਾਂ ਵਿਚੋਂ ਸਨ। ਉਸਤਾਦ ਅਮਜਦ ਅਲੀ ਖਾਂ ਨੇ 1966 ਵਿਚ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਸਨ। ਇਹਨਾਂ ਤੋਂ ਇਲਾਵਾ ਪੰਡਤ ਸ਼ਿਵ ਕੁਮਾਰ, ਉਸਤਾਦ ਵਿਲਾਇਤ ਖਾਂ, ਪੰਡਤ ਰਾਮ ਨਰਾਇਣ, ਪੰਡਤ ਕਿਸ਼ਨ ਮਹਾਰਾਜ, ਇਮਰਤ ਖਾਂ, ਪੰਡਤ ਸਾਮਤਾ ਪ੍ਰਸਾਦ, ਸ੍ਰੀ ਹਰੀ ਪ੍ਰਸਾਦ ਚੋਰਸੀਆ, ਪੰਡਤ ਬਿਰਜੂ ਮਹਾਰਾਜ ਆਦਿ ਤੋਂ ਸੰਤੂਰ, ਸਿਤਾਰ, ਸਰੋਦ, ਤਬਲਾ, ਬੰਸਰੀ ਵਾਦਨ, ਨ੍ਰਿਤ ਆਦਿ ਦੀ ਸਿਖਿਆ



Namdhari Elibrary NamdhariElibrary@gmail.com

ਗ੍ਰਹਿਣ ਕੀਤੀ। ਸ੍ਰੀ ਭੈਣੀ ਸਾਹਿਬ ਹੀ ਨਾਮਧਾਰੀ ਕਲਾ ਕੇਂਦਰ ਦੀ ਸਥਾਪਨਾ ਹੋਈ। ਸ੍ਰੀ ਸਤਿਗੁਰੂ ਜੀ ਤਾਂ ਉਸਤਾਦਾਂ ਦੇ ਉਸਤਾਦ ਹਨ। ਉਹਨਾਂ ਸਵਾ ਚੌਦਾਂ, ਪੌਣੇ ਪੰਦਰਾਂ, ਸਾਢੇ ਸੋਲਾਂ ਤੇ ਹੋਰ ਵਿਕਟ ਮਾਤਰਾਵਾਂ ਨੂੰ ਤਾਲ ਬਧ ਕੀਤਾ ਤੇ ਬੰਦਸ਼ਾਂ ਗੁਆਉਣ ਦਾ ਅਭਿਆਸ ਕਰਵਾਇਆ। ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਸੰਗੀਤ ਸੰਮੇਲਨ ਦਿੱਲੀ, ਮੁੰਬਈ ਔਰਗਾਬਾਦ, ਲਖਨਊ ਵਿਚ ਹੋਏ ਜਿਹਨਾਂ ਵਿਚ ਚੋਟੀ ਦੇ ਉਸਤਾਦ ਕਲਾਕਾਰ ਸੱਦੇ ਗਏ। 2-6 ਫਰਵਰੀ 1979 ਨੂੰ ਲਖਨਊ ਰਵਿੰਦ੍ਰਾਲੈ ਹਾਲ ਵਿੱਚ ਹੋਏ ਸੰਗੀਤ ਸੰਮੇਲਨ ਦਾ ਉਦਘਾਟਨ ਯੂ. ਪੀ. ਦੇ ਮੁਖ ਮੰਤਰੀ ਰਾਮ ਨਰੇਸ਼ ਯਾਦਵ ਨੇ ਕੀਤਾ।

1978 ਈ. ਨੂੰ ਬੈਂਕਾਕ ਵਿਚ ਵਰਲਡ ਇੰਟਰਨੈਸ਼ਨਲ ਪੀਸ ਕਾਨਫਰੰਸ ਹਾਲ ਦਾ ਨੀਂਹ ਪੱਥਰ ਸ੍ਰੀ ਸਤਿਗੁਰੂ ਜੀ ਦੇ ਕਰ ਕੰਵਲਾਂ ਦੁਆਰਾ ਰਖਿਆ ਗਿਆ। ਇਸ ਵਿਚ ਵਿਸ਼ਵ ਦੇ ਵੱਖ ਵੱਖ ਧਰਮਾਂ ਦੇ ਮੁਖੀ ਸ਼ਾਮਲ ਹੋਏ। ਸ੍ਰੀ ਸਤਿਗੁਰੂ ਜੀ ਨੇ ਥਾਈਲੈਂਡ ਵਿਸ਼ਵ ਅਮਨ, ਸ਼ਾਕਾਹਾਰ ਤੇ ਭਜਨ ਬੰਦਗੀ ਦੇ ਪ੍ਰਤੀਕ ਡਾ. ਸੁਚਾਟ ਦੇ ਆਸ਼ਰਮ ਦੀ ਫਰਵਰੀ 1978 ਵਿਚ ਪੱਤਰ ਲਿਖ ਕੇ ਪ੍ਰਸੰਸਾ ਕੀਤੀ।

ਨਾਮਧਾਰੀ ਸਿਖਾਂ ਨੇ ਵੀਹ ਕੁ ਸਾਲ ਦੇ ਸਮੇਂ ਵਿਚ ਆਪਣੇ ਸਤਿਗੁਰੂ ਦੁਆਰਾ ਬਖਸ਼ੀ ਰਹਿਮਨੁਮਾਈ ਤੇ ਅਮਲ ਕਰਕੇ ਇਕ ਪਾਸੇ ਆਪਣੀ ਜਮਾਤ ਨੂੰ ਸੰਗਠਿਤ ਕੀਤਾ ਦੂਜੇ ਪਾਸੇ ਇਸ ਦੇ ਪ੍ਰਚਾਰ ਪ੍ਰਸਾਰ ਲਈ ਨਵੇਂ ਖੇਤਰਾਂ ਤੇ ਥਾਵਾਂ ਵਿਚ ਆਪਣੀ ਪਛਾਣ ਕਾਇਮ ਕੀਤੀ ਤੇ ਹੋਰ ਅੱਗੇ ਵਧਣ ਦੀਆਂ ਸੰਭਾਵਨਾਵਾਂ ਤਲਾਸ਼ੀਆਂ।



Namdhari Elibrary NamdhariElibrary@gmail.com

# ਉਡਾਣਾਂ ਹੋਰ ਉਚੇਰੀਆਂ

ਨਾਮਧਾਰੀ ਸਿੰਘਾਂ ਨੇ ਦੇਸ਼ਾਂ ਬਦੇਸ਼ਾਂ ਵਿਚ ਆਪਣੀ ਪਛਾਣ ਵਧਾਉਣੀ ਆਰੰਭ ਕੀਤੀ। ਉਹਨਾਂ ਨੇ ਹੋਰ ਖੇਤਰਾਂ ਦੇ ਨਾਲ ਨਾਲ ਰਾਜਨੀਤਕ ਖੇਤਰ ਵਿਚ ਆਪਣੇ ਆਪ ਨੂੰ ਉਭਾਰਿਆ। ਦੇਸ਼ ਵਿਚ ਰਾਜਨੀਤਕ ਪੱਖੋਂ ਪੁਰਾਣੀ ਤੇ ਨਜਦੀਕੀ ਸਾਂਝ ਹੋਣ ਕਰਕੇ ਉਹ ਕਾਂਗਰਸ ਦੇ ਨੇੜੇ ਹਨ ਜਿਸ ਕਰਕੇ ਵਿਦੇਸ਼ਾਂ ਵਿਚ ਵੀ ਓਵਰਸੀਜ਼ ਕਾਂਗਰਸ ਵਿਚ ਉਹ ਸਰਗਰਮ ਹੋਣ ਲਗੇ।

ਦੇਸ਼ ਵਿਚ 1977 ਨੂੰ ਕਾਂਗਰਸ ਨੂੰ ਉਸ ਸਮੇਂ ਭਾਰੀ ਧੱਕਾ ਲੱਗਾ ਜਦੋਂ ਉਹ ਲੋਕ ਸਭਾ ਦੀਆਂ ਚੋਣਾਂ ਹਾਰ ਗਈ। ਕਈ ਲੰਮੇ ਸਮੇਂ ਤੋਂ ਜੁੜੇ ਆਉਂਦੇ ਉਸਦੇ ਕਾਰਕੁੰਨ ਉਸ ਦਾ ਸਾਥ ਛਡ ਗਏ। ਸ੍ਰੀ ਸਤਿਗੁਰੂ ਜੀ ਨੇ ਫਿਰ ਚੰਗੇ ਦਿਨ ਆਉਣ ਦਾ ਹੌਂਸਲਾ ਦਿਤਾ ਤੇ ਆਪ ਜੀ ਦੀ ਰਜ਼ਾ ਅਨੁਸਾਰ ਨਾਮਧਾਰੀ ਇੰਦਰਾ ਗਾਂਧੀ ਦੀ ਕਾਂਗਰਸ ਨਾਲ ਸੰਬੰਧਤ ਰਹੇ। 1980 ਵਿਚ ਕਾਂਗਰਸੀ ਸਰਕਾਰ ਫੇਰ ਬਣਨ ਨਾਲ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ, ਔਖੇ ਸਮੇਂ ਉਸ ਨਾਲ ਖਲੋਤੇ ਤੇ ਸੁਤੰਤਰਤਾ ਸੰਗਰਾਮ ਵਿਚ ਜੂਝਣ ਵਾਲੇ ਨਾਮਧਾਰੀ ਸਿੱਖਾਂ ਦੇ ਹੋਰ ਨੇੜੇ ਰਹਿਣਾ ਠੀਕ ਲੱਗਾ। ਉਹਨਾਂ ਨੇ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸ. ਹਰਵਿੰਦਰ ਸਿੰਘ ਹੰਸਪਾਲ ਨੂੰ 1980 ਈ ਵਿਚ ਪੰਜਾਬ ਵਲੋਂ ਰਾਜ ਸਭਾ ਦਾ ਮੈਂਬਰ ਚੁਣ ਲਿਆ। ਭਾਵੇਂ ਪਹਿਲਾਂ ਵੀ ਲੋਕ ਸਭਾ, ਰਾਜ ਸਭਾ ਤੇ ਵਿਧਾਨ ਪਰੀਸ਼ਦ ਵਿਚ ਨਾਮਧਾਰੀ ਮੈਂਬਰ ਰਹੇ ਸਨ ਪਰ ਸ਼੍ਰੀ ਹੰਸਪਾਲ ਜੀ ਸਿੱਧੇ ਸ੍ਰੀ ਸਤਿਗੁਰੂ ਜੀ ਤੇ ਪੰਥ ਦੀ ਪ੍ਰਤੀਨਿਧਾ ਕਰਦੇ ਸਨ। ਉਹਨਾਂ ਨੇ 1981 ਵਿਚ ਯੂ. ਐਨ. ਓ. ਵਿੱਚ ਕੁਝ ਹੋਰ ਐਮ. ਪੀਜ਼. ਨਾਲ ਦੇਸ਼ ਦੀ ਪ੍ਰਤੀਨਿਧਤਾ ਕੀਤੀ ਤੇ ਹਰ ਮੁੱਦੇ ਤੇ ਨੀਤੀਗਤ ਗੱਲਾਂ ਕੀਤੀਆਂ। ਨਾਮਧਾਰੀ ਬਾਣੇ ਵਿਚ ਰਹਿਣ ਕਰਕੇ ਉਹਨਾਂ ਦੀ ਨਵੇਕਲੀ ਪਛਾਣ ਬਣੀ ਰਹੀ।

ਉਂਜ ਰਾਜਨੀਤਕ ਖੇਤਰ ਵਿਚ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਦਿੱਲੀ ਵਿੱਚ ਕਰਤਾਰ ਸਿੰਘ ਸੋਖੀ ਚੋਣਾਂ ਜਿਤਦੇ ਰਹੇ। ਸੰਤ ਪ੍ਰੀਤਮ ਸਿੰਘ ਜੰਮੂ ਵਿਚ ਆਪਣੀ ਪਛਾਣ ਬਣਾ ਚੁਕੇ ਸਨ ਜੋ 9 ਸਤੰਬਰ 1977 ਨੂੰ ਸੰਸਾਰ ਯਾਤਰਾ ਪੂਰੀ ਕਰ ਗਏ। ਸੰਤ ਸੁਲੱਖਣ ਸਿੰਘ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਮੈਟਰੋਪੌਲੀਟਨ ਕੌਂਸਲ ਦੇ ਮੈਂਬਰ ਬਣੇ ਰਹੇ। ਬਿਹਾਰ ਵਿਚ ਪ੍ਰੋ. ਇੰਦਰ ਸਿੰਘ ਸਰਗਰਮ ਹੋ ਗਏ। ਮੰਤਰੀ ਬਣੇ ਤੇ ਫਿਰ ਝਾਰਖੰਡ ਵਿਧਾਨ ਸਭਾ ਦੇ ਸਪੀਕਰ। ਹਰਿਆਣਾ, ਪੰਜਾਬ ਦੀਆਂ ਪੰਚਾਇਤਾਂ ਵਿਚ ਨਾਮਧਾਰੀ ਸਿੰਘ ਪੰਚ ਸਰਪੰਚ ਬਣੇ ਤੇ ਬਲਾਕ ਸੰਮਤੀਆਂ ਦੇ ਚੇਅਰਮੈਨ ਵੀ ਰਹੇ। ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵਲੋਂ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੇ ਸਨਮਾਨ ਵਿਚ 28 ਮਾਰਚ 1981 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਸ਼ੀਰਵਾਦ ਨਾਲ ਸ਼ਾਨਦਾਰ ਸਮਾਰੋਹ ਕੀਤਾ ਗਿਆ। ਇਸ ਵਿਚ ਦੇਸ਼ ਦੀਆਂ ਉਚ ਹਸਤੀਆਂ ਦੇ ਨਾਲ ਯੂ. ਕੇ., ਥਾਈਲੈਂਡ, ਕੀਨੀਆਂ, ਯੂ. ਐਸ. ਏ.



Namdhari Elibrary NamdhariElibrary@gmail.com

ਆਦਿ ਦੇਸ਼ਾਂ ਤੋਂ ਨਾਮਧਾਰੀ ਪ੍ਰਤੀਨਿਧ ਪੁਜੇ। ਸ੍ਰੀ ਸਤਿਗੁਰੂ ਜੀ ਨੇ ਮਾਣ ਬਖਸ਼ਿਆ। ਸ੍ਰੀਮਤੀ ਗਾਂਧੀ ਨੇ ਕਿਹਾ ਅਨੁਸ਼ਾਸਨ, ਦੇਸ਼ ਭਗਤੀ, ਸਮਾਜਕ ਬੁਰਾਈਆਂ ਵਿਰੁਧ ਲੜਣਾ, ਇਸਤਰੀ ਦਾ ਆਦਰ ਕਰਨਾ, ਦਾਜ ਦਹੇਜ ਤੋਂ ਬਚਣਾ, 1857 ਤੋਂ ਸਰਗਰਮ ਸਾਦਾ ਜੀਵਨ ਤੇ ਉਚ ਵਿਚਾਰਾਂ ਵਾਲੇ ਦੇਸ਼ ਭਗਤ ਨਾਮਧਾਰੀ ਸਿੱਖਾਂ ਤੋਂ ਸਿੱਖਣਾ ਚਾਹੀਦਾ ਹੈ।

ਬੀਬੀਆਂ ਨੂੰ ਪੰਥਕ ਸਰਗਰਮੀਆਂ ਵਿਚ ਉਤਸ਼ਾਹ ਬਖਸ਼ਣ ਲਈ ਸ੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ 1981 ਵਿਚ ਇਸਤਰੀ ਵਿਦਿਅਕ ਜਥੇ ਦੀ ਸਥਾਪਨਾ ਕੀਤੀ ਗਈ।

ਹੋਰ ਕਾਰੋਬਾਰੀ ਖੇਤਰਾਂ ਦੇ ਨਾਲ ਨਾਲ ਵਾਹੀ ਖੇਤੀ ਦੇ ਖੇਤਰ ਵਿਚ ਨਾਮਧਾਰੀ ਪੰਜਾਬ ਹਰਿਆਣੇ ਤੋਂ ਬਾਹਰ ਵੀ ਵਧਣ ਲਗੇ। ਹਰਿਆਣੇ ਵਿਚ ਤਾਂ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਜਿਸ ਜਮੀਨ ਨੂੰ ਰੇਗਿਸਤਾਨ ਸਮਝਿਆ ਜਾਂਦਾ ਸੀ, ਉਥੇ ਕਣਕ, ਕਪਾਹ, ਝੋਨਾ, ਕਮਾਦ ਪੈਦਾ ਕਰਨ ਦੇ ਨਾਲ ਇਹਨਾਂ ਨੇ ਬਾਗ ਲਾਏ। ਇਹਨਾਂ ਬਾਗਾਂ ਵਿਚ ਬੇਰੀਆਂ ਹੀ ਨਹੀਂ ਸਨ, ਸੰਤਰਿਆਂ, ਕਿੰਨੂਆਂ ਦੇ ਬੂਟੇ ਤੇ ਅੰਗੂਰਾਂ ਦੀਆਂ ਵੇਲਾਂ ਨੇ ਵੀ ਐਨਾ ਫਲ ਦਿਤਾ ਕਿ ਮਿਹਨਤ ਦਾ ਮੁੱਲ ਪੈਣਾ ਸ਼ੁਰੂ ਹੋ ਗਿਆ। ਇਹ ਇਲਾਕਾ ਪਹਿਲਾਂ ਸ਼ਹਿਰ ਸਰਸਾ ਨਾਲ ਕੱਚੇ ਰਾਹਾਂ ਤੇ ਨਹਿਰਾਂ ਦੀਆਂ ਪਟੜੀਆਂ ਨਾਲ ਜੁੜਿਆ ਸੀ ਹੁਣ ਪੱਕੀਆਂ ਸੜਕਾਂ ਨਾਲ ਜੁੜ ਗਿਆ। ਪਿੰਡਾਂ ਵਿਚ ਵੀ ਸੜਕਾਂ ਦਾ ਜਾਲ ਫੈਲ ਗਿਆ। ਇਸ ਵਿੱਚ ਸ੍ਰੀ ਸਤਿਗੁਰੂ ਜੀ ਦੀ ਰਹਿਨੁਮਾਈ ਦਾ ਵੱਡਾ ਹਿੱਸਾ ਰਿਹਾ।

ਉਤਰ ਪ੍ਰਦੇਸ਼ ਵਿਚ ਗੋਲੇ ਗੋਕਰਨ ਨਾਥ ਦੇ ਇਲਾਕੇ ਵਿਚ ਵੀ ਵਾਹੀਕਾਰਾਂ ਨੇ ਜਮੀਨਾਂ ਲੈ ਲਈਆਂ। ਉਹਨਾਂ ਸੰਗਠਨ ਤੇ ਸ਼ਕਤੀ ਤੋਂ ਇਲਾਵਾ ਭਜਨ ਬੰਦਗੀ, ਮਰਯਾਦਾ, ਸ਼ਾਨਾਂ ਮੱਤੇ ਇਤਿਹਾਸ ਨੂੰ ਜਨਸਧਾਰਨ ਤਕ ਪਹੁੰਚਾਉਣ ਲਈ 1982 ਦੇ ਹੋਲੇ ਦਾ ਮਹਾਨ ਸਮਾਗਮ ਗੋਲਾ ਗੋਕਰਨਨਾਥ ਕੀਤਾ। ਇਸ ਦਾ ਚੰਗਾ ਪ੍ਰਭਾਵ ਪਿਆ।

ਇਸੇ ਵਰ੍ਹੇ ਬੰਗਲੌਰ (ਕਰਨਾਟਕ) ਲਾਗੇ ਦੇ ਫਾਰਮ ਨੂੰ ਵਿਕਸਿਤ ਕਰਨ ਵਲ ਵਿਸ਼ੇਸ਼ ਉਦਮ ਹੋਇਆ। ਸ੍ਰੀ ਸਤਿਗੁਰੂ ਜੀ ਨੇ ਇਸ ਫਾਰਮ ਦਾ ਪ੍ਰਬੰਧ ਠਾਕਰ ਉਦੈ ਸਿੰਘ ਜੀ ਨੂੰ ਸੌਂਪ ਦਿਤਾ। ਬਿੜਦੀ ਪਿੰਡ ਦਾ ਇਹ ਫਾਰਮ 180 ਏਕੜ ਦਾ ਸੀ। ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਠਾਕਰ ਉਦੇ ਸਿੰਘ ਜੀ ਨੇ ਇਸ ਫਾਰਮ ਵਿਚ 40 ਏਕੜ ਅੰਬ, 40 ਏਕੜ ਨਾਰੀਅਲ, 5 ਏਕੜ ਅੰਗੂਰਾਂ ਤੇ ਹੋਰ ਫਲਾਂ ਫੁੱਲਾਂ ਦੇ ਬੂਟੇ ਲਾਏ। ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਸੀ ਕਿ ਮਿਹਨਤ ਕਰੋ, ਸੱਚ ਬੋਲੋ, ਇਮਾਨਦਾਰੀ ਰੱਖੋ, ਮਾੜੇ ਗ਼ਰੀਬ ਦੀ ਮਦਦ ਕਰੋ, ਜਿਥੇ ਵੀ ਰਹੋ ਉਸ ਇਲਾਕੇ ਦੇ ਗ਼ਰੀਬਾਂ ਤੇ ਕਮਜੋਰ ਲੋਕਾਂ ਦੀ ਭਲਾਈ ਲਈ ਕੁਛ ਨਾ ਕੁਛ ਕਰਦੇ ਰਹੋ। ਇਸ ਨੂੰ ਪੱਲ੍ਹੇ ਬੰਨ੍ਹ ਕੇ ਹੋਈ ਮਿਹਨਤ ਸਫਲ ਹੁੰਦੀ ਰਹੀ।

1985 ਵਿਚ ਇਸ ਫਾਰਮ ਦਾ ਨਾਂ ਨਾਮਧਾਰੀ ਸੀਡਜ਼ ਰਖਿਆ ਗਿਆ। ਇਸ ਫਾਰਮ ਦੀ ਉਪਜ ਨੂੰ ਵਪਾਰਕ ਪੱਧਰ ਤੇ ਲੈ ਜਾਣ ਲਈ ਅਮਰੀਕਾ, ਯੂਰਪ ਤੇ ਏਸ਼ੀਆ ਤੇ ਜਪਾਨ ਆਦਿ ਦੇਸ਼ਾਂ ਦੇ ਦੌਰੇ ਕੀਤੇ ਗਏ। ਭਾਰਤ ਤੋਂ ਬਾਹਰ ਅਮਰੀਕਾ, ਯੂਰਪ ਮਹਾਂਦੀਪਾਂ ਤੇ ਜਪਾਨ, ਥਾਈਲੈਂਡ, ਬੰਗਲਾਦੇਸ਼, ਜਾਰਡਨ, ਮਿਸਰ ਆਦਿ ਦੇਸ਼ਾਂ ਵਿੱਚ ਦਫਤਰ ਖੋਲ੍ਹੇ ਗਏ। ਫਾਰਮ ਵਿੱਚ ਬੂਟੇ, ਬੀਜ, ਪਨੀਰੀ, ਫਲ, ਫੂਲ ਆਦਿ ਦੀਆਂ ਕਿਸਮਾਂ ਤੇ ਮਿਆਰ ਵਧਾਉਣ ਲਈ ਕੰਮ ਸ਼ੁਰੂ ਹੋਇਆ। ਮਿਠੀ ਇਮਲੀ, ਚਕੋਤਰਾ, ਦਰਿਆਨ, ਅੰਗੂਰ ਆਦਿ ਦੇ ਬੂਟੇ ਤੇ ਬੀਜ ਵਿਦੇਸ਼ਾਂ ਤੋਂ ਵੀ ਲਿਆ ਕੇ ਹੋਰ ਅਗੇਰੇ



Namdhari Elibrary NamdhariElibrary@gmail.com

ਪੁਲਾਂਘ ਪੁੱਟੀ ਗਈ।

ਵਿਦਿਆ ਦੇ ਖੇਤਰ ਵਿਚ ਸ੍ਰੀ ਜੀਵਨ ਨਗਰ ਵਿਚ ਸ੍ਰੀ ਗੁਰੂ ਹਰੀ ਸਿੰਘ ਕਾਲਜ, ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ ਤੇ ਦਿੱਲੀ ਵਿਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਤੇ ਮੰਡੀ (ਹਿਮਾਚਲ) ਤੇ ਸਰਸਾ (ਹਰਿਆਣਾ) ਦੇ ਵਿਦਿਅਕ ਅਦਾਰਿਆਂ ਨੇ ਆਪਣੀ ਪਛਾਣ ਬਣਾਈ ਤੇ ਸਮੇਂ ਨਾਲ ਕਦਮ ਮੇਲ ਕੇ ਤੁਰਨ ਲਈ ਵਿੱਦਿਅਕ ਕ੍ਰਾਂਤੀ ਵਿਚ ਆਪਣਾ ਹਿੱਸਾ ਪਾਇਆ। ਬਿਹਾਰ ਵਿਚ ਇਸ ਖੇਤਰ ਵਿਚ ਹੋਏ ਕਾਰਜ ਬਾਰੇ ਪਹਿਲਾਂ ਲਿਖਿਆ ਜਾ ਚੁਕਾ ਹੈ।

ਸਾਹਿਤ ਦੇ ਖੇਤਰ ਵਿਚ 1983 ਵਿਚ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ ਬੈਂਕਾਕ ਸੀ। ਇਸ ਵਿਚ ਹਿੱਸਾ ਲੈਣ ਲਈ ਪਹੁੰਚੇ ਸੰਸਾਰ ਦੇ ਪੰਜਾਬੀ ਸਾਹਿਤਕਾਰਾਂ ਨੇ ਜਿਥੇ ਪੰਜਾਬੀ ਦੇ ਮਸਲਿਆਂ ਬਾਰੇ ਗੰਭੀਰ ਚਰਚਾ ਕੀਤੀ ਓਥੇ ਨਾਮਧਾਰੀ ਪੰਥ ਵਲੋਂ ਮਿਲੀ ਪ੍ਰਾਹੁਣਾਚਾਰੀ ਤੇ ਸਹਿਯੋਗ ਨੂੰ ਵੀ ਸਲਾਹਿਆ ਤੇ ਇਸ ਲਈ ਪੰਥ ਦੇ ਰਹਿਨੁਮਾ ਸ੍ਰੀ ਸਤਿਗੁਰੂ ਜੀ ਪ੍ਰਤੀ ਕ੍ਰਿਤਗਤਾ ਪ੍ਰਗਟ ਕੀਤੀ।

ਸ੍ਰੀ ਸਤਿਗੁਰੂ ਜੀ ਸਮੇਂ ਸਮੇਂ ਤਾਰਾ ਸਿੰਘ, ਨਵਤੇਜ ਸਿੰਘ, ਸੰਤੋਖ ਸਿੰਘ ਧੀਰ, ਕਿਰਪਾਲ ਸਿੰਘ ਕਸੇਲ, ਡਾ. ਹਰਭਜਨ ਸਿੰਘ, ਸੰਤ ਸਿੰਘ ਸੇਖੋਂ ਤੇ ਹੋਰ ਸਾਹਿਤਕਾਰਾਂ ਤੇ ਕਿਰਪਾ ਕਰਦੇ ਆ ਰਹੇ ਹਨ।

ਨਾਮਧਾਰੀ ਪੰਥ ਦੇ ਬੁਲਾਰੇ ਸਤਿਜੁਗ ਦੇ ਨਾਲ ਨਾਲ ਵਰਿਆਮ, ਨਿਰੀਖਿਅਕ, ਯੁਗ ਮਰਯਾਦਾ ਤੇ ਵਰਤਮਾਨ ਹਿੰਦੁਸਤਾਨ ਪਰਚੇ ਆਪਣੀ ਵਿੱਤ ਅਨੁਸਾਰ ਯੋਗਦਾਨ ਪਾਉਣਾ ਸ਼ੁਰੂ ਕਰ ਚੁਕੇ ਸਨ। ਨਾਮਧਾਰੀ ਇਤਿਹਾਸ ਦੀ ਖੋਜ ਲਈ ਸ. ਜਸਵਿੰਦਰ ਸਿੰਘ ਨੂੰ 1984 ਤੋਂ ਸਰਕਾਰੀ ਨੌਕਰੀ ਤੋਂ ਹਟਾ ਕੇ ਪੁਰਾਣੀਆਂ ਸਰਕਾਰੀ ਫਾਈਲਾਂ ਫੋਲਣ ਲਈ ਪੰਥ ਵਲੋਂ ਜ਼ੁੰਮੇਵਾਰੀ ਸੌਂਪੀ ਗਈ। ਉਹ ਲਗਾਤਾਰ ਨੈਸ਼ਨਲ ਆਰਕਾਈਵਜ਼ ਨਾਲ ਜੁੜੇ ਹੋਏ ਹਨ।

ਵਿਦੇਸ਼ਾਂ ਵਿਚ ਮਹਾਨ ਪੰਥਕ ਇਕੱਠ ਨੂੰ ਪੇਸ਼ ਕਰਨ ਲਈ 1984 ਦਾ ਹੋਲਾ ਮਹੱਲਾ ਬਰਮਿੰਘਮ (ਯੂ. ਕੇ.) ਵਿਚ ਕੀਤਾ ਗਿਆ। ਇਸ ਵਿਚ ਸਥਾਨਕ ਸੰਗਤਾਂ ਤੋਂ ਇਲਾਵਾ ਯੂ. ਐਸ. ਏ., ਕਨੇਡਾ, ਜਰਮਨ, ਕੀਨੀਆਂ, ਯੂਗਾਂਡਾ, ਤਨਜ਼ਾਨੀਆਂ, ਥਾਈਲੈਂਡ, ਭਾਰਤ ਤੇ ਹੋਰ ਦੇਸ਼ਾਂ ਦੀ ਸੰਗਤ ਹੁੰਮ ਹੁਮਾ ਕੇ ਪੁਜੀ। ਨਾਮਧਾਰੀ ਪੰਥ ਦੀ ਮਾਣ ਮਰਯਾਦਾ ਦਾ ਹੋਰ ਪ੍ਰਚਾਰ ਹੋਇਆ।

ਮਾਣ ਮਰਯਾਦਾ ਵਿਚ ਰੂਹਾਨੀਅਤ ਸ਼ਕਤੀ ਵਧਾਉਣ ਲਈ ਨਾਮ ਸਿਮਰਨ, ਭਜਨ ਬੰਦਗੀ ਤੇ ਜ਼ੋਰ ਦਿਤਾ ਜਾਂਦਾ ਹੈ। ਜਿਸ ਲਈ ਹਰ ਸਾਲ ਇੱਕ ਮਹੀਨਾ ਜਪ ਪ੍ਰਯੋਗ ਰੱਖਿਆ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਇਹ ਸਾਰਾ ਮਹੀਨਾ ਆਪ ਓਸੇ ਥਾਂ ਰਹਿ ਕੇ ਦੌਰੇ ਮੁਲਤਵੀ ਕਰਕੇ ਨਾਮ ਸਿਮਰਨ ਦੀ ਜਾਚ ਦਸਦੇ ਹਨ। ਇਸ ਭਜਨ ਬੰਦਗੀ, ਰਹਿਤ ਬਹਿਤ ਤੇ ਇਤਿਹਾਸ ਦੇ ਪ੍ਰਚਾਰ ਲਈ ਆਪ ਜੀ ਨੇ 1985 ਦਾ ਹੋਲਾ ਦਾਰ-ਸਲਾਮ (ਤਨਜ਼ਾਨੀਆ) ਕੀਤਾ। ਇਸ ਲਈ ਉਥੋਂ ਦੇ ਨੇੜਲੇ ਦੇਸ਼ਾਂ ਦੇ ਭਾਰਤ ਘੱਟ ਆ ਸਕਣ ਵਾਲੇ ਸਿੱਖਾਂ ਨੂੰ ਇਸ ਵਿਚ ਸ਼ਾਮਲ ਹੋਣ ਦਾ ਅਵਸਰ ਮਿਲਿਆ ਤੇ ਸਥਾਨਕ ਸਿੱਖਾਂ ਨੂੰ ਪ੍ਰਬੰਧ, ਸੇਵਾ ਵਿਚ ਆਪਣੀ ਸਮਰਥਾ ਪ੍ਰਗਟ ਕਰਨ ਦੀ ਖੁਸ਼ੀ ਮਿਲੀ।

1986 ਵਿਚ ਆਪ ਜੀ ਨੇ ਇੱਕ ਮਹੀਨਾ ਨਹੀਂ ਸਗੋਂ ਸਾਰਾ ਵਰ੍ਹਾ ਸ੍ਰੀ ਭੈਣੀ ਸਾਹਿਬ



Namdhari Elibrary NamdhariElibrary@gmail.com

ਜਪ ਪ੍ਰਯੋਗ ਕੀਤਾ। ਇਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੇ ਬੈਠ ਕੇ ਸੁਚ ਸੋਧ ਦੀ ਮਰਯਾਦਾ ਰੱਖ ਕੇ ਲੱਖਾਂ ਘੰਟੇ ਨਾਮ ਸਿਮਰਨ ਕੀਤਾ। ਬਾਣੀ ਦਾ ਪਾਠ ਤੇ ਕਥਾ ਕੀਰਤਨ ਦਾ ਪ੍ਰਵਾਹ, ਨਾਲ ਨਾਲ ਵੰਡ ਅਨੁਸਾਰ ਚਲਦਾ ਰਿਹਾ। ਜਿਸ ਵਿਚ ਪਾਠ ਸ਼ੁਧੀ ਤੇ ਅਰਥ ਵੀ ਕਰਵਾਏ ਜਾਂ ਸਮਝਾਏ ਜਾਂਦੇ। ਉਸ ਪਾਠ ਦੇ ਖੇਤਰ ਵਿਚ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਛੇ ਲਖ ਪਾਠ ਕਰਵਾਉਣ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉੱਦਮ ਨੂੰ ਅਗੇ ਵਧਾਉਣ ਲਈ ਆਪ ਜੀ ਨੇ ਵੀ ਸੰਗਤ ਕੋਲੋਂ ਦੋ ਵਾਰ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਸਵਾ ਲਖ ਪਾਠ ਕਰਵਾ ਕੇ ਭੋਗ ਪੁਆਏ ਹਨ ਤੇ ਹੋਰ ਅਗੇ ਜਾਰੀ ਕਰ ਦਿਤੇ ਹਨ।

ਨਾਮਧਾਰੀ ਰਾਗੀ ਬੱਚੇ ਤੇ ਕਲਾਕਾਰ, ਸ਼ੁੱਧ ਸ਼ਾਸਤਰੀ ਸੰਗੀਤ ਤੇ ਗੁਰਬਾਣੀ ਵਿਚ ਆਏ ਰਾਗਾਂ ਅਨੁਸਾਰ ਤੰਤੀ ਸਾਜਾਂ ਨਾਲ ਕੀਰਤਨ ਕਰਦੇ ਰਹੇ। ਇਹ ਅਮਲ ਅਗੇ ਵੀ ਚਲਦਾ ਰਿਹਾ।

ਸਿੱਖੀ ਰਹਿਤ ਮਰਯਾਦਾ ਦੀ ਮਿਸਾਲ ਸ੍ਰੀ ਸਤਿਗੁਰੂ ਜੀ ਨੇ ਆਪਣੀ ਬਾਈਪਾਸ ਸਰਜਰੀ ਸਮੇਂ ਸਾਮਰਤਖ ਪੇਸ਼ ਕੀਤੀ। ਸਿੱਖੀ ਰਹਿਤ ਮਰਯਾਦਾ ਅਨੁਸਾਰ ਰੋਮਾਂ ਦੀ ਬੇਅਦਬੀ ਨਾ ਹੋਵੇ। ਅਲਕੋਹਲ ਜਿਸ ਵਿਚ ਸ਼ਰਾਬ ਦਾ ਅੰਸ਼ ਹੈ ਵਰਗੀ ਦਵਾਈ ਦੀ ਮਨਾਹੀ ਹੈ। ਦੂਜੇ ਦਾ ਖੂਨ ਚੜ੍ਹਾਉਣਾ ਉਚਿਤ ਨਹੀਂ। ਤੇ ਭਾਵਨਾ ਲਈ ਇਸਤਰੀ ਨਰਸ ਨਾ ਹੋਵੇ। ਕੇਸ ਨੰਗੇ ਨਾ ਰਹਿਣ, ਦਸਤਾਰ ਸਦਾ ਰਹੇ। ਆਪ ਜੀ ਦੀਆਂ ਉਕਤ ਸ਼ਰਤਾਂ ਨੂੰ ਮੰਨ ਕੇ 16 ਜੁਲਾਈ 1991 ਈ. ਨੂੰ ਆਸਟ੍ਰੇਲੀਆ ਦੇ ਰਾਇਲ ਐਡੀਲੇਡ ਹਸਪਤਾਲ ਵਿਚ ਡਾ. ਆਈ. ਕੇ. ਹਾਸ ਨੇ ਆਪ ਜੀ ਦਾ ਆਪ੍ਰੇਸ਼ਨ ਕੀਤਾ। ਗੁਰੂ ਪਰਵਾਰ, ਸਿੱਖ ਸੇਵਕਾਂ ਤੋਂ ਇਲਾਵਾ ਥਾਈਲੈਂਡ ਦੇ ਡਾਕਟਰ ਨਰਿੰਦਰਪਾਲ ਸਿੰਘ ਆਪ ਦੀ ਸੇਵਾ ਵਿਚ ਲੋੜ ਅਨੁਸਾਰ ਹਾਜ਼ਰ ਰਹੇ। ਆਪਰੇਸ਼ਨ ਸਫਲ ਰਿਹਾ। ਆਪ ਛੇਤੀਂ ਹੀ ਸਦਾ ਵਾਂਗ ਸਾਧ ਸੰਗਤ ਨੂੰ ਨਿਵਾਜਣ ਲਗੇ। ਇਹ ਸਮਝਿਆ ਜਾ ਰਿਹਾ ਸੀ ਕਿ 71 ਸਾਲ ਦੀ ਉਮਰ ਵਿਚ ਇੰਝ ਹੋਣਾ ਆਪ ਜੀ ਦੀ ਰੂਹਾਨੀ ਸ਼ਕਤੀ ਦਾ ਹੀ ਕਮਾਲ ਸੀ। ਇਹਨਾਂ ਦਿਨਾਂ ਵਿਚ ਸਾਰੇ ਵਿਸ਼ਵ ਦੇ ਨਾਮਧਾਰੀ ਸਿੱਖ ਆਪ ਜੀ ਦੀ ਛੇਤੀ ਦੇਹ ਅਰੋਗਤਾ ਲਈ ਭਜਨ ਬੰਦਗੀ ਤੇ ਅਰਦਾਸੇ ਕਰਦੇ ਰਹੇ।

1990-91 ਦਾ ਵਰ੍ਹਾ ਸਤਿਗੁਰੂ ਪ੍ਰਤਾਪ ਸਿੰਘ ਅਵਤਾਰ ਸ਼ਤਾਬਦੀ ਵਰ੍ਹਾ ਸੀ। ਸ਼ਤਾਬਦੀ ਕਮੇਟੀ ਬਣਾਈ ਗਈ। ਇਸ ਨੂੰ ਉਂਜ ਤਾਂ ਸਾਰੇ ਹੀ ਨਾਮਧਾਰੀ ਜਗਤ ਵਿੱਚ ਸ਼ਰਧਾ ਸਤਿਕਾਰ ਨਾਲ ਮਨਾਇਆ ਗਿਆ। ਥਾਂ ਪਰ ਥਾਂ ਸਮਾਗਮ ਕਰਕੇ ਸ੍ਰੀ ਸਤਿਗੁਰੂ ਜੀ ਦੇ ਜੀਵਨ ਬਾਰੇ ਜਾਣਕਾਰੀ ਦਿਤੀ ਗਈ। ਦਿਵਾਨ ਲੱਗੇ, ਕਥਾ ਕੀਰਤਨ ਹੋਏ, ਨਾਮ ਸਿਮਰਨ ਕੀਤਾ ਗਿਆ ਤੇ ਪਾਠਾਂ ਦੇ ਭੋਗ ਪਾਏ ਗਏ। ਇਕ ਮੁਖ ਸਮਾਗਮ ਦਿੱਲੀ ਵਿਚ ਗੋਸ਼ਟੀ ਦੇ ਰੂਪ ਵਿਚ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ 1991 ਈ. ਨੂੰ ਇਹ ਸਮਾਗਮ ਫਿਕੀ ਆਡੀਟੋਰੀਅਮ ਦਿੱਲੀ ਵਿਚ ਮਨਾਇਆ ਗਿਆ। ਜਿਸ ਦੇ ਮੁਖ ਮਹਿਮਾਨ ਡਾ. ਸ਼ੰਕਰ ਦਿਆਲ ਸ਼ਰਮਾ ਉਪ-ਰਾਸ਼ਟਰਪਤੀ ਸਨ। ਇਸ ਵਿਚ ਪ੍ਰਮੁੱਖ ਸਾਹਿਤਕਾਰਾਂ ਨੇ ਪਰਚੇ ਪੜ੍ਹੇ ਤੇ ਸ੍ਰੀ ਸਤਿਗੁਰੂ ਜੀ ਦੇ ਜੀਵਨ ਤੇ ਕੀਰਤੀ ਬਾਰੇ ਚਰਚਾ ਹੋਈ। ਇਸੇ ਵਰ੍ਹੇ ਸ੍ਰੀ ਸਤਿਗੁਰੂ ਜੀ ਬਾਰੇ ਕਈ ਵਾਰਤਕ ਜਾਂ ਕਾਵਿ ਪੁਸਤਕਾਂ ਲਿਖੀਆਂ ਜਾਂ ਰਿਲੀਜ਼ ਕੀਤੀਆਂ ਗਈਆਂ।

1992 ਵਿਚ ਨਾਮਧਾਰੀ ਹਾਕੀ ਟੀਮ ਆਪਣੇ ਜੋਬਨ ਤੇ ਸੀ। ਇਹ ਜਿਥੇ ਵੀ ਖੇਡਦੀ ਕੱਪ, ਸ਼ੀਲਡਾਂ ਜਿੱਤ ਕੇ ਲਿਆਉਂਦੀ। ਇਸ ਸਾਲ ਜਿਤੇ ਸੰਜੇ ਗਾਂਧੀ ਹਾਕੀ ਟੂਰਨਾਮੈਂਟ



Namdhari Elibrary NamdhariElibrary@gmail.com

ਦਿੱਲੀ ਨਾਲ ਸ਼ਾਨ ਹੋਰ ਵਧ ਗਈ। ਖੇਡ ਨੂੰ ਉਤਸ਼ਾਹਿਤ ਕਰਨ ਲਈ ਸ੍ਰੀ ਭੈਣੀ ਸਾਹਿਬ ਸਪੋਰਟਸ ਕਲੱਬ ਦੀ ਸਥਾਪਨਾ ਕੀਤੀ ਗਈ। ਸ੍ਰੀ ਸਤਿਗੁਰੂ ਜੀ ਨੇ 8 ਨਵੰਬਰ 1992 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਇਕ ਖੇਡ ਸਟੇਡੀਅਮ ਦਾ ਨੀਂਹ ਪੱਥਰ ਰਖਿਆ ਜਿਹੜਾ ਬਣ ਕੇ ਤਿਆਰ ਹੋ ਗਿਆ ਹੈ। ਖਿਡਾਰੀਆਂ ਤੇ ਐਥਲੀਟਾਂ ਨੂੰ ਹਾਕੀ ਤੋਂ ਬਿਨਾਂ ਬੈਡਮਿੰਟਨ, ਦੌੜਾਂ ਲਈ ਸਹੂਲਤ ਮਿਲਦੀ ਹੈ। ਐਸਟਰੋਟਰਫ ਤੇ ਮਾਡਰਨ ਜਿਮਨੇਜ਼ੀਅਮ ਦਾ ਪ੍ਰਬੰਧ ਹੋ ਰਿਹਾ ਹੈ ਨਾਮਧਾਰੀ ਬੱਚੇ ਕੁਸ਼ਤੀਆਂ ਤੇ ਬਾਡੀ ਬਿਲਡਿੰਗ ਵਿਚ ਵੀ ਨਾਂ ਪੈਦਾ ਕਰ ਰਹੇ ਹਨ।

4-7 ਨਵੰਬਰ 1991 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਗੁਰਮਤ ਪ੍ਰਚਾਰ ਕਰਨ ਲਈ ਸੇਧ ਦਿਤੀ ਗਈ। ਇਹ ਸੰਮੇਲਨ ਆਉਣ ਵਾਲੇ ਸਾਲਾਂ 1993, 1994 ਤੇ 1996 ਵਿਚ ਵੀ ਕੀਤੇ ਗਏ ਜਿਨ੍ਹਾਂ ਵਿਚ ਹਾਜ਼ਰੀ, ਚਰਚਾ ਉਤਸ਼ਾਹ ਦੀ ਪ੍ਰਤੀਕ ਸੀ।

ਨਾਮਧਾਰੀ ਸੀਡਜ਼ ਪ੍ਰਾਈਵੇਟ ਲਿਮਟਿਡ ਕਰਨਾਟਕਾ ਨੇ 1992 ਵਿਚ ਅੰਗਰੇਜ਼ੀ ਦਾ ਤ੍ਰੈ-ਮਾਸਿਕ ਨਾਮਧਾਰੀ ਸਮਾਚਾਰ ਕਢਿਆ। ਇਸ ਰਾਹੀਂ ਉਹ ਆਪਣੀਆਂ ਉਪਜਾਂ, ਗਤੀਵਿਧੀਆਂ ਤੇ ਪ੍ਰਾਪਤੀਆਂ ਨੂੰ ਦੇਸ਼ ਵਿਦੇਸ਼ ਵਿਚ ਸਾਂਝਾ ਕਰਦੇ ਹਨ ਤੇ ਨਾਮਧਾਰੀਪੁਣਾ ਤਾਂ ਇਸ ਨਾਲ ਜਾਂਦਾ ਹੀ ਹੈ।ਇਸ ਦੇ ਨਾਲ ਇਕ ਵਡੀ ਪੁਲਾਂਘ ਨਾਮਧਾਰੀ ਪੰਥ ਦੇ ਬੁਲਾਰੇ ਸਤਿਜੁਗ ਨੇ ਵੀ ਪੁੱਟੀ। ਪਹਿਲਾਂ ਇਹ ਪਰਚਾ ਸ੍ਰੀ ਜੀਵਨ ਨਗਰ (ਹਰਿਆਣਾ) ਤੋਂ ਆਮ ਪ੍ਰੈਸ ਵਿਚ ਸਧਾਰਨ ਕਾਗਜ਼ ਉਤੇ ਅੱਖਰ ਜੋੜ ਕੇ ਛਪਦਾ ਸੀ। 3 ਦਸੰਬਰ 1992 ਤੋਂ ਇਹ ਸਪਤਾਹਿਕ ਦਿੱਲੀ ਤੋਂ ਛਪਣਾ ਸ਼ੁਰੂ ਹੋਇਆ। ਇਸਦਾ ਕਾਗਜ਼ ਵਧੀਆ ਕੰਪਿਊਟਰ ਸੈਟਿੰਗ ਤੇ ਆਫ ਸੈਟ ਤੇ ਛਪਾਈ ਹੁੰਦੀ ਹੈ। ਇਸ ਨਾਲ ਜਿਥੇ ਪਹਿਲੇ ਪਾਠਕਾਂ ਨੇ ਇਸ ਦੀ ਵਡਿਆਈ ਕੀਤੀ ਓਥੇ ਇਸ ਦੇ ਪਾਠਕਾਂ ਦੀ ਗਿਣਤੀ ਚਾਰ ਗੁਣਾਂ ਹੋ ਗਈ। ਇਸ ਨੂੰ ਸਿਧਾ ਨਾਮਧਾਰੀ ਦਰਬਾਰ ਦੇ ਅਧੀਨ ਕਰ ਦਿਤਾ ਗਿਆ। ਹਰ ਸਾਲ ਕਈ ਕਈ ਤਸਵੀਰਾਂ ਸਹਿਤ ਰੰਗੀਨ ਪਰਚਿਆਂ, ਹਰ ਸਾਲ ਦੇ ਵਿਸ਼ੇਸ਼ ਅੰਕਾਂ ਨੇ ਇਸ ਨੂੰ ਹੋਰ ਪਾਠਕਾਂ ਨੂੰ ਵੀ ਭੇਟ ਕਰਨ ਦੇ ਯੋਗ ਕੀਤਾ। ਪੰਜਾਬੀ ਸਾਹਿਤ ਜਗਤ ਦੇ ਨਾਮਵਰ ਲੇਖਕ ਇਸ ਦੇ ਲਿਖਣ ਕਾਰਜ ਵਿਚ ਸਹਿਯੋਗ ਦੇਣ ਵਿਚ ਮਾਣ ਸਮਝਣ ਲੱਗੇ। ਇਹ ਵਪਾਰਕ ਪਰਚਾ ਨਾ ਹੋ ਕੇ ਠੋਸ ਪੰਥਕ ਬੁਲਾਰਾ ਹੈ ਕਿਉਂਕਿ ਇਸ ਵਿਚ ਕਦੀ ਕੋਈ ਇਸ਼ਤਿਹਾਰ ਨਹੀਂ ਛਪਦਾ। ਇਸੇ ਰਾਹੀਂ ਸਮੁਚਾ ਪੰਥ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਆਪਣੀ ਸਾਂਝ ਬਣਾਈ ਰੱਖਦਾ ਹੈ। ਇਸ ਦਾ ਸਭ ਤੋਂ ਵੱਧ ਮਕਬੂਲ ਹਿੱਸਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅੰਮ੍ਰਿਤ ਬਚਨ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿਤਰ ਉਪਦੇਸ਼ ਹਨ। ਆਪ ਜੀ ਦੇ ਦੌਰਿਆਂ ਦੀਆਂ ਇਸ ਵਿਚ ਵਿਸਤਾਰ ਸਹਿਤ ਰਿਪੋਰਟਾਂ ਛਪਦੀਆਂ ਹਨ। ਆਪ ਸਾਧ ਸੰਗਤ ਦੇ ਭਲੇ ਲਈ ਦੇਸ਼ ਵਿਦੇਸ਼ ਦੇ ਦੌਰੇ ਕਰਦੇ ਹਨ। ਏਨੇ ਲੰਮੇ ਦੌਰੇ ਕਿ 21 ਫਰਵਰੀ 1993 ਨੂੰ ਆਪ ਜੀ ਨੇ ਲਗਭਗ ਦੋ ਮਹੀਨੇ ਦੇ ਦੌਰੇ ਵਿਚ 66,000 ਮੀਲ ਹਵਾਈ ਯਾਤਰਾ ਕੀਤੀ। ਆਪ ਜੀ ਨੇ ਇੰਗਲੈਂਡ, ਅਮਰੀਕਾ, ਕਨੇਡਾ, ਜਰਮਨੀ, ਡੈਨਮਾਰਕ, ਸਕਾਟਲੈਂਡ ਦੇਸ਼ਾਂ ਦੀ ਧਰਤੀ ਨੂੰ ਭਾਗ ਲਾਏ।

ਇਸ ਸਾਲ ਹੋਲੇ ਸਮੇਂ ਸ. ਹਰਵਿੰਦਰ ਸਿੰਘ ਹੰਸਪਾਲ ਜ. ਸਕੱਤਰ ਨਾਮਧਾਰੀ ਦਰਬਾਰ ਨੂੰ ਸ੍ਰੀ ਸਤਿਗੁਰੂ ਜੀ ਨੇ ਪੰਥ ਭੂਸ਼ਣ ਦੀ ਉਪਾਧੀ ਨਾਲ ਨਿਵਾਜਿਆ। 9 ਅਪ੍ਰੈਲ ਨੂੰ ਦਿੱਲੀ ਹੋਈ ਚੌਥੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਪੰਜਾਬੀ ਲਈ ਸੇਵਾਵਾਂ



Namdhari Elibrary NamdhariElibrary@gmail.com

ਬਦਲੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਮਾ. ਨਿਹਾਲ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

ਦੇਸ਼ ਦੀ ਆਜ਼ਾਦੀ ਤੇ ਗਊ ਗਰੀਬ ਦੀ ਰਾਖੀ ਲਈ ਨਾਮਧਾਰੀ ਸਿੰਘ ਭਾਵੇਂ 1871-72 ਵਿਚ ਜਾਨਾਂ ਵਾਰ ਗਏ ਸਨ ਪਰ ਉਹਨਾਂ ਦੀਆਂ ਯਾਦਗਾਰਾਂ ਕਾਇਮ ਕਰਨ ਲਈ ਥਾਵਾਂ ਆਦਿ ਮਿਲਣ ਦਾ ਕੰਮ ਅਜ਼ਾਦੀ ਬਾਅਦ ਵੀ ਲਟਕਦਾ ਆ ਰਿਹਾ ਸੀ। ਇਹ ਵੱਖਰੀ ਗੱਲ ਹੈ ਕਿ ਨਾਮਧਾਰੀ ਉਹਨਾਂ ਦੀ ਯਾਦ ਸਦਾ ਤਾਜ਼ਾ ਰੱਖਦੇ ਰਹੇ ਸਨ।

ਸ੍ਰੀ ਸਤਿਗੁਰੂ ਜੀ ਦੇ ਬਚਨਾਂ ਅਨੁਸਾਰ ਜਿਸ ਸਰਕਾਰ ਨੂੰ ਇਸ ਦੀ ਵਾਹ ਵਾਹ ਮਿਲਣੀ ਹੁੰਦੀ ਹੈ ਉਹ ਹਿੰਮਤ ਕਰ ਕੇ ਕੰਮ ਕਰ ਹੀ ਲੈਂਦੀ ਹੈ। ਇਹ ਯਾਦਗਾਰਾਂ ਕਾਇਮ ਕਰਨ ਦਾ ਸ੍ਰੀ ਗਣੇਸ਼ 1993 ਈ. ਨੂੰ ਹੋਇਆ। ਉਸ ਤੋਂ ਪਹਿਲਾਂ ਕੂਕਾ ਸ਼ਹੀਦ ਯਾਦਗਾਰੀ ਟ੍ਰਸਟ ਨੇ ਇਸ ਦੇ ਚੇਅਰਮੈਨ ਸ. ਬੇਅੰਤ ਸਿੰਘ ਮੁਖ ਮੰਤਰੀ ਪੰਜਾਬ ਦੀ ਪ੍ਰਧਾਨਗੀ ਵਿਚ ਲਗਾਤਾਰ ਮੀਟਿੰਗਾਂ ਰਾਹੀਂ ਯਾਦਗਾਰਾਂ ਕਾਇਮ ਕਰਨ ਦੇ ਰਾਹ ਦੀਆਂ ਔਕੜਾਂ ਦੂਰ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ। ਮਲੇਰਕੋਟਲੇ ਦੀ ਯਾਦਗਾਰ ਦੀ 6 ਏਕੜ ਥਾਂ ਮੁਲ ਲਈ ਗਈ ਤੇ 6 ਪੁਆਇੰਟ 4 ਏਕੜ ਥਾਂ ਲੀਜ਼ ਤੇ ਮਿਲੀ। ਲੁਧਿਆਣੇ ਦੀ ਸ਼ਹੀਦੀ ਯਾਦਗਾਰ ਲਈ 3802 ਗਜ਼ ਤੇ ਅੰਮ੍ਰਿਤਸਰ ਦੀ ਯਾਦਗਾਰ ਲਈ 1 ਕਨਾਲ 14 ਮਰਲੇ ਥਾਂ ਪ੍ਰਾਪਤ ਕੀਤੀ ਗਈ। ਪੰਜਾਬ ਦੇ ਮੁਖ ਮੰਤਰੀ ਸ. ਬੇਅੰਤ ਸਿੰਘ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ 24 ਜੂਨ 1993 ਨੂੰ ਸ਼ਹੀਦੀ ਸਮਾਰਕ ਦਾ ਨੀਂਹ ਪੱਥਰ ਰੱਖਣ ਦੀ ਕਿਰਪਾ ਕੀਤੀ। ਇਸ ਸਮਾਗਮ ਵਿੱਚ ਸਾਰੇ ਵਿਸ਼ਵ ਵਿਚੋਂ 50 ਹਜ਼ਾਰ ਤੋਂ ਵਧ ਨਾਮਧਾਰੀ ਪੁਜੇ। ਇਸ ਭਾਰੀ ਇਕੱਠ ਵਿੱਚ ਸਤਿਗੁਰੂ ਦੇ ਸਿੱਖਾਂ ਨੇ ਪੂਰਨ ਅਨੁਸ਼ਾਸਨ ਰੱਖਿਆ ਜਿਥੇ ਕਿਸੇ ਬਿਠਾਇਆ ਬੈਠ ਗਏ। ਸਮਾਗਮ ਦੀ ਭਰਪੂਰ ਚਰਚਾ ਤੇ ਪ੍ਰਸੰਸਾ ਹੋਈ।

ਵਿਦਿਅਕ ਜਥੇ ਦਾ 28ਵਾਂ ਸਮਾਗਮ ਬਿੜਦੀ (ਕਰਨਾਟਕ) ਵਿੱਚ ਹੋਇਆ ਸੀ। ਇਸ ਵਿਚ ਸ਼ਹੀਦੀ ਯਾਦਗਾਰਾਂ ਉਸਾਰਨ ਵਲ ਉਚੇਚਾ ਧਿਆਨ ਦੇਣ ਲਈ ਸ. ਬੇਅੰਤ ਸਿੰਘ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਵਿੱਚ ਜਥੇ ਦੇ ਸਾਬਕਾ ਪ੍ਰਧਾਨ ਸੰਤ ਜਗਦੀਸ਼ ਸਿੰਘ ਵਰਿਆਮ ਨੂੰ ਉਹਨਾਂ ਦੀਆਂ ਸੇਵਾਵਾਂ ਬਦਲੇ ਸ੍ਰੀ ਸਤਿਗੁਰੂ ਜੀ ਵਲੋਂ ਅਸ਼ੀਰਵਾਦ ਪੁਰਸਕਾਰ ਦਿਤਾ ਗਿਆ।

ਮਾ. ਨਿਹਾਲ ਸਿੰਘ ਤੇ ਸੰਤ ਅਨੰਤਾ ਸਿੰਘ, ਸੂਬਾ ਗੰਡਾ ਸਿੰਘ, ਸੰਤ ਵਰਿਆਮ ਸਿੰਘ ਮੁਸਵਰ ਨੂੰ ਪੰਥ ਰਤਨ ਦੇ ਕੇ ਸਨਮਾਨ ਨਾਲ ਪਹਿਲਾਂ ਨਿਵਾਜਿਆ ਗਿਆ ਸੀ। ਪੰਡਤ ਗੁਪਾਲ ਸਿੰਘ ਨੂੰ ਗਿਆਨ ਮਾਰਤੰਡ ਤੇ ਕਵੀਸ਼ਰ ਜਿਉਣ ਸਿੰਘ ਨੂੰ ਕਾਵਿ ਭੂਸ਼ਣ ਦੀ ਬਖਸ਼ਸ਼ ਕੀਤੀ ਗਈ। ਸੰਤ ਮੰਗਲ ਸਿੰਘ ਨੂੰ ਨਿਸ਼ਕਾਮ ਸੇਵਕ ਦੀ ਉਪਾਧੀ ਬਖਸ਼ੀ ਗਈ। ਵਿਦਿਅਕ ਜਥੇ ਵਿਚ ਕੰਮ ਕਰਨ ਵਾਲਿਆਂ ਵਿਚੋਂ ਸੰਤ ਸੁਰਿੰਦਰ ਸਿੰਘ, ਸੰਤ ਦਲੀਪ ਸਿੰਘ ਤੇ ਸੰਤ ਸੁਰਜੀਤ ਸਿੰਘ ਜੀਤ ਯੂ. ਕੇ. ਨੂੰ ਅਸ਼ੀਰਵਾਦ ਪੁਰਸਕਾਰ ਦੀ ਕਿਰਪਾ ਕੀਤੀ ਗਈ।

ਬੀਬੀਆਂ ਨੂੰ ਸੇਠਾਣੀ ਮਹਿੰਦਰ ਕੌਰ ਪੁਰਸਕਾਰ ਦਿਤੇ ਜਾਂਦੇ ਰਹੇ। ਜਗਦੀਸ਼ ਸਿੰਘ, ਕਿਰਪਾਲ ਸਿੰਘ ਕਸੇਲ, ਆਤਮਾ ਸਿੰਘ ਸਨਖਤਰਾ, ਬਿਸ਼ਨ ਸਿੰਘ ਆਦਿ ਕੁਝ ਸਾਹਿਤਕਾਰਾਂ ਨੂੰ ਕਈ ਸਾਲ ਲਗਾਤਾਰ ਤਰਨ ਸਿੰਘ ਵਹਿਮੀ ਪੁਰਸਕਾਰ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੋਇਆ।

ਵਿਦਿਅਕ ਜਥੇ ਦਾ ਇਕ ਸੰਮੇਲਨ 19-20 ਮਾਰਚ 1993 ਨੂੰ ਬੈਂਕਾਕ ਵਿਚ ਹੋ



Namdhari Elibrary NamdhariElibrary@gmail.com

ਚੁੱਕਾ ਸੀ। ਉਸ ਵਿਚ ਵੀ ਸ਼ਹੀਦੀ ਯਾਦਗਾਰਾਂ ਬਣਨ ਬਾਰੇ ਜਾਣਕਾਰੀ ਦਿਤੀ ਗਈ।

ਏਸੇ ਨਾਲ ਲੁਧਿਆਣੇ ਦੀ ਸ਼ਹੀਦੀ ਯਾਦਗਾਰ ਬਣਾਉਣ ਲਈ ਪੁਰਾਣੀ ਜੇਲ੍ਹ ਕੋਲ 26 ਨਵੰਬਰ 1993 ਈ. ਨੂੰ ਸ਼ਾਨਦਾਰ ਸਮਾਗਮ ਹੋਇਆ। ਜਿਸ ਦੀ ਪ੍ਰਧਾਨਗੀ ਸ. ਬੇਅੰਤ ਸਿੰਘ ਨੇ ਕੀਤੀ। ਭਾਵੇਂ ਇਹ ਯਾਦਗਾਰਾਂ ਸਰਕਾਰ ਬਣਾ ਰਹੀ ਸੀ ਫਿਰ ਵੀ ਨਾਮਧਾਰੀ ਸਿੰਘਾਂ ਨੇ ਭਾਵਨਾ ਵਸ ਇਹਨਾਂ ਦੇ ਉਸਾਰਨ ਵਿਚ ਤਨੋਂ ਮਨੋਂ ਧਨੋਂ ਸੇਵਾ ਕਰਨ ਵਿਚ ਆਪਣੇ ਧੰਨ ਭਾਗ ਸਮਝੇ। ਨਾਮਧਾਰੀ ਇਤਿਹਾਸ ਦੀਆਂ ਕੁਝ ਹਸਤੀਆਂ ਨੂੰ ਜਨ ਸਧਾਰਨ ਦੀਆਂ ਨਜ਼ਰਾਂ ਸਾਹਮਣੇ ਲਿਆਉਣ ਲਈ ਵਿਸ਼ੇਸ਼ ਉਦਮ ਕੀਤੇ ਗਏ ਤੇ ਸੜਕਾਂ ਤੇ ਪਾਰਕਾਂ ਦੇ ਨਾਂ ਰਖੇ ਗਏ। ਜਿਵੇਂ ਰਾਸ਼ਟਰਪਤੀ ਭਵਨ ਦੇ ਦੱਖਣ ਵਲ ਦੀ ਸੜਕ ਦਾ ਨਾਂ ਮਾਈ ਹੁਕਮੀ (ਸੂਬਾ) ਮਾਰਗ, ਦਿੱਲੀ ਤੋਂ ਜਖ਼ੀਰੇ ਵਲ ਜਾਂਦੀ ਮਾਇਆਪੁਰੀ ਦੀ ਸੜਕ ਦਾ ਨਾਂ ਸਤਿਗੁਰੂ ਰਾਮ ਸਿੰਘ ਮਾਰਗ, ਲੁਧਿਆਣਾ ਸਮਰਾਲਾ ਚੌਂਕ ਤੋਂ ਸ੍ਰੀ ਭੈਣੀ ਸਾਹਿਬ ਤਕ ਜਾਂਦੀ ਸੜਕ ਦਾ ਨਾਂ ਸਤਿਗੁਰੂ ਰਾਮ ਸਿੰਘ ਮਾਰਗ, ਜਮਨਾ ਨਗਰ ਵਿਚ ਸਤਿਗੁਰੂ ਰਾਮ ਸਿੰਘ ਮਾਰਗ, ਲੁਧਿਆਣੇ ਸਤਿਗੁਰੂ ਪ੍ਰਤਾਪ ਸਿੰਘ ਚੌਂਕ, ਲੁਧਿਆਣੇ ਮਲੇਰਕੋਟਲਾ - ਖੰਨਾ ਮਾਰਗ ਦਾ ਨਾਂ ਨਾਮਧਾਰੀ ਸ਼ਹੀਦੀ ਮਾਰਗ, ਲੁਧਿਆਣੇ ਸ਼ਹੀਦੀ ਸਮਾਰਕ ਦੀ ਸੜਕ ਦਾ ਨਾਂ ਕੂਕਾ ਸ਼ਹੀਦੀ ਮਾਰਗ, ਮਲੇਰਕੋਟਲੇ ਨਾਮਧਾਰੀ ਸ਼ਹੀਦ ਗਰਲਜ਼ ਕਾਲਜ ਆਦਿ।

3-6 ਫਰਵਰੀ 1994 ਵਿਚ ਰਾਧਾ ਸੁਆਮੀ ਮਿਸ਼ਨ ਦੇ ਰਹਿਨੁਮਾ ਮਹਾਰਾਜ ਹਜਿੰਦਰ ਸਿੰਘ ਜੀ ਨੇ 7ਵੀਂ ਵਿਸ਼ਵ ਧਰਮ ਕਾਨਫਰੰਸ ਕੀਤੀ। ਇਸ ਵਿਚ ਬੋਧੀ ਮੁਖੀ ਦਲਾਈਲਾਮਾ, ਜੈਨ ਆਚਾਰੀਆ ਸੁਸ਼ੀਲ ਮੁਨੀ, ਮੌਲਾਨਾ ਜੀ, ਫਾਦਰ ਆਫ ਚਰਚ ਪਧਾਰੇ। ਪ੍ਰਬੰਧਕਾਂ ਦੀ ਅਰਜ਼ ਮੰਨ ਕੇ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਸਿਖਾਂ ਸੇਵਕਾਂ ਸਹਿਤ ਦਰਸ਼ਨ ਦਿਤੇ ਤੇ ਮਨੁਖ ਨੂੰ ਧਰਮ ਦੇ ਸਹੀ ਰਸਤੇ ਉਤੇ ਪਾਉਣ ਲਈ ਵਿਚਾਰ ਸਾਂਝੇ ਕੀਤੇ ਗਏ।

ਇਸੇ ਤਰਾਂ 20 ਨਵੰਬਰ 1994 ਈ. ਨੂੰ ਆਚਾਰੀਆ ਸ੍ਰੀ ਪਦਮ ਸਾਗਰ ਸੂਰੇਸ਼ਵਰ ਜੀ ਦੇ ਧਾਰਮਿਕ ਅਭਿਨੰਦਨ ਸਮਾਰੋਹ ਵਿਚ ਸ੍ਰੀ ਸਤਿਗੁਰੂ ਜੀ ਉਚੇਚੇ ਬੈਂਕਾਕ ਤੋਂ ਪਧਾਰੇ। ਬੈਂਕਾਕ ਵਿਚ ਥਾਈਲੈਂਡ ਦੇ ਉਪ ਪ੍ਰਧਾਨ ਮੰਤਰੀ ਮੇਜਰ ਜਨਰਲ ਚੰਮਲੌਂਗ ਸ੍ਰੀ ਸਤਿਗੁਰੂ ਜੀ ਦਾ ਅਸ਼ੀਰਵਾਦ ਲੈਣ ਲਈ ਪਧਾਰੇ ਸਨ। ਉਹਨਾਂ ਥਾਈਲੈਂਡ ਦੇ ਧਰਮੀ ਨਾਮਧਾਰੀ ਸਿੰਘਾਂ ਦੇ ਕਿਰਦਾਰ ਦੀ ਪ੍ਰਸੰਸਾ ਕੀਤੀ।

ਸ੍ਰੀ ਸਤਿਗੁਰੂ ਜੀ ਨਾਮਧਾਰੀ ਸਿੱਖਾਂ ਨੂੰ ਹੋਰ ਉਚੇਰੀਆਂ ਉਡਾਣਾਂ ਲਈ ਕਿਵੇਂ ਲੰਮੇ ਦੌਰੇ ਕਰਦੇ ਰਹੇ, ਇਸ ਦੀ ਇਕ ਮਿਸਾਲ ਸੇਵਕ ਰਛਪਾਲ ਸਿੰਘ ਰਾਹੀਂ ਦਿਤੇ 1994 ਦੇ ਦੌਰਿਆਂ ਦੇ ਅੰਕੜੇ ਦਸਦੇ ਹਨ। ਇਹਨਾਂ ਅੰਕਿੜਆਂ ਅਨੁਸਾਰ ਆਪ ਨੇ ਸਾਰਾ ਸਾਲ ਜਨਵਰੀ ਤੋਂ ਦਸੰਬਰ 1994 ਦਰਮਿਆਨ ਕਾਰ ਰਾਹੀਂ, ਗੱਡੀ ਉਤੇ ਜਾਂ ਹਵਾਈ ਜਹਾਜ਼ ਰਾਹੀਂ ਇੱਕ ਲੱਖ ਕਿਲੋਮੀਟਰ ਤੋਂ ਵਧ ਲੰਮਾ ਸਫਰ ਕੀਤਾ। ਕੁਲ ਸਫਰ ਇੰਜ ਹੈ-

| | |
|---|---|
| ਰੇਲ ਗੱਡੀ ਰਾਹੀਂ | - 632 ਕਿਲੋਮੀਟਰ |
| ਕਾਰ ਰਾਹੀਂ | - 48956 ਕਿਲੋਮੀਟਰ |
| ਹਵਾਈ ਜਹਾਜ਼ ਰਾਹੀਂ | - 69683 ਕਿਲੋਮੀਟਰ |
| ਕੁਲ | - 1,19,271 ਕਿਲੋਮੀਟਰ |



Namdhari Elibrary NamdhariElibrary@gmail.com

ਮਤਲਬ ਇਹ ਕਿ ਲੋਕ ਕਲਿਆਣ ਲਈ ਔਸਤਨ ਰੋਜ਼ਾਨਾ 326 ਕਿਲੋਮੀਟਰ ਦਾ ਸਫਰ, ਸਮਾਰੋਹ ਵਿਚ ਦਰਸ਼ਨ ਦੇਣੇ, ਸਿਖਾਂ ਘਰੀਂ ਚਰਨ ਪਾਉਣੇ ਤੇ ਵਿਸ਼ੇਸ਼ ਸਮਾਗਮਾਂ ਵਿਚ ਕਿਰਪਾ ਕਰਨੀ ਇਸ ਤੋਂ ਵੱਖਰੀ ਸੀ।

1995 ਦੇ 25 ਸਤੰਬਰ ਨੂੰ ਵਿਸ਼ਵ ਸਿੱਖ ਸੰਮੇਲਨ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 11 ਨਾਮਧਾਰੀ ਸਿੰਘਾਂ ਨੂੰ ਸਨਮਾਨਿਤ ਕੀਤਾ ਗਿਆ। ਇਹਨਾਂ ਵਿਚ ਸ਼ਹੀਦ ਪਰਵਾਰਾਂ ਦੇ ਵੰਸ਼ਜ, ਸੂਬੇ, ਪੱਤਰਕਾਰ, ਅਧਿਆਪਕ ਤੇ ਪ੍ਰਚਾਰਕ ਸ਼ਾਮਲ ਸਨ। ਇਸ ਸਮਾਰੋਹ ਵਿਚ ਅਮਰੀਕਾ ਤੋਂ ਆਏ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਖਾਲਸਾ ਨੇ ਨਾਮਧਾਰੀ ਸਿੰਘਾਂ ਦੀ ਸਿਖੀ ਸਪਿਰਿਟ ਤੇ ਕੁਰਬਾਨੀ ਦੀ ਪ੍ਰਸੰਸਾ ਕੀਤੀ। ਉਹ ਸ੍ਰੀ ਸਤਿਗੁਰੂ ਜੀ ਦੇ ਪ੍ਰਸੰਸਕ ਹਨ।

ਕਮੇਟੀ ਨਾਲ ਇਹ ਸਾਂਝ ਹੋਰ ਪੀਢੀ ਹੋ ਗਈ ਜਦ 1996 ਵਿਚ ਸ. ਜਸਵਿੰਦਰ ਸਿੰਘ ਨਾਮਧਾਰੀ ਇਤਿਹਾਸ ਦੇ ਸਕਾਲਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਇਹ ਸਕਾਲਰ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਕਈ ਵਾਰ ਮਯਾਂਮਾਰ (ਬਰ੍ਹਮਾ) ਜਾ ਆਏ ਸਨ। ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਤੇ ਸੂਬਿਆਂ ਦੇ ਨਜ਼ਰਬੰਦੀ ਦੇ ਸਥਾਨਾਂ ਤੇ ਜੇਲ੍ਹਾਂ ਬਾਰੇ ਖੋਜ ਕਰ ਆਏ ਸਨ। ਉਹ ਦਸਤਾਵੇਜ਼ਾਂ ਦੇ ਅਧਾਰ ਤੇ ਨਿਸ਼ਾਨਦੇਹੀ ਵੀ ਕਰ ਆਏ ਸਨ। ਜਿਸਨੂੰ ਬਾਅਦ ਵਿਚ ਸਰਕਾਰੀ ਕਾਰਕੁਨਾਂ ਤੇ ਸਫਾਰਤਖਾਨੇ ਦੇ ਪ੍ਰਤੀਨਿਧਾਂ ਨਾਲ ਹੋਈਆਂ ਬੈਠਕਾਂ ਵਿਚ ਅਗੇ ਵਧਾਇਆ ਗਿਆ ਸੀ।

1996 ਦੇ ਅਖੀਰ 15 ਦਸੰਬਰ ਦੀ ਉਚੇਰੀ ਉਡਾਨ ਸੰਪੂਰਨਾਨੰਦ ਸੰਸਕ੍ਰਿਤ ਵਿਸ਼ਵ ਵਿਦਿਆਲੇ ਵਿਚ ਸਤਿਗੁਰੂ ਰਾਮ ਸਿੰਘ ਪੀਠ ਦੀ ਸਥਾਪਨਾ ਸੀ। 22–23 ਫਰਵਰੀ 1997 ਏਥੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਈ ਬਸੰਤ ਪੰਚਮੀ ਵਿਚ 200 ਤੋਂ ਵੱਧ ਵੈਦਿਕ ਪ੍ਰੰਪਰਾਵਾਂ ਦੇ ਵਿਦਵਾਨਾਂ ਨੇ ਗੁਰੂ ਮਹਿਮਾਂ ਚਰਚਾ ਵਿੱਚ ਹਿਸਾ ਲਿਆ।

ਨਾਮਧਾਰੀ ਸਿੰਘਾਂ ਨੇ ਸ੍ਰੀ ਸਤਿਗੁਰੂ ਜੀ ਦੀ ਅਗਵਾਈ ਹੇਠ ਸਾਹਿਤ, ਧਰਮ, ਵਿਸ਼ਵ ਅਮਨ ਦੀਆਂ ਬੈਠਕਾਂ ਵਿਚ ਵਿਸ਼ਵ ਪੱਧਰ ਉਤੇ ਭਾਰਤ ਅਤੇ ਵਿਦੇਸ਼ਾਂ ਵਿਚ ਹਿੱਸਾ ਲਿਆ। ਕੁਝ ਮਹਾਨ ਵਿਅਕਤੀਆਂ ਤੇ ਕੁਝ ਖਾਸ ਥਾਵਾਂ ਤੇ ਮੈਂਬਰਾਂ ਦੀ ਬੈਠਕ ਹੋਈ।

19–21 ਜੁਲਾਈ 1997 ਨੂੰ ਵਿਸ਼ਵ ਪੰਜਾਬੀ ਕਾਨਫਰੰਸ ਵਿਸਕਾਂਸਨ ਯੂਨੀਵਰਸਿਟੀ, ਮਿਲਵਾਕੀ (ਯੂ. ਐਸ. ਏ.) ਵਿਚ ਹੋਈ ਜਿਸ ਦਾ ਉਦਘਾਟਨ ਸ੍ਰੀ ਸਤਿਗੁਰੂ ਜੀ ਨੇ ਕੀਤਾ ਤੇ ਕਿਹਾ, "ਸਾਰੇ ਨਿਤਾਪ੍ਰਤੀ ਕਾਨਫਰੰਸ ਦੀ ਸਫਲਤਾ ਲਈ ਅਰਦਾਸ ਕਰਕੇ ਆਉਣ। ਉਥੇ ਸ੍ਰੀ ਸਤਿਗੁਰੂ ਜੀ ਉਸਤਾਦ ਵਿਲਾਇਤ ਖਾਂ ਘਰ ਨਿਊਯਾਰਕ ਪਹੁੰਚੇ ਤਾਂ ਉਹਨਾਂ ਕਿਹਾ, "ਮੇਰੀ ਤਾਂ ਈਦ ਹੋ ਗਈ।"

ਇਥੋਂ ਆਪ ਜੀ ਯੂ. ਕੇ. ਪਹੁੰਚੇ ਤਾਂ ਏਥੇ 28 ਜੁਲਾਈ ਨੂੰ ਲਾਰਡ ਸਵਰਾਜ ਪਾਲ ਦੇ ਸੱਦੇ ਉਤੇ ਹਾਊਸ ਆਫ ਲਾਰਡਜ਼ ਵਿਚ ਦਰਸ਼ਨ ਦਿਤੇ। ਆਪ ਜੀ ਦਾ ਸੁਆਗਤ ਸਤਿਕਾਰ ਬ੍ਰਿਟਿਸ਼ ਪਾਰਲੀਮੈਂਟ ਦੇ ਮੁਖ ਦਫਤਰ ਵਿਚ ਕੀਤਾ ਗਿਆ ਤੇ ਆਪ ਸੈਸ਼ਨ ਵੇਖਣ ਗਏ।

ਜਿਸ ਪਾਰਲੀਮੈਂਟ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਤੇ ਮੋਹਰ ਲਾਈ ਸੀ, ਉਹੀ 110 ਸਾਲ ਬਾਅਦ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕਰ ਰਹੀ ਸੀ।



Namdhari Elibrary NamdhariElibrary@gmail.com

ਇਸ ਦੌਰੇ ਸਮੇਂ 3 ਅਗਸਤ ਨੂੰ ਸਵਾਮੀ ਨਰਾਇਣ ਮੰਦਰ ਇੰਗਲੈਂਡ ਵਿਚ ਆਪ ਜੀ ਦਾ ਸੁਆਗਤ ਬਹੁਤ ਮਹੱਤਵ ਰਖਦਾ ਹੈ। ਇਹ ਮੰਦਰ ਭਾਰਤੀ ਭਵਨ ਨਿਰਮਾਣ ਸੰਸਕ੍ਰਿਤੀ ਦਾ ਨਮੂਨਾ ਹੈ। ਇਸ ਉਤੇ 4828 ਟਨ ਸੰਗਮਰਮਰ ਲਗਾ ਹੋਇਆ ਹੈ। ਮੰਦਰ ਵਿਚ ਆਪ ਜੀ ਦਾ ਰੈਡ ਕਾਰਪੈਟ ਸੁਆਗਤ ਕੀਤਾ ਗਿਆ ਤੇ ਮੰਦਰ ਦੇ ਮਹੰਤ ਸਵਾਮੀ ਆਤਮ ਸਰੂਪ ਨੇ ਕਿਹਾ ਕਿ ਅਜ ਤੀਰਥ ਸਾਡੇ ਘਰ ਆਇਆ ਹੈ, ਸਾਡੇ ਧੰਨ ਭਾਗ। ਇਹ ਮੰਦਰ ਗੁਜਰਾਤ ਦੇ ਇਕ ਅਦਾਰੇ ਦਾ ਹੈ ਜੋ ਦੇਹਧਾਰੀ ਰਹਿਨੁਮਾ ਦੇ ਉਪਾਸ਼ਕ ਹਨ ਤੇ ਜਿਹਨਾਂ ਦੇ ਵਰਤਮਾਨ ਮੁਖੀ ਪ੍ਰਮੁੱਖ ਸੁਆਮੀ ਜੀ ਹਨ।

ਥਾਈਲੈਂਡ ਦੇ ਨਾਮਧਾਰੀ ਸਿੱਖਾਂ ਨੇ ਸਰਕਾਰ ਦੇ ਸਿਖਿਆ ਮਹਿਕਮੇ ਕੋਲੋਂ ਮਨਜ਼ੂਰੀ ਲੈ ਕੇ ਆਪਣਾ ਸਕੂਲ ਬਣਾਉਣ ਦਾ ਉੱਦਮ ਕੀਤਾ ਹੈ। ਇਸ ਸਕੂਲ ਦਾ ਉਦਘਾਟਨ ਸ੍ਰੀ ਸਤਿਗੁਰੂ ਜੀ ਦੇ ਕਰ ਕੰਵਲਾਂ ਦੁਆਰਾ 24 ਅਗਸਤ 1997 ਨੂੰ ਕੀਤਾ ਗਿਆ। ਇਸ ਦਾ ਨਾਂ ਮਾਡਰਨ ਇੰਟਰਨੈਸ਼ਨਲ ਸਕੂਲ ਬੈਂਕਾਕ ਰਖਿਆ ਗਿਆ। ਇਹ ਲੰਡਨ ਯੂਨੀਵਰਸਿਟੀ ਨਾਲ ਸੰਬੰਧਤ ਹੈ। ਏਥੇ ਹੋਰ ਵਿਸ਼ਿਆਂ ਨਾਲ ਪੰਜਾਬੀ ਵੀ ਪੜ੍ਹਾਈ ਜਾਂਦੀ ਹੈ।

1999 ਦਾ ਬਹੁਤ ਵੱਡਾ ਮਹਾਤਮ ਖਾਲਸੇ ਦੀ ਤੀਸਰੀ ਸ਼ਤਾਬਦੀ ਕਰਕੇ ਸੀ। ਇਸ ਨੂੰ ਮਨਾਉਣ ਲਈ ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ 28 ਮਾਰਚ ਨੂੰ ਨਾਮਧਾਰੀ ਸੰਤ ਖਾਲਸੇ ਵਲੋਂ ਸ੍ਰੀ ਭੈਣੀ ਸਾਹਿਬ ਤੋਂ ਅਨੰਦਪੁਰ ਸਾਹਿਬ ਤਕ ਚੇਤਨਾ ਮਾਰਚ ਕੀਤਾ ਗਿਆ। ਇਸ ਵਿਚ ਇਕ ਹਜ਼ਾਰ ਦੇ ਕਰੀਬ ਮੋਟਰ ਸਾਈਕਲ ਸਕੂਟਰ ਸਵਾਰ ਸਨ। ਹੋਰ ਅਣਗਿਣਤ ਕਾਰਾਂ, ਟਰੱਕ, ਟ੍ਰੈਕਟਰ, ਬੱਸਾਂ ਸਨ। ਇਹ ਕਾਫਲਾ 35 ਕਿਲੋਮੀਟਰ ਲੰਮਾ ਸੀ ਅਤੇ ਰਾਹ ਵਿਚ 125 ਥਾਵਾਂ ਤੇ ਸੁਆਗਤੀ ਗੇਟ ਬਣੇ ਹੋਏ ਸਨ ਤੇ ਸਾਰੇ ਰਾਹਾਂ ਤੇ ਸੜਕਾਂ ਕੰਢੇ ਪਿੰਡਾਂ ਸ਼ਹਿਰਾਂ ਦੀ ਸੰਗਤ ਸੁਆਗਤ ਲਈ ਖੜ੍ਹੀ ਸੀ।

ਅਨੰਦਪੁਰ ਸਾਹਿਬ ਸੁਆਗਤ ਲਈ ਪੰਜਾਬ ਦੇ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਾਥੀਆਂ ਨਾਲ ਹਾਜ਼ਰ ਹੋਏ। ਤਖਤ ਸ੍ਰੀ ਕੇਸਗੜ੍ਹ ਸਾਹਿਬ ਪਹੁੰਚਣ ਤੇ ਹੈਡ ਗ੍ਰੰਥੀ ਗਿਆਨੀ ਤਰਲੋਚਨ ਸਿੰਘ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਸਿਰੋਪਾ ਭੇਟ ਕੀਤਾ ਗਿਆ।

ਏਸੇ ਸਾਲ ਸ੍ਰੀ ਸਤਿਗੁਰੂ ਜੀ ਦੀ ਅਗਵਾਈ ਵਿਚ ਨਾਮਧਾਰੀ ਸੰਗਤ ਨੇ ਦੁਰਗਿਆਣਾ ਮੰਦਰ ਦੀ ਕਾਰ ਸੇਵਾ ਵਿੱਚ ਹਿਸਾ ਲਿਆ। ਸ੍ਰੀ ਸਤਿਗੁਰੂ ਜੀ ਨੇ ਬੈਂਕਾਕ ਵਿਚ 33ਵੀਂ ਵਿਸ਼ਵ ਸ਼ਾਕਾਹਾਰੀ ਕਾਨਫਰੰਸ ਦੇ ਉਦਘਾਟਨ ਲਈ ਦਰਸ਼ਨ ਦਿਤੇ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਗੁਰੂ ਰਾਮ ਸਿੰਘ ਚੇਅਰ ਦੀ ਸਥਾਪਨਾ ਇਕ ਹੋਰ ਪੁਲਾਂਘ ਸੀ। ਇਸ ਦੇ ਪਹਿਲੇ ਮੁਖੀ ਪ੍ਰੋ. ਸਤਿੰਦਰ ਸਿੰਘ ਨਿਯੁਕਤ ਕੀਤੇ ਗਏ।

1999 ਵਿਚ 1-8 ਦਸੰਬਰ ਤਕ ਪਾਰਲੀਮੈਂਟ ਆਫ ਵਰਲਡ ਰਿਲੀਜ਼ਨ ਦੀ ਕੌਂਸਲ ਕੇਪਟਾਊਨ (ਦੱਖਣੀ ਅਫਰੀਕਾ) ਵਿਚ ਹੋਈ। ਇਸ ਵਿਚ ਵਖ ਵਖ ਧਾਰਮਿਕ ਅਦਾਰਿਆਂ ਵਲੋਂ ਆਪਣਾ ਆਪਣਾ ਪੱਖ ਪੇਸ਼ ਕਰਨ ਲਈ ਕਈ ਵਾਰ ਰੋਜ਼ਾਨਾ 40-40 ਇਕੱਤਰਤਾਵਾਂ ਹੋਈਆਂ। ਨਾਮਧਾਰੀ ਸਿੰਘ ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਤੇ ਸੰਤ ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ ਨਾਮਧਾਰੀ ਦਰਬਾਰ ਦੀ ਅਗਵਾਈ ਵਿਚ ਹਿੱਸਾ ਲੈਣ ਲਈ ਪੁਜੇ। ਕੀਨੀਆਂ ਤੋਂ ਸੂਬਾ ਸਤਨਾਮ ਸਿੰਘ ਤੇ ਤਨਜ਼ਾਨੀਆਂ ਤੋਂ ਸੰਗਤ ਦੇ ਪ੍ਰਧਾਨ ਸਤਵੰਤ ਸਿੰਘ ਪਾਲਰੇ ਪ੍ਰਬੰਧ ਲਈ ਪਹਿਲਾਂ ਹੀ ਸਾਥੀਆਂ ਨਾਲ ਪੁੱਜੇ



Namdhari Elibrary NamdhariElibrary@gmail.com

ਹੋਏ ਸਨ। ਨਾਮਧਾਰੀ ਪੰਥ ਦੀ ਪੇਸ਼ਕਾਰੀ ਸਲਾਹੀ ਗਈ।

ਸੰਨ 2000 ਵਿਚ 28 ਤੋਂ 31 ਅਗਸਤ ਤਕ ਸੰਯੁਕਤ ਰਾਸ਼ਟਰ ਦੇ ਅਸੈਂਬਲੀ ਹਾਲ ਨਿਊਯਾਰਕ ਵਿਚ ਧਾਰਮਕ ਤੇ ਅਧਿਆਤਮਿਕ ਰਹਿਨੁਮਾਵਾਂ ਦਾ ਦਹਿਸਦੀ ਵਿਸ਼ਵ ਅਮਨ ਸਿਖਰ ਸੰਮੇਲਨ ਹੋਇਆ। ਇਸ ਵਿਚ ਸ੍ਰੀ ਸਤਿਗੁਰੂ ਜੀ ਦੀ ਰਹਿਨੁਮਾਈ ਵਿਚ ਹਿਸਾ ਲਿਆ ਗਿਆ। ਇਸ ਵਿਚ ਆਪ ਜੀ ਨੇ ਵਿਸ਼ਵ ਅਮਨ ਦੀ ਕੁੰਜੀ ਜੀਵ ਰੱਖਿਆ ਵਿਚ ਦਸੀ ਜਿਸ ਲਈ ਸ਼ਾਕਾਹਾਰੀ ਬਣਨਾ ਚਾਹੀਦਾ ਹੈ। ਆਪ ਨੇ ਅਸੈਂਬਲੀ ਹਾਲ ਵਿਚ ਪੰਜਾਬੀ ਵਿਚ ਕਿਰਪਾ ਕੀਤੀ। ਏਸੇ ਲੜੀ ਨੂੰ ਅਗੇ ਵਧਾਉਣ ਲਈ 12-14 ਜੂਨ 2002 ਦੀ ਕੌਂਸਲ ਬੈਂਕਾਕ, ਥਾਈਲੈਂਡ ਵਿਚ ਰਖੀ ਗਈ। ਇਸ ਵਿਚ ਨਾਮਧਾਰੀ ਪੰਥ ਵਲੋਂ ਸ. ਹਰਵਿੰਦਰ ਸਿੰਘ ਹੰਸਪਾਲ ਤੇ ਪ੍ਰੋ. ਤਾਰਾ ਸਿੰਘ ਅਨਜਾਣ ਨੇ ਹਿੱਸਾ ਲਿਆ। ਸਥਾਨਕ ਸੰਗਤ ਨੇ ਭਰਵਾਂ ਸਹਿਯੋਗ ਦਿਤਾ। ਇਹ ਇੱਕ ਹੋਰ ਕਾਮਯਾਬ ਕੌਮਾਂਤਰੀ ਧਾਰਮਕ ਇਕੱਤਰਤਾ ਸੀ।

ਨਾਮਧਾਰੀ ਸਿਖਾਂ ਨੇ ਜਿਥੇ ਹੋਰ ਥਾਈਂ ਆਪਣੇ ਧਾਰਮਿਕ ਕੇਂਦਰ, ਕਾਲਜ, ਸਕੂਲ, ਫਾਰਮ, ਵਪਾਰਕ ਅਦਾਰੇ ਸਥਾਪਤ ਕਰਕੇ ਪਛਾਣ ਬਣਾਈ ਹੈ ਉਥੇ ਆਪਣੇ ਮੁਖ ਧਾਰਮਿਕ ਕੇਂਦਰ ਸ੍ਰੀ ਭੈਣੀ ਸਾਹਿਬ ਦੀ ਵੀ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਨੁਹਾਰ ਬਦਲੀ ਹੈ। ਪਹਿਲਾਂ ਏਥੇ ਕੱਚੇ ਕੋਠੇ, ਕੱਚਾ ਸਰੋਵਰ ਤੇ ਛੱਪਰਾਂ ਦੀ ਬਹੁ ਗਿਣਤੀ ਸੀ। ਹੁਣ ਸਭ ਕੁਝ ਪੱਕਾ ਹੈ। ਸਰੋਵਰ ਦਾ ਜਲ ਕੁਦਰਤੀ ਸੋਮੇ ਜਿੰਨਾਂ ਡੂੰਘਾ ਹੈ। ਵੱਡੇ ਦਿਵਾਨ ਹਾਲ ਤੇ ਲੰਗਰ ਹਾਲ ਹਨ। ਕ੍ਰਾਂਤੀ ਮੰਦਰ ਦੀ ਨਵ ਉਸਾਰੀ ਹੋ ਰਹੀ ਹੈ। ਬਿਰਧਾਂ ਦੀ ਸੇਵਾ ਸੰਭਾਲ ਲਈ ਬਿਰਧਸ਼ਾਲਾ, ਹਸਪਤਾਲ ਹਨ।

ਪਰ ਨਾਲ ਹੀ ਸਿੱਖੀ ਉਸ ਤੋਂ ਪੱਕੀ ਹੈ। ਇਥੇ ਭਜਨ ਦੀ ਅਖੰਡ ਵਰਨੀ ਚਲ ਰਹੀ ਹੈ। ਇਸ ਤੋਂ ਬਾਹਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਕਰਨਾਟਕ, ਬਿਹਾਰ, ਯੂ. ਪੀ., ਝਾਰਖੰਡ, ਦਿੱਲੀ ਤੇ ਵਿਦੇਸ਼ ਵਿਚ ਬੈਂਕਾਕ (ਥਾਈਲੈਂਡ) ਵਿਚ 19 ਥਾਈਂ ਅਖੰਡ ਵਰਨੀਆਂ ਚਲ ਰਹੀਆਂ ਹਨ।

ਲੁਧਿਆਣੇ ਵਿਚ ਠਾਕਰ ਉਦੈ ਸਿੰਘ ਦੀ ਦੇਖ ਰੇਖ ਹੇਠ ਆਧੁਨਿਕ ਸੁਖ ਸੁਵਿਧਾਵਾਂ ਨਾਲ 8 ਮੰਜਿਲਾ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ ਹਸਤਪਾਲ ਤਿਆਰ ਹੋ ਚੁਕਿਆ ਹੈ।

ਰਾਜਨੀਤਕ ਖੇਤਰ ਬਾਰੇ ਗੱਲ ਕਰਿਆਂ ਨਾਮਧਾਰੀ ਪੰਥ ਦੀ ਪ੍ਰਾਪਤੀ ਸ. ਹਰਵਿੰਦਰ ਸਿੰਘ ਹੰਸਪਾਲ ਦਾ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਪ੍ਰੋ. ਇੰਦਰ ਸਿੰਘ ਦੇ ਝਾਰਖੰਡ ਅਸੈਂਬਲੀ ਦੇ ਸਪੀਕਰ ਹੋਣਾ ਹੈ।

ਸਾਹਿਤਕ ਤੇ ਇਤਿਹਾਸਕ ਰਚਨਾਵਾਂ ਨੂੰ ਪੰਥਕ ਗਤੀਵਿਧੀਆਂ ਨਾਲ ਪੇਸ਼ ਕਰਨ ਵਾਲੇ ਸਪਤਾਹਿਕ ਸਤਿਜੁਗ 1998 ਤੱਕ ਤਾਂ ਸਾਲਾਨਾ ਅੰਕ ਬਸੰਤ ਅੰਕ ਦੇ ਰੂਪ ਵਿਚ ਪੇਸ਼ ਕੀਤੇ। ਪਰ ਬਾਅਦ ਵਿਚ ਨਵੇਂ ਖੇਤਰਾਂ ਨੂੰ ਅਪਣਾਇਆ। ਸੰਨ 1999 ਵਿਚ ਖਾਲਸਾ ਤ੍ਰੈ ਸ਼ਤਾਬਦੀ, 2000 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰਗੱਦੀ ਦੇ 40 ਸਾਲ, 2001 ਸਤਿਜੁਗ ਦੇ 80 ਵਰ੍ਹੇ, 2002 ਵਿਚ ਇਤਿਹਾਸਕ ਸਮਗਰੀ ਅੰਕ, 2003 ਵਿਚ ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ ਤੇ 2004 ਵਿਚ ਇਤਿਹਾਸਕ ਸ਼ਤਾਬਦੀਆਂ ਅੰਕ ਪ੍ਰਕਾਸ਼ਿਤ ਹੋਏ। ਇਹ ਅੰਕ ਆਮ ਤੌਰ ਉਤੇ ਹੋਲੇ ਮਹੱਲੇ ਸਮੇਂ ਰਿਲੀਜ਼ ਹੁੰਦੇ ਰਹੇ।



Namdhari Elibrary NamdhariElibrary@gmail.com

ਨਾਮਧਾਰੀ ਸਾਹਿਤ ਰਚਨਾ ਦੇ ਖੇਤਰ ਵਿਚ ਉਡਾਣਾਂ ਉਚੇਰੀਆਂ ਹਨ। ਸਦੀ ਤੋਂ ਵੱਧ ਪੁਰਾਣੇ ਸਮੇਂ ਤੋਂ ਪਏ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਅਤੇ ਸੰਤ ਸੰਤੋਖ ਸਿੰਘ ਦੇ ਖਰੜਿਆਂ ਨੂੰ ਵਾਚਿਆ ਗਿਆ ਤੇ ਲੋੜ ਅਨੁਸਾਰ ਫੁੱਟ ਨੋਟ ਲਿਖੇ ਗਏ ਹਨ। ਉਹ ਖਰੜੇ ਸ. ਜਸਵਿੰਦਰ ਸਿੰਘ ਨੇ ਸੰਕਲਿਤ ਜਾਂ ਸੰਪਾਦਿਤ ਕਰਕੇ ਦਰਬਾਰ ਵਲੋਂ ਪ੍ਰਕਾਸ਼ਿਤ ਕਰਵਾਏ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ "ਲਾਲ ਏਹਿ ਰਤਨ" ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ "ਪ੍ਰਵਚਨ" ਬੀਬੀ ਬੇਅੰਤ ਕੌਰ ਤੇ ਸ. ਹਰਵਿੰਦਰ ਸਿੰਘ ਹੰਸਪਾਲ ਦੀ ਮਿਹਨਤ ਨਾਲ ਪ੍ਰਕਾਸ਼ਿਤ ਹੋਏ ਹਨ। ਹੋਰ ਬਹੁਤ ਸਾਰੇ ਸਾਹਿਤਕਾਰਾਂ ਦੀਆਂ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਸਾਹਿਤ ਦੇ ਖੇਤਰ ਵਿਚ ਵਿਸ਼ੇਸ਼ ਯੋਗਦਾਨ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ 2001 ਵਿਚ ਪ੍ਰੀਤਮ ਸਿੰਘ ਕਵੀ ਨੂੰ ਸਾਹਿਤ ਰਤਨ ਤੇ 2004 ਵਿਚ ਸ੍ਰੀ ਅਮਰ ਭਾਰਤੀ ਜੀ ਨੂੰ ਸਾਹਿਤ ਮਾਰਤੰਡ ਦੇ ਰੂਪ ਵਿਚ ਮਾਣ ਬਖਸ਼ਿਆ।

ਜੀਵਨ ਦੇ ਵਖ ਵਖ ਖੇਤਰਾਂ ਤੇ ਕਿੱਤਿਆਂ ਵਿਚ ਨਾਮਧਾਰੀ ਆਪਣੀ ਪਛਾਣ ਬਣਾ ਚੁਕੇ ਹਨ। ਉਹ ਜਿਥੇ 1947 ਤੋਂ ਪਹਿਲਾਂ ਦੇ 90 ਸਾਲ ਦੇ ਆਜ਼ਾਦੀ ਦੇ ਸੰਘਰਸ਼ ਵਿਚ ਸੁਤੰਤਰਤਾ ਪ੍ਰਾਪਤੀ ਤਕ ਹਰ ਕੁਰਬਾਨੀ ਲਈ ਤਿਆਰ ਰਹੇ ਉਥੇ ਆਜ਼ਾਦੀ ਬਾਅਦ ਮੁੜ ਵਸੇਬੇ, ਸੰਗਠਨ ਤੇ ਪ੍ਰਸਾਰ ਤੇ ਉਚੇਰੀਆਂ ਉਡਾਰੀਆਂ ਲਈ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਹਨਾਂ ਦੇ ਜੀਵਨ ਵਿਚ ਸਫਲਤਾ ਦਾ ਕੇਂਦਰ ਸਤਿਗੁਰੂ ਜੀ ਹਨ। ਉਹ ਸਦਾ ਇਹਨਾਂ ਨੂੰ ਰਹਿਨੁਮਾਈ ਦੇਂਦੇ ਹਨ ਤੇ ਔਖੇ ਵੇਲੇ ਸਹਾਈ ਹੁੰਦੇ ਹਨ। ਏਸੇ ਕਰਕੇ ਨਾਮਧਾਰੀ ਇਤਿਹਾਸ ਸ਼ਾਨਾਂਮੱਤਾ ਹੈ।



Namdhari Elibrary NamdhariElibrary@gmail.com

# ਨਾਮਧਾਰੀ ਸਿੱਖ ਸਿਧਾਂਤਾਂ ਦੀ ਪ੍ਰਸੰਗਿਕਤਾ

ਨਾਮਧਾਰੀ ਸ਼ਬਦ ਵਿਚ ਪ੍ਰਮੁੱਖਤਾ ਨਾਮ ਦੀ ਹੈ। ਨਾਮ ਹੈ ਅਕਾਲ ਪੁਰਖ ਦਾ, ਪ੍ਰਭੂ ਦਾ। ਉਹੀ ਜਪਣਾ ਨਾਮਧਾਰੀ ਸਿੱਖਾਂ ਦੇ ਜੀਵਨ ਦਾ ਅਮਲ ਹੈ। ਇਸ ਨੂੰ ਜਪਣ ਨਾਲ ਇਹਨਾਂ ਨੂੰ ਸੁੱਖ ਮਿਲਦਾ ਹੈ, ਸ਼ਾਂਤੀ ਮਿਲਦੀ ਹੈ, ਭਟਕਣ ਘਟਦੀ ਹੈ ਤੇ ਮਨ ਵਿਚ ਟਿਕਾਅ ਆਉਂਦਾ ਹੈ। ਇਹ ਸਮਝਦੇ ਹਨ ਕਿ ਉਹਨਾਂ ਨੇ ਸੱਚਾ ਸੁੱਚਾ ਲੋਕ ਪ੍ਰਲੋਕ ਸੁਆਰਨ ਲਈ ਬੀਜ ਬੀਜਿਆ ਹੈ। ਸੁੱਖਾਂ ਦੀ ਪ੍ਰਾਪਤੀ ਲਈ ਮਨੁੱਖ ਬੜੇ ਪਾਪੜ ਵੇਲਦਾ ਹੈ। ਜਾਇਜ਼ ਨਾਜਾਇਜ਼ ਤਰੀਕੇ ਨਾਲ ਧਨ ਕਮਾ ਕੇ ਦੁਨੀਆਂ ਦਾ ਹਰ ਸੁੱਖ ਚੈਨ ਖਰੀਦਣਾ ਚਾਹੁੰਦਾ ਹੈ ਪਰ ਨਾਕਾਮ ਰਹਿੰਦਾ ਹੈ। ਏਸੇ ਕਰਕੇ ਅਮੀਰਾਂ ਦੇ ਧਨ ਦਾ ਇਕ ਵੱਡਾ ਹਿੱਸਾ ਦਵਾ-ਦਾਰੂ, ਐਸ਼ੋ ਆਰਾਮ, ਨਸ਼ਿਆਂ-ਪੱਤਿਆਂ ਤੋਂ ਫਿਕਰ ਚਿੰਤਾ ਵੱਲ ਲੈ ਜਾਂਦਾ ਹੈ ਅਤੇ ਮਨ ਦੀ ਬੇਚੈਨੀ ਵਧ ਜਾਂਦੀ ਹੈ। ਉਹਨਾਂ ਨੂੰ ਸਕੂਨ ਨਹੀਂ ਆਉਂਦਾ। ਉਹ ਅੰਦਰ ਦੇ ਸੁੱਖ ਦੀ ਭਾਲ ਵਿੱਚ ਵੱਡੀਆਂ ਵੱਡੀਆਂ ਕਾਰਾਂ ਵਿਚ ਮਹਾਤਮਾਵਾਂ, ਸੁਆਮੀਆਂ, ਬਾਪੂਆਂ, ਬਾਬਿਆਂ, ਮਹਾਰਾਜਿਆਂ, ਗੁਰੂ-ਮਾਵਾਂ, ਸੰਤ-ਸਾਧਾਂ ਕੋਲ ਜਾਂਦੇ ਹਨ। ਉਹਨਾਂ ਦੇ ਉਪਦੇਸ਼ ਪ੍ਰਵਚਨ ਸੁਣ ਕੇ ਵਕਤੀ ਤੌਰ ਤੇ ਸ਼ਾਇਦ ਤਸੱਲੀ ਮਹਿਸੂਸ ਕਰਦੇ ਹਨ ਪਰ ਕਲਿਆਣ ਤਾਂ ਅੱਜ ਵੀ ਨਾਮ ਜਪਣ ਨਾਲ ਹੀ ਹੋਣਾ ਹੈ। ਇਸ ਲੋੜ ਨੂੰ ਮਹਿਸੂਸ ਕਰਕੇ ਧਾਰਮਕਿ ਚੈਨਲਾਂ ਦੀ ਵਰਤੋਂ ਤੇ ਲੋਕਾਂ ਵਿਚ ਉਹਨਾਂ ਦੀ ਰੁਚੀ ਵੱਧ ਰਹੀ ਹੈ। ਲੱਖਾਂ ਕਰੋੜਾਂ ਲੋਕ ਧਾਰਮਕ ਬਿਰਤੀ ਨੂੰ ਧਾਰਨ ਕਰ ਰਹੇ ਹਨ, ਪੂਰਬੀ ਤੇ ਪੱਛਮੀ ਦੇਸ਼ਾਂ ਵਿਚ। ਇਹ ਪ੍ਰਸੰਗਿਕਤਾ ਹੈ ਨਾਮ ਧਾਰਨ ਕਰਨ ਦੀ। ਏਸੇ ਨੂੰ ਅੰਮ੍ਰਿਤ, ਰਤਨ, ਮਹਾਂਰਸ, ਖ਼ਜ਼ਾਨਾ ਆਦਿ ਕਿਹਾ ਗਿਆ ਹੈ।

ਨਾਮ ਆਪੇ ਨਹੀਂ ਮਿਲਦਾ। ਇਹ ਗੁਰਮਿਤਰ ਹੈ। ਗੁਰੂ ਤੋਂ ਪ੍ਰਾਪਤ ਕੀਤਾ ਮੰਤਰ ਤੇ ਉਸ ਤੋਂ ਹੀ ਮਿਲਦਾ ਹੈ। ਗੁਰੂ ਬਾਰੇ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ ਕਿ ਉਹ ਆਪ ਨਰਾਇਣ ਕਲਾ ਧਾਰ ਕੇ ਜੱਗ ਵਿਚ ਆਉਂਦਾ ਹੈ। ਸਿੱਖ ਪੰਥ ਵਿਚ ਗੁਰੂ ਨਾਨਕ ਤੋਂ ਗੁਰੂ ਪਰੰਪਰਾ ਚੱਲੀ ਹੈ। ਉਂਜ ਹਰ ਧਾਰਮਿਕ ਸਥਾਨ ਉਤੇ ਹਰ ਧਰਮ ਨੇ ਆਪਣੀ ਆਪਣੀ ਪੂਜਾ ਤੇ ਪ੍ਰਵਚਨ ਪੱਧਤੀ ਅਪਣਾਈ ਹੋਈ ਹੈ। ਮੰਦਰ ਹੋਵੇ, ਮਸੀਤ ਹੋਵੇ, ਮੱਠ ਹੋਵੇ ਜਾਂ ਗਿਰਜਾ, ਹਰ ਥਾਂ ਉਤੇ ਉਪਦੇਸ਼ਕ ਵਿਅਕਤੀ ਹੀ ਹੁੰਦਾ ਹੈ। ਉਸ ਨਾਲ ਹੀ ਧਰਮ ਸਥਾਨ ਦਾ ਮਹੱਤਵ ਹੈ। ਸਿੱਖ ਪੰਥ ਵਿਚ ਗੁਰਦੁਆਰੇ ਹਨ। ਸਿੱਖਾਂ ਦਾ ਇਕ ਵਰਗ ਦੇਹਧਾਰੀ ਗੁਰੂ ਦੇ ਧਾਰਨੀ ਹੋਣ ਦੀ ਥਾਂ ਗ੍ਰੰਥ ਗੁਰੂ ਦਾ ਧਾਰਨੀ ਹੈ। ਉਹ ਗੁਰਬਾਣੀ ਵਿਚ ਆਏ ਸ਼ਬਦਾਂ : ਸ਼ਬਦ ਗੁਰੂ, ਬਾਣੀ ਗੁਰੂ ਆਦਿ ਦੇ ਅਰਥ ਕਰਦਾ ਹੈ। ਇਹ ਵਰਗ ਆਪਣੀ ਮਾਨਤਾ ਤੋਂ ਅੱਗੇ ਬਾਬਿਆਂ, ਸੰਤਾਂ ਦੇ ਡੇਰਿਆਂ ਤੇ ਮੱਥੇ ਵੀ ਟੇਕਦਾ ਹੈ। ਉਹਨਾਂ ਦੇ ਕੀਰਤਨ ਪ੍ਰਵਚਨ ਨੂੰ ਮਾਨਤਾ ਦਿੰਦਾ ਹੈ। ਗੁਰਦੁਆਰਿਆਂ ਦੇ ਪ੍ਰਬੰਧ



Namdhari Elibrary NamdhariElibrary@gmail.com

ਲਈ ਕਮੇਟੀਆਂ ਹਨ। ਸਭ ਗੁਰਦੁਆਰਿਆਂ ਦੀ ਮਾਨਤਾ ਹੈ ਪਰ ਉਹਨਾਂ ਗੁਰਦੁਆਰਿਆਂ ਦੀ ਮਾਨਤਾ ਵੱਧ ਹੈ ਜਿਹੜੇ ਇਤਿਹਾਸਕ ਹਨ। ਉਹ ਇਤਿਹਾਸਕ ਏਸੇ ਕਰਕੇ ਹਨ ਕਿ ਉਥੇ ਕਿਸੇ ਦੇਹਧਾਰੀ ਗੁਰੂ ਨੇ ਚਰਨ ਪਾਏ ਹਨ, ਕੌਤਕ ਕੀਤੇ ਹਨ ਜਾਂ ਕਿਸੇ ਤੇ ਬਖਸ਼ਸ਼ ਕੀਤੀ ਹੈ। ਨਾਲੇ ਜਿਸ ਬਾਣੀ ਦੇ ਅਧਾਰ ਉਤੇ ਕੋਈ ਦੇਹਧਾਰੀ ਗੁਰੂ ਤੋਂ ਮੁਨਕਰ ਹੋਣਾ ਚਾਹੁੰਦਾ ਹੈ, ਉਸ ਬਾਣੀ ਨੂੰ ਹਰ ਗੁਰੂ ਨੇ ਆਪਣੇ ਦੇਹਧਾਰੀ ਗੁਰੂ ਦੀ ਸਿਫਤ ਸਾਲਾਹ ਵਿੱਚ ਉਚਾਰਿਆ ਹੈ। ਬਾਣੀ ਵਿਚ ਥਾਂ ਪਰ ਥਾਂ ਸਤਿਗੁਰੂ ਦੇ ਕੰਨ ਵਿਚ ਮੰਤਰ ਦੇਣ, ਚਰਨ ਪਾਉਣ, ਥਾਪੀ ਦੇਣ, ਛਾਦਨ ਭੋਜਨ ਕਰਨ, ਪਾਟ ਪਟੰਬਰ ਪਹਿਨਾਉਣ ਦਾ ਜ਼ਿਕਰ ਹੈ। ਉਹ ਸਤਿਗੁਰੂ ਸਤਿਪੁਰਖ ਨੂੰ ਜਾਨਣ ਵਾਲਾ ਹੈ ''*ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ।।* ਹੈ। ਕਈ ਵਾਰ ਆਪਣੇ ਪੱਖ ਦੀ ਪੂਰਤੀ ਲਈ ਉਸ ਗੁਰੂ ਦੀ ਬਾਣੀ ਵਿਚੋਂ ਟੂਕਾਂ ਦਿਤੀਆਂ ਜਾਂਦੀਆਂ ਹਨ ਜਿਸ ਸਮੇਂ ਅਜੇ ਬਾਣੀ ਦੀ ਬੀੜ ਹੀ ਨਹੀਂ ਸੀ ਬੱਝੀ। ਉਂਜ ਗੁਰੂ ਅਰਜਨ ਦੇਵ ਜੀ ਵਲੋਂ ਬੀੜ ਬੰਨ੍ਹਣ ਪਿਛੋਂ ਵੀ ਸਿੱਖਾਂ ਦੇ ਪੰਜ ਦੇਹਧਾਰੀ ਗੁਰੂ ਹੋਏ। ਬਾਣੀ ਰਚਣ ਦਾ ਮੰਤਵ ਸਿੱਖ ਸਿਧਾਂਤ ਦੇਣਾ ਸੀ।

ਨਾਮਧਾਰੀ ਸਿਧਾਂਤਾਂ ਦੀ ਪ੍ਰਸੰਗਿਕਤਾ ਇਹੀ ਹੈ ਕਿ ਉਹ ਜਾਗਤ ਜੋਤ ਸਤਿਗੁਰੂ ਵਿਚ ਵਿਸ਼ਵਾਸ ਰੱਖਦੇ ਹਨ। ਵਰਤਮਾਨ ਸਮੇਂ ਵਿਚ ਉਹਨਾਂ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੁਕਮ ਹੈ ਕਿ ਗੁਰਬਾਣੀ ਅਨੁਸਾਰ ਜੀਵਨ ਬਤੀਤ ਕੀਤਾ ਜਾਏ। ਸਿੱਖਾਂ ਲਈ ਇਤਿਹਾਸਕ ਥਾਵਾਂ ਦੀ ਮਹਾਨਤਾ ਹੈ ਅਤੇ ਨਾਮਧਾਰੀ ਸਿੱਖਾਂ ਲਈ ਰਾਈਆਂ, ਸ੍ਰੀ ਭੈਣੀ ਸਾਹਿਬ, ਅੰਮ੍ਰਿਤਸਰ, ਰਾਏਕੋਟ, ਮਲੇਰਕੋਟਲਾ, ਸ੍ਰੀ ਜੀਵਨ ਨਗਰ ਆਦਿ ਥਾਵਾਂ ਦਾ ਵੀ ਮੱਹਤਵ ਹੈ। ਪਰ ਉਹਨਾਂ ਲਈ ਸਭ ਤੋਂ ਵਧ ਮਹੱਤਵਪੂਰਨ ਥਾਂ ਉਹ ਹੈ ਜਿਥੇ ਸ੍ਰੀ ਸਤਿਗੁਰੂ ਜੀ ਬਿਰਾਜਮਾਨ ਹੋਣ। ਉਹਨਾਂ ਲਈ ਗੁਰੂ ਦਰਸ ਹੀ ਤੀਰਥ ਯਾਤਰਾ ਹੈ। ਰਹਿਬਰ ਦੀ ਪ੍ਰਸੰਗਿਕਤਾ ਸਦੀਵਕਾਲੀ ਹੈ। ਇਸ ਦਾ ਕੋਈ ਬਦਲ ਨਹੀਂ।

ਨਾਮਧਾਰੀ ਸਿੱਖ ਸਤਿਗੁਰੂ ਦੀ ਦੱਸੀ ਮਰਯਾਦਾ ਦੇ ਧਾਰਨੀ ਹਨ। ਇਸ ਮਰਯਾਦਾ ਦਾ ਸਾਡੇ ਆਮ ਜੀਵਨ ਵਿੱਚ ਮਹੱਤਵ ਹੈ। ਇਸ ਨੂੰ ਮੰਨ ਕੇ ਜੀਵਨ ਸੁਖੀ ਸੁਹੇਲਾ ਰਹਿੰਦਾ ਹੈ।

ਅੱਜ ਸਿੱਖ ਜਗਤ ਵਿਚ ਅੰਮ੍ਰਿਤਧਾਰੀ ਬਣਾਉਣ ਦੀ ਮੁਹਿੰਮ ਛਿੜੀ ਹੋਈ ਹੈ। ਨਾਮਧਾਰੀ ਸਿੱਖਾਂ ਨੇ ਇਸ ਮਰਯਾਦਾ ਨੂੰ ਜੀਵਨ ਦਾ ਅੰਗ ਬਣਾਇਆ ਹੋਇਆ ਹੈ। ਹਰ ਨਾਮਧਾਰੀ ਅੰਮ੍ਰਿਤਧਾਰੀ ਹੈ। ਇਹ ਅੰਮ੍ਰਿਤ ਕੇਵਲ ਪੁਰਸ਼ਾਂ ਲਈ ਹੀ ਨਹੀਂ ਇਸਤਰੀਆਂ ਲਈ ਛਕਣਾ ਵੀ ਜ਼ਰੂਰੀ ਹੈ। ਬੀਬੀਆਂ ਨੂੰ ਬਾਲ-ਬੱਚਾ ਹੋਣ ਬਾਅਦ, ਚੌਂਕੇ ਚੜ੍ਹਾਉਣ ਵੇਲੇ ਵੀ ਬੱਚੇ ਜਾਂ ਬੱਚੀ ਸਮੇਤ ਅੰਮ੍ਰਿਤ ਛਕਾਇਆ ਜਾਂਦਾ ਹੈ। ਅਨੰਦ ਕਾਰਜ ਵੇਲੇ ਵਿਆਹੁਤਾ ਜੋੜੇ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਅੰਮ੍ਰਿਤ ਛਕਣ ਵਾਲੇ ਦਾ ਪੰਜ ਕਕਾਰਾਂ ਦਾ ਧਾਰਨੀ ਹੋਣਾ ਜ਼ਰੂਰੀ ਹੈ।

ਮਰਯਾਦਾ ਨਾਮਧਾਰੀ ਸਿੱਖਾਂ ਦੀ ਸੁੱਚ ਸੋਧ ਹੈ। ਕੁਦਰਤੀ ਜਲ-ਸਰੋਤਾਂ ਤੋਂ ਪਾਣੀ ਇਕੱਠਾ ਕਰਕੇ ਸਣੇ-ਕੇਸੀਂ ਇਸ਼ਨਾਨ ਕਰਨਾ ਲੋੜੀਂਦਾ ਹੈ। ਆਪਣਾ ਪਾਣੀ ਦਾ ਗੜਵਾ ਰੱਖਣਾ ਨਾਮਧਾਰੀ ਦੀ ਪਛਾਣ ਹੈ। ਅੱਜ ਹਰ ਕੋਈ ਆਪਣੀ ਵੱਖਰੀ ਪਾਣੀ ਦੀ ਬੋਤਲ ਰੱਖਦਾ ਹੈ। ਉਸ ਦੀ ਧਾਰਨਾ ਸੁੱਚ ਸ਼ੁੱਧ ਐਕੁਆਫ੍ਰੈਸ਼ ਦਾ ਸਾਫ ਕੀਤਾ ਪਾਣੀ ਪੀਣਾ ਹੀ ਹੈ। ਉਸ ਨੂੰ ਇਸ ਦੀ ਸੁੱਚ ਤੇ ਨਾਲ ਪਵਿਤਰਤਾ ਦੀ ਸੋਝੀ ਵੀ ਆ ਜਾਏਗੀ। ਉਂਜ ਅਜੇ ਸਫਾਈ ਨੂੰ ਹੀ ਮੁੱਖ ਰੱਖਦੇ ਹਨ।



Namdhari Elibrary NamdhariElibrary@gmail.com

ਨਾਮਧਾਰੀ ਸਿੱਖਾਂ ਦੀ ਸ਼ਾਕਾਹਾਰ, ਨਸ਼ੇ-ਰਹਿਤ ਜੀਵਨ ਜਾਚ ਵੀ ਪ੍ਰਸੰਗਿਕ ਹੈ। ਉਹ ਸਮਝਦੇ ਹਨ ਕਿ ਸਾਤਵਿਕ ਜੀਵਨ ਜਿਉਣ ਵਾਲੇ ਲਈ ਤਾਮਸਿਕ ਖਾਣਾ ਠੀਕ ਨਹੀਂ, ਗਲ ਵਢ ਹੱਤਿਆ ਕਮਾਉਣਾ ਗੁਰਮਤਿ ਵਿਰੁੱਧ ਤੇ ਜੀਵ ਰੱਖਿਆ ਖ਼ਿਲਾਫ ਹੈ। ਇਹ ਅੰਦਰੋਂ ਦਇਆ ਦੀ ਭਾਵਨਾ ਖਤਮ ਕਰਦਾ ਹੈ। ਕਬੀਰ ਜੀ ਅਨੁਸਾਰ ਝਟਕਾ ਤੇ ਹਲਾਲ ਦੋਵੇਂ ਚੰਗੇ ਨਹੀਂ :

*ਉਨ ਝਟਕਾ ਉਨ ਬਿਸਮਿਲ ਕੀਆ ਦਇਆ ਦੁਹਾਂ ਤੇ ਭਾਗੀ।।*

*ਕਹਿਤ ਕਬੀਰ ਸੁਨਹੁ ਰੇ ਸਾਧੋ ਅਗ ਦੋਹਾਂ ਘਰ ਲਾਗੀ।।*

ਮਨੁਖ ਜਿਸ ਪਸ਼ੂ ਪੰਛੀ ਦਾ ਮਾਸ ਖਾਂਦਾ ਹੈ ਉਸ ਦੀਆਂ ਬਿਮਾਰੀਆਂ ਉਸ ਦੇ ਸਰੀਰ ਵਿਚ ਆ ਜਾਂਦੀਆਂ ਹਨ। ਜੀਵ ਹੱਤਿਆ ਨਾਲ ਕੁਦਰਤ ਦਾ ਤਵਾਜਨ ਵਿਗੜ ਰਿਹਾ ਹੈ। ਕਈ ਪ੍ਰਜਾਤੀਆਂ ਮੁੱਕ ਰਹੀਆਂ ਹਨ। ਹੁਣ ਸਿਹਤ ਵਿਗਿਆਨ ਦੇ ਖੋਜੀਆਂ ਨੇ ਵੀ ਸ਼ਾਕਾਹਾਰੀ ਭੋਜਨ ਨੂੰ ਮਾਸਾਹਾਰੀ ਖਾਣੇ ਨਾਲੋਂ ਚੰਗਾ, ਸਿਹਤ ਲਈ ਲਾਹੇਵੰਦ, ਸਸਤਾ ਤੇ ਰੋਗਾਂ ਦਾ ਮੁਕਾਬਲਾ ਕਰਨ ਵਾਲਾ ਦੱਸਿਆ ਹੈ। ਏਸੇ ਕਰਕੇ ਪੱਛਮੀ ਦੇਸ਼ਾਂ ਵਿਚ ਵੀ ਲੋਕ ਸ਼ਾਕਾਹਾਰ ਵੱਲ ਮੁੜ ਰਹੇ ਹਨ। ਸ਼ਾਕਾਹਾਰ ਦਾ ਮਤਲਬ ਮਾਸ, ਮੱਛੀ, ਆਂਡੇ ਤੇ ਉਹਨਾਂ ਤੋਂ ਬਣੀਆਂ ਚੀਜ਼ਾਂ ਵਲੋਂ ਤੌਬਾ ਕਰਨੀ ਹੈ।

ਨਸ਼ਿਆਂ ਨੂੰ ਕੋਈ ਧਰਮ ਮਾਨਤਾ ਨਹੀਂ ਦੇਂਦਾ ਕਿਉਂਕਿ ਇਹ ਸਰੀਰਕ ਤੇ ਮਾਨਸਿਕ ਕਮਜ਼ੋਰੀ ਪੈਦਾ ਕਰਦੇ ਹਨ। ਨਸ਼ਾ ਕੋਈ ਵੀ ਹੋਵੇ—ਅਫੀਮ, ਭੰਗ, ਪੋਸਤ, ਸ਼ਰਾਬ, ਚਰਸ, ਗਾਂਜਾ, ਹਸ਼ੀਸ਼, ਸਮੈਕ, ਬ੍ਰਾਊਨ ਸ਼ੂਗਰ ਆਦਿ-ਨੁਕਸਾਨ ਕਰਦਾ ਹੈ। ਨਸ਼ਿਆਂ ਨੇ ਆਰਥਿਕਤਾ ਤੇ ਸੱਟ ਮਾਰੀ ਹੈ। ਘਰਾਂ ਵਿਚ ਲੜਾਈ ਝਗੜੇ ਪੈਦਾ ਕੀਤੇ ਹਨ। ਉਹ ਅਮਲੀ ਤੇ ਐਬੀ ਬਣਾ ਦਿੰਦੇ ਹਨ। ਇਹਨਾਂ ਤੋਂ ਬਚਣ ਲਈ ਨਸ਼ਾ ਵਿਰੋਧੀ ਅਭਿਆਨ ਚੱਲੇ ਹੋਏ ਹਨ। ਸਰਕਾਰਾਂ ਨੇ ਮਹਿਕਮੇ ਖੋਲ੍ਹ ਰੱਖੇ ਹਨ। ਡਾਕਟਰ ਸ਼ਰਤੀਆ ਇਲਾਜ ਕਰ ਰਹੇ ਹਨ। ਇਹਨਾਂ ਤੋਂ ਛੁਟਕਾਰਾ ਪਾਉਣ ਦੀ ਪ੍ਰਸੰਗਿਕਤਾ ਹੈ।

ਨਾਮਧਾਰੀ ਸਿੱਖਾਂ ਦੀ ਸਦਾਚਾਰਕ ਕਦਰਾਂ ਕੀਮਤਾਂ ਦੀ ਵੀ ਪ੍ਰਸੰਗਿਕਤਾ ਹੈ। ਇਕ ਪਾਸੇ ਤਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਉਤਾਂਹ ਉੱਠਣ ਲਈ ਮਨੁੱਖੀ ਕਿਰਦਾਰ ਉੱਚਾ ਉੱਠਦਾ ਹੈ, ਉਸ ਦਾ ਜੀਵਨ ਸਹਿਜ ਤੇ ਸਰਲ, ਛਲ, ਕਪਟ ਰਹਿਤ ਬਣ ਜਾਂਦਾ ਹੈ। ਦੂਜੇ ਪਾਸੇ ਉਹ ਏਡਜ਼ ਵਰਗੀਆਂ ਨਾਮੁਰਾਦ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ। ਇਸ ਰੋਗ ਵਿਰੁੱਧ ਸੰਸਾਰ ਉੱਠ ਖਲੋਤਾ ਹੈ। ਉਹ ਗੈਰ-ਸਮਾਜਕ ਜਿਨਸੀ ਸੰਬੰਧਾਂ ਵਿਰੁੱਧ ਪ੍ਰਚਾਰ ਪ੍ਰਸਾਰ ਕਰ ਰਿਹਾ ਹੈ। ਉਸ ਨੂੰ ਡਰ ਹੈ ਨਹੀਂ ਤਾਂ ਏਡਜ਼ ਦਾ ਮਗਰਮੱਛ ਮਨੁੱਖ ਨੂੰ ਨਿਗਲ ਜਾਏਗਾ।

ਨਾਮਧਾਰੀ ਸਿੱਖ ਔਰਤ ਦੇ ਆਦਰ, ਉਸਦੀ ਪੜ੍ਹਾਈ, ਉਸਨੂੰ ਦਾਜ ਦੇ ਜੂਲੇ ਹੇਠੋਂ ਕੱਢਣ ਤੇ ਉਸ ਨੂੰ ਜੰਮਦਿਆਂ ਨਾ ਮਾਰਨ ਦੇ ਅਸੂਲਾਂ ਨੂੰ ਪੱਲੇ ਬੰਨ੍ਹੀ ਬੈਠਾ ਹੈ। ਇਹ ਤਾਂ ਹੁਣ ਸਮੇਂ ਦੀ ਲੋੜ ਬਣ ਗਈ ਹੈ। ਅਜ ਜੰਮਦਿਆਂ ਹੀ ਨਹੀਂ, ਕੁੜੀ ਨੂੰ ਜੰਮਣ ਤੋਂ ਪਹਿਲਾਂ ਮਾਰ ਦਿੱਤਾ ਜਾਂਦਾ ਹੈ, ਭਰੂਣ ਹੱਤਿਆ ਕਰਕੇ। ਇਸ ਨਾਲ ਇਸਤਰੀ ਪੁਰਸ਼ ਦਾ ਅਨੁਪਾਤ ਗੈਰ-ਕੁਦਰਤੀ ਹੋ ਗਿਆ ਹੈ। ਸੋ ਇਸਨੂੰ ਬੰਦ ਕਰਨ ਲਈ ਕਾਨੂੰਨ ਬਣਾਏ ਜਾ ਰਹੇ ਹਨ। ਸਮਾਜਕ ਚੇਤਨਤਾ ਪੈਦਾ ਕੀਤੀ ਜਾ ਰਹੀ ਹੈ। ਇੰਜ ਨਾਮਧਾਰੀ ਸਿਧਾਂਤ ਲੋਕ ਲਹਿਰ ਬਣ ਰਹੇ ਹਨ।



Namdhari Elibrary NamdhariElibrary@gmail.com

ਅੱਜ ਜਦੋਂ ਕਿ ਪਰਵਾਰ ਟੁੱਟ ਰਹੇ ਹਨ, ਨਾਮਧਾਰੀ ਸਿੱਖਾਂ ਨੂੰ ਸਾਂਝ ਦੀਆਂ ਤੰਦਾਂ ਜੋੜ ਕੇ ਰੱਖ ਰਹੀਆਂ ਹਨ। ਉਹਨਾਂ ਵਿਚ ਬਜ਼ੁਰਗਾਂ ਦਾ ਆਦਰ ਤੇ ਉਹਨਾਂ ਦੀ ਸੇਵਾ ਸੰਭਾਲ ਹੈ। ਉਹ ਦੂਰ ਦੇਸ-ਪ੍ਰਦੇਸ ਬੈਠੇ ਵੀ ਆਪਣੇ ਮੁੱਢ ਮੂਲ, ਆਪਣੀ ਪਰੰਪਰਾ, ਆਪਣੀ ਮਾਣ-ਮਰਯਾਦਾ ਨਾਲ ਜੁੜੇ ਹੋਏ ਹਨ। ਉਹਨਾਂ ਨੂੰ ਇਕ ਸੂਤਰ ਵਿਚ ਬੰਨ੍ਹਣ ਵਾਲੇ ਉਹਨਾਂ ਦੇ ਸਤਿਗੁਰੂ ਜੀ ਹਨ। ਉਹ ਉਹਨਾਂ ਦੇ ਅਧਿਆਤਮਕ ਰਹਿਬਰ, ਸਮਾਜਕ ਰਹਿਨੁਮਾ ਤੇ ਸਦਾਚਾਰਕ ਕਦਰਾਂ ਕੀਮਤਾਂ ਦੇ ਪੱਥ ਪ੍ਰਦਰਸ਼ਕ ਹਨ। ਉਹਨਾਂ ਦੀ ਕਥਨੀ ਤੇ ਕਰਨੀ ਸਭ ਦਾ ਰਾਹ ਰੁਸ਼ਨਾਉਂਦੀ ਹੈ।

ਨਾਮਧਾਰੀ ਬਾਣੇ ਦੀ ਪ੍ਰਸੰਗਿਕਤਾ ਉਹਨਾਂ ਦੀ ਨਿਜੀ ਪਛਾਣ ਵਿਚ ਹੈ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ :


*ਸੁਕਲ ਬਸਨ ਮਾਲਾ ਸੂਧੀ ਦਸਤਾਰ ਦਾਢੀ,*
*ਕਰਿ ਹੈਂ ਹਮਨ ਪਾਠ ਗ੍ਰੰਥ ਗੁਰੂ ਜੂ ਕੇ ਹੈਂ।*
*ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭਿ,*
*ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।—ਸ੍ਰੀ ਗੁਰੂ ਪੰਥ ਪ੍ਰਕਾਸ਼*

ਇਹਨਾਂ ਦੇ ਸਫੈਦ ਬਸਤਰ, ਸਿੰਘਾਂ ਦੇ ਸੀਸ ਉਤੇ ਸਿੱਧੀ ਦਸਤਾਰ, ਸਤਿਜੁਗੀ ਸਰੂਪ, ਹੰਸ ਬਾਣੇ ਦਾ ਪ੍ਰਤੀਕ ਹੈ। ਇਹ ਬਾਣਾ ਛਲ, ਕਪਟ, ਝੂਠ ਫਰੇਬ ਰਹਿਤ, ਉੱਚਾ ਸੁੱਚਾ ਜੀਵਨ ਜਿਉਣ ਵਾਲੇ ਭਜਨ ਬੰਦਗੀ ਕਰਨ ਵਾਲਿਆਂ ਦੀ ਪਛਾਣ ਹੈ। ਜੇ ਕਿਸੇ ਤੋਂ ਕੁਤਾਹੀ ਹੋਣ ਲੱਗੇ ਤਾਂ ਇਹ ਸਾਵਧਾਨ ਕਰਦਾ ਹੈ ਕਿ ਬਾਣੇ ਨੂੰ ਲਾਜ ਨਾ ਲੱਗੇ। ਬੇਦਾਗ ਜੀਵਨ ਬਤੀਤ ਕਰਨ ਲਈ ਸੰਭਲ ਕੇ ਵਿਚਰਿਆ ਜਾਵੇ। ਨਾਮਧਾਰੀ ਸਿੱਖਾਂ ਦੇ ਹਿਰਦੇ ਵਿਚ ਪਿਆਰ ਹੈ। ਘਰ ਪਰਵਾਰ, ਦੇਸ਼-ਕੌਮ, ਮਨੁੱਖਤਾ, ਜੀਵ-ਜੰਤੂਆਂ ਤੇ ਬਨਸਪਤੀ ਲਈ ਪਿਆਰ। ਇਸ ਨਾਲ ਵਿਸ਼ਵ ਚੇਤਨਾ ਪੈਦਾ ਹੋ ਰਹੀ ਹੈ। ਅਮਨ, ਸਾਂਝ, ਸਾਥ, ਨਿਘ ਨੇੜ ਦੀ ਚੇਤਨਾ, ਇਹ ਚੇਤਨਾ ਜੀਓ ਤੇ ਜੀਣ ਦਿਓ ਦਾ ਰਾਹ ਰੁਸ਼ਨਾਉਂਦੀ ਹੈ। ਵਿਸ਼ਵ ਅਮਨ ਪੈਦਾ ਕਰਨ ਲਈ ਸਿਖਰ ਸੰਮੇਲਨਾਂ ਲਈ ਪ੍ਰੇਰਦੀ ਹੈ ਤੇ ਸਰਗਰਮ ਕਰਦੀ ਹੈ। ਇਸ ਨਾਲ ਉਗਰਵਾਦ ਨੂੰ ਵਿਸ਼ਵ ਪੱਧਰ ਤੇ ਠੱਲ੍ਹ ਪੈਣ ਦੀ ਸੰਭਾਵਨਾ ਵਧਦੀ ਹੈ। ਆਤੰਕਵਾਦੀ ਹੱਥ, ਮਿਹਨਤਕਸ਼ ਹੱਥ ਬਣਨ ਦਾ ਚਾਰਾ ਕਰਨ ਲਗਦੇ ਹਨ। ਭਾਈਚਾਰਕ ਸੰਬੰਧ ਵਿਗਸਦੇ ਹਨ। ਸਾਰੀ ਦੁਨੀਆਂ ਆਪਣੀ ਆਪਣੀ ਲੱਗਦੀ ਹੈ। ਮਨੁੱਖ ਅੰਦਰ ਨਕਾਰਾਤਮਕ ਬਿਰਤੀਆਂ ਦੇ ਖਾਤਮੇ ਤੇ ਸਕਾਰਾਤਮਕ ਬਿਰਤੀਆਂ ਦੇ ਪਸਾਰੇ ਲਈ ਨਾਮਧਾਰੀ ਸਿਧਾਂਤਾਂ ਦੀ ਪ੍ਰਸੰਗਿਕਤਾ ਹੈ ਕਿਉਂਕਿ ਇਸ ਨਾਲ ਵੈਰ ਵਿਰੋਧ ਘਟਦਾ ਹੈ। ਈਰਖਾ ਨੂੰ ਤਲਾਂਜਲੀ ਮਿਲਦੀ ਹੈ। ਮਾਯੂਸੀ, ਉਪਰਾਮਤਾ ਤੇ ਢਹਿੰਦੀ ਕਲਾ ਵਲ ਜਾਣ ਦਾ ਰਾਹ ਬੰਦ ਹੁੰਦਾ ਹੈ। ਅਮੀਰੀ ਵਧਦੀ ਹੈ। ਉਹ ਅਮੀਰੀ ਆਰਥਿਕ ਤੇ ਪਦਾਰਥਕ ਵੀ ਹੈ ਕਿਉਂਕਿ ਵੈਲਾਂ ਐਬਾਂ ਵਿੱਚ ਵਾਧੂ ਖਰਚ ਹੀ ਨਹੀਂ ਹੁੰਦਾ। ਉਹ ਆਤਮਕ ਵੀ ਹੈ ਕਿਉਂਕਿ ਆਤਮਾ ਸ਼ੁੱਧ ਹੋ ਜਾਂਦੀ ਹੈ ਨਾਮ ਜਪ ਕੇ, ਮਨ ਅੰਦਰ ਭਜਨ ਬੰਦਗੀ, ਸੇਵਾ ਸਹਾਇਤਾ ਪ੍ਰਤੀ ਰੁਚੀ ਵਧਦੀ ਹੈ। ਇਸ ਨਾਲ ਸਮੁੱਚਾ ਸਿੱਖ ਪੰਥ ਹੀ ਨਹੀਂ ਸੰਸਾਰ ਵੀ ਲਾਹਾ ਲੈ ਸਕਦਾ ਹੈ।



Namdhari Elibrary NamdhariElibrary@gmail.com

Namdhari Elibrary NamdhariElibrary@gmail.com



ਭਾਰਤ ਵਿੱਚੋਂ ਬਰਤਾਨਵੀ ਰਾਜ ਦੀਆਂ ਜੜ੍ਹਾਂ ਉਖਾੜਨ
ਲਈ ੧੮੫੭ ਈ. ਵਿੱਚ ਸ੍ਰੀ ਭੈਣੀ ਸਾਹਿਬ (ਪੰਜਾਬ) ਤੋਂ
ਝੁਲਾਇਆ ਗਿਆ ਸੁਤੰਤਰਤਾ ਸੰਗਰਾਮ ਦਾ ਪ੍ਰਤੀਕ ਝੰਡਾ ।

Namdhari Elibrary NamdhariElibrary@gmail.com